
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ
ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938

ਹਫਤਾਵਾਰੀ

# ਦੇਸ਼ ਦੁਆਬਾ

VOL - 8 ISSUE - 18
August 14, 2019
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ

# ਪੰਜਾਬ ਬੰਦ ਨੂੰ ਭਰਵਾਂ ਹੁੰਗਾਰਾ ਮਿਲਿਆ

## ਥਾਂ-ਥਾਂ ਜਾਮ, ਮੁਕੇਰੀਆਂ 'ਚ ਫਾਇਰਿੰਗ, ਨਵਾਂ ਸ਼ਹਿਰ 'ਚ ਵੀ ਝੜਪਾਂ, ਬਟਾਲਾ 'ਚ ਰੋਕੀ ਟਰੇਨ






**ਜਲੰਧਰ (ਬਿਊਰੋ)–** ਸੁਪਰੀਮ ਕੋਰਟ ਦੇ ਆਦੇਸ਼ 'ਤੇ ਦੱਖਣੀ ਦਿੱਲੀ 'ਚ ਸ੍ਰੀ ਗੁਰੂ ਰਵਿਦਾਸ ਜੀ ਦਾ ਮੰਦਰ ਢਾਹੁਣ ਦੇ ਵਿਰੋਧ 'ਚ ਰਵਿਦਾਸ ਸਮਾਜ ਨੇ ਪੰਜਾਬ ਬੰਦ ਦੇ ਸੱਦੇ ਨੂੰ ਭਰਵਾਂ ਹੁੰਗਾਰਾ ਮਿਲਿਆ। ਇਸ ਬੰਦ ਦੌਰਾਨ ਪ੍ਰਦਰਸ਼ਨ 'ਚ ਗੜਬੜ ਦਾ ਸ਼ੰਕਾ ਦਰਸਾਇਆ ਗਿਆ ਸੀ। ਇਸ ਕਾਰਨ ਪੰਜਾਬ ਸਰਕਾਰ ਨੇ ਸੂਬੇ 'ਚ ਹਾਈ ਅਲਰਟ ਜਾਰੀ ਕੀਤਾ। ਪੂਰੇ ਸੂਬੇ 'ਚ ਸੁਰੱਖਿਆ ਦੇ ਬੇਹੱਦ ਸਖਤ ਪ੍ਰਬੰਧ ਕੀਤੇ ਗਏ। ਪੰਜ ਜ਼ਿਲ੍ਹਿਆਂ 'ਚ ਸਕੂਲਾਂ ਨੂੰ ਬੰਦ ਰੱਖਿਆ ਗਿਆ। ਸੂਬੇ 'ਚ ਪੰਜ ਹਜ਼ਾਰ ਵਾਧੂ ਪੁਲਿਸ ਮੁਲਾਜ਼ਮ ਤਾਇਨਾਤ ਕੀਤੇ ਗਏ। ਸੂਬੇ 'ਚ ਜ਼ਿਆਦਾਤਰ ਥਾਵਾਂ 'ਤੇ ਸਵੇਰ ਤੋਂ ਬਾਜ਼ਾਰ ਬੰਦ ਸਨ। ਪਠਾਨਕੋਟ ਸਮੇਤ ਕਈ ਥਾਵਾਂ 'ਤੇ ਰਵਿਦਾਸੀਆ ਭਾਈਚਾਰੇ ਦੇ ਲੋਕਾਂ ਨੇ ਜ਼ੋਰਦਾਰ ਪ੍ਰਦਰਸ਼ਨ ਕੀਤੇ।

ਜਲੰਧਰ 'ਚ ਪਠਾਨਕੋਟ ਹਾਈਵੇਅ 'ਤੇ ਰਵਿਦਾਸੀਆ ਭਾਈਚਾਰੇ ਦੇ ਲੋਕਾਂ ਨੇ ਪ੍ਰਦਰਸ਼ਨ ਕੀਤੇ। ਲੋਕਾਂ ਨੇ ਬਸਤੀ ਜੋਧੇਵਾਲ, ਜਲੰਧਰ ਬਾਈਪਾਸ ਸਮੇਤ ਵੱਖਵੱਖ ਥਾਵਾਂ 'ਤੇ ਆਵਾਜਾਈ ਰੋਕੀ। ਫਗਵਾੜਾ 'ਚ ਵੀ ਹਜ਼ਾਰਾਂ ਦੀ ਗਿਣਤੀ 'ਚ ਲੋਕ ਪ੍ਰਦਰਸ਼ਨ ਵਿਚ ਸ਼ਾਮਿਲ ਹੋਏ। ਸ਼ਹਿਰ ਦੀ ਸ਼ੁਮਾਰ ਮਿੱਲ ਚੌਕ 'ਤੇ ਰਵਿਦਾਸੀਆ ਭਾਈਚਾਰੇ ਦੇ ਲੋਕ ਧਰਨੇ 'ਤੇ ਬੈਠੇ। ਇਸ ਨਾਲ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਗਈ। ਫਰੀਦਕੋਟ, ਮੋਗਾ, ਬਟਾਲਾ, ਪਠਾਨਕੋਟ, ਅੰਮ੍ਰਿਤਸਰ, ਕਪੂਰਥਲਾ 'ਚ ਵੀ

**(ਬਾਕੀ ਸਫਾ 3 'ਤੇ)**



ਸ਼੍ਰੀ ਗੁਰੂ ਰਵਿਦਾਸ ਟੈਪਲ, ਰਿਓ ਲਿੰਡਾ, ਦੀ ਪ੍ਰਬੰਧਕ ਕਮੇਟੀ ਵਲੋਂ ਤੁਗਲਕਾਬਾਦ (ਦਿੱਲੀ) ਸਥਿਤ ਇਤਿਹਾਸਕ ਮੰਦਰ ਤੋੜੇ ਜਾਣ ਤੇ ਸਖ਼ਤ ਰੋਸ ਪ੍ਰਗਟ ਕੀਤਾ ਗਿਆ।
**(ਰਿਪੋਰਟ ਦੇਖੋ ਸਫਾ 9 'ਤੇ)**





All pictures credit: Prem K. Chumber Ambedkar Times
Read more www.ambedkartimes.com

ਸੁਪਰੀਮ ਕੌਂਸਲ ਸ੍ਰੀ ਗੁਰੂ ਰਵਿਦਾਸ ਸਭਾ ਯੂ. ਐਸ. ਏ. ਅਤੇ ਹੋਰ ਸ੍ਰੀ ਗੁਰੂ ਰਵਿਦਾਸ ਸਭਾਵਾਂ ਅਤੇ ਡਾ. ਅੰਬੇਡਕਰ ਸਭਾਵਾਂ, ਦੇ ਸਭਾਵਾਂ ਦੇ ਨੁਮਾਇੰਦੇ ਨਵੀਂ ਦਿੱਲੀ ਸਥਿਤ ਇਤਿਹਾਸਕ ਮੰਦਰ ਸ੍ਰੀ ਗੁਰੂ ਰਵਿਦਾਸ ਟੈਂਪਲ ਤੁਗਲਕਾਬਾਦ ਨੂੰ ਢਾਹੇ ਜਾਣ ਪ੍ਰਤੀ ਰੋਸ ਪ੍ਰਗਟ ਕਰਦਿਆਂ ਕੌਂਸਲ ਜਨਰਲ ਆਫਿਸ, ਸੈਨਫਰਾਂਸਿਸਕੋ (ਕੈਲੇਫੋਰਨੀਆ) ਦੇ ਅਧਿਕਾਰੀ ਨੂੰ ਮੈਮੋਰੰਡਮ ਦਿੰਦੇ ਹੋਏ।
**(ਵਿਸਥਾਰਿਤ ਰਿਪੋਰਟ ਅਤੇ ਤਸਵੀਰਾਂ ਦੇਖੋ ਸਫਾ 12, 13 'ਤੇ)**

# ਸਰਕਾਰੀ ਸਹੂਲਤਾਂ ਲੈਂਦੇ ਪਰਵਾਸੀਆਂ ਨੂੰ ਨਹੀ ਮਿਲੇਗਾ ਅਮਰੀਕੀ ਗਰੀਨ ਕਾਰਡ



**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਵਿੱਚ ਵਸਦੇ ਕਾਨੂੰਨੀ ਪਰਵਾਸੀਆਂ ਦਾ ਨਾਗਰਿਕ ਬਣਨਾ ਵਧੇਰੇ ਮੁਸ਼ਕਿਲ ਕਰਦਿਆਂ ਟਰੰਪ ਪ੍ਰਸ਼ਾਸਨ ਨੇ ਕਿਹਾ ਕਿ ਫੂਡ ਸਟੈਂਪ ਜਾਂ ਰਿਹਾਇਸ਼ੀ ਮਦਦ ਜਿਹੀਆਂ ਸਹੂਲਤਾਂ ਲੈ ਰਹੇ ਲੋਕਾਂ ਨੂੰ ਗਰੀਨ ਕਾਰਡ ਦੇਣ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਹੋਮਲੈਂਡ ਸੁਰੱਖਿਆ ਵਿਭਾਗ ਵਲੋਂ ਜਾਰੀ ਕੀਤੇ ਗਏ ਨਵੇਂ ਕਾਨੂੰਨ ਅਨੁਸਾਰ ਅਜਿਹੇ ਲੋਕਾਂ ਨੂੰ ਗਰੀਨ ਕਾਰਡ ਦੇਣ ਤੋਂ ਇਨਕਾਰ ਕੀਤਾ ਜਾਵੇਗਾ, ਜੋ ਕੌਂਸਲਰ ਅਧਿਕਾਰੀ ਨੂੰ ਇਹ ਭਰੋਸਾ ਦਿਵਾਉਣ ਵਿੱਚ ਨਾਕਾਮ ਰਹਿਣਗੇ ਕਿ ਉਹ ਅਮਰੀਕਾ ਸਰਕਾਰ ਵਲੋਂ ਆਪਣੇ ਨਾਗਰਿਕਾਂ ਨੂੰ ਦਿੱਤੀਆਂ ਜਾਂਦੀਆਂ ਸਹੂਲਤਾਂ ਦੀ ਕਦੇ ਵੀ ਵਰਤੋਂ ਨਹੀਂ ਕਰਨਗੇ। ਵ੍ਹਾਈਟ ਹਾਊਸ ਮੁਤਾਬਕ ਇਹ ਯਕੀਨੀ ਬਣਾਇਆ ਜਾਵੇਗਾ ਕਿ ਜੇਕਰ ਕੋਈ ਬਾਹਰੀ ਵਿਅਕਤੀ ਅਮਰੀਕਾ ਵਿੱਚ ਦਾਖ਼ਲ ਹੋਣਾ ਚਾਹੁੰਦਾ ਹੈ ਤਾਂ ਉਹ ਆਪਣੀ ਮਾਲੀ ਮਦਦ ਆਪ ਕਰਨ ਦੇ ਸਮਰੱਥ ਅਤੇ ਜਨਤਕ ਸਹੂਲਤਾਂ 'ਤੇ ਨਿਰਭਰ ਨਾ ਹੋਵੇ। ਅਮਰੀਕਾ 'ਚ ਖ਼ੁਰਾਕ, ਰਿਹਾਇਸ਼, ਮੈਡੀਕਲ ਤੇ ਲੋਕ ਕਲਿਆਣ ਦੀਆਂ ਕਈ ਸਰਕਾਰੀ ਯੋਜਨਾਵਾਂ ਦਾ ਲਾਭ ਉੱਥੋਂ ਦੇ ਨਿਵਾਸੀਆਂ ਨੂੰ ਮਿਲਦਾ ਹੈ। ਇਸ ਕਾਰਨ ਉੱਥੇ ਜਾਣ ਵਾਲੇ ਵਿਦੇਸ਼ੀਆਂ ਤੇ ਨਿਵਾਸ ਦੀ ਸਥਾਈ ਇਜਾਜ਼ਤ ਪ੍ਰਾਪਤ ਵਿਦੇਸ਼ੀ ਮੂਲ ਦੇ ਲੋਕਾਂ ਨੂੰ ਵੀ ਇਹ ਸਹੂਲਤਾਂ ਮਿਲਦੀਆਂ ਹਨ। ਪਰ ਹੁਣ ਪ੍ਰਸ਼ਾਸਨ ਵੀਜ਼ਾ ਦੇਣ ਤੋਂ ਪਹਿਲਾਂ ਜਾਂਚ ਲਵੇਗਾ ਕਿ ਅਮਰੀਕਾ ਆਉਣ ਵਾਲਾ ਸ਼ਖ਼ਸ ਆਪਣੀਆਂ ਜ਼ਿੰਮੇਵਾਰੀਆਂ ਖ਼ੁਦ ਉਠਾਉਣ 'ਚ ਸਮਰੱਥ ਹੈ ਜਾਂ ਨਹੀਂ। ਉਹ ਅਮਰੀਕਾ ਆ ਕੇ ਕਿਤੇ ਇੱਥੋਂ ਦੀਆਂ ਨਾਗਰਿਕ ਸਹੂਲਤਾਂ 'ਤੇ ਬੋਝ ਤਾਂ ਨਹੀਂ ਬਣ ਜਾਵੇਗਾ। ਸਰਕਾਰੀ ਸਹੂਲਤਾਂ ਦਾ ਫਾਇਦਾ ਤਾਂ ਨਹੀਂ ਚੁੱਕਣ ਲੱਗੇਗਾ। ਫੈਡਰਲ ਰਜਿਸਟਰਾਰ ਨੇ ਇਸ ਬਾਰੇ ਨੋਟਿਸ ਜਾਰੀ ਕਰ ਦਿੱਤਾ ਹੈ। ਅਮਰੀਕਾ ਦੀ ਨਾਗਰਿਕ ਤੇ ਇਮੀਗ੍ਰੇਸ਼ਨ ਸੇਵਾ ਦੇ ਕਾਰਜਕਾਰੀ ਨਿਰਦੇਸ਼ਕ ਕੇਨ ਕੁਸੀਨੇਲੀ ਮੁਤਾਬਕ ਸਵੈ ਨਿਰਭਰ ਹੋਣਾ ਅਮਰੀਕਾ ਦੀ ਪੁਰਾਣੀ ਪਰੰਪਰਾ ਹੈ।


MANDEEP SANDHU
SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
All Kinds of Immigration Forms/Petitions/Visa
ਵੀਜ਼ਾ
WE OPEN 7-DAYS A WEEK
Note: I am not an Immigration Attorney.
msandhu2014@gmail.com
(209-373-3562)
3222 PENELOPE DR. STOCKTON, CA- 95212
(NEAR HWY 99 ON MORADA LANE)

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।

6930 65TH STREET # 115 SACRAMENTO CA 95823
Sandeep Jony Bagga


RAMESH SUMAN
Broker Realtor
RCS-D ™
MAJESTIC HOMES
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com

39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

Amrik Chand (CPA)
Phone : 510-490-8200
Fax : 510-490-8202
Email : achand@pacbell.net

Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


Raja
SWEETS & CATERING
AUTHORIZED CATERER FOR MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on facebook rajasweetsandcatering
Follow us on Twitter rajasweets


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੰਗੜ
Super Eyebrow Threading Now Open
Eyebrow Threading & Henna Tattoo
7 times, Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell : 916-798-8142
Email: IndiaMarketRoseville@gmail.com


Kash FABRICS
ਪੰਜਾਬੀ ਫੈਸ਼ਨ ਦਾ ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਥ ਵੀਥ ਡੀਥ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138


INDIA BAZAAR
Jai Ram Gaught
Harjit Gaught (Happy)
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
WE ACCEPT FOOD STAMPS
CALL TO HAPPY
Cell: (209)-487-2127
Ph: (209) 478-0285
Fax: (209) 477-3206
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304-E HAMMER LANE, SUITE 12, STOCKTON CA, 95210
EMAIL: indiabazaar08@yahoo.com

# ਪੰਜਾਬ ਬੰਦ ਨੂੰ ਭਰਵਾਂ ਹੁੰਗਾਰਾ ਮਿਲਿਆ, ਥਾਂ-ਥਾਂ ਜਾਮ

(ਸਫਾ 1 ਦੀ ਬਾਕੀ)

ਵਿਆਪਕ ਅਸਰ ਹੋਇਆ ਤੇ ਬਾਜ਼ਾਰ ਬੰਦ ਸਨ। ਲੋਕ ਸੜਕਾਂ 'ਤੇ ਪ੍ਰਦਰਸ਼ਨ ਕਰ ਰਹੇ ਸਨ ਤੇ ਬੱਸਾਂ ਨਾ ਚੱਲਣ ਕਾਰਨ ਯਾਤਰੀਆਂ ਨੂੰ ਪਰੇਸ਼ਾਨੀ ਹੋਈ। ਨਵਾਂ ਸ਼ਹਿਰ 'ਚ ਵੀ ਪ੍ਰਦਰਸ਼ਨਕਾਰੀਆਂ ਵੱਲੋਂ ਦੁਕਾਨਾਂ ਬੰਦ ਕਰਵਾਉਣ ਦੀ ਕੋਸ਼ਿਸ਼ ਕਾਰਨ ਵਿਵਾਦ ਹੋ ਗਿਆ। ਦੁਕਾਨਦਾਰਾਂ ਤੇ ਪ੍ਰਦਰਸ਼ਨਕਾਰੀਆਂ 'ਚ ਝਗੜਾ ਹੋ ਗਿਆ, ਪਰ ਪੁਲਿਸ ਨੇ ਆ ਕੇ ਮਾਹੌਲ ਨੂੰ ਸੰਭ-ਾਲਿਆ। ਪੁਲਿਸ ਅਧਿਕਾਰੀਆਂ ਨੇ ਦੋਵਾਂ ਧੜਿਆਂ ਨੂੰ ਸ਼ਾਂਤ ਕੀਤਾ। ਜਲੰਧਰ, ਲੁਧਿਆਣਾ, ਹੁਸ਼ਿਆਰਪੁਰ, ਗੁਰਦਾਸਪੁਰ ਤੇ ਕਪੂਰਥਲਾ 'ਚ ਸਰਕਾਰੀ ਤੇ ਪ੍ਰਾਈਵੇਟ ਸਕੂਲ ਬੰਦ ਰਹੇ।

ਹਾਲਾਂਕਿ ਪੰਜਾਬ ਰੋਡਵੇਜ਼ ਦੇ ਜਨਰਲ ਮੈਨੇਜਰ ਪਰਨੀਤ ਸਿੰਘ ਮਿਨਹਾਸ ਨੇ ਕਿਹਾ ਕਿ ਪੰਜਾਬ ਰੋਡਵੇਜ਼ ਹੈਡਕੁਆਰਟਰ ਨੇ ਬੱਸਾਂ ਬੰਦ ਰੱਖਣ ਸਬੰਧੀ ਕੋਈ ਆਦੇਸ਼ ਜਾਰੀ ਨਹੀਂ ਕੀਤਾ ਗਿਆ। ਇਸ ਦੌਰਾਨ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਡੇਰਾ ਸੱਚਖੰਡ ਬੱਲਾਂ 'ਚ ਗੱਦੀਨਸ਼ੀਨ ਸ੍ਰੀ 108 ਸੰਤ ਨਿਰੰਜਨ ਦਾਸ ਜੀ ਨਾਲ ਮੁਲਾਕਾਤ ਕਰ ਉਨ੍ਹਾਂ ਦਾ ਆਸ਼ਿਰਵਾਦ ਲਿਆ। ਉਨ੍ਹਾਂ ਨੇ ਵੀ ਲੋਕਾਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ। ਕਾਂਗਰਸ ਦੇ ਸੂਬਾ ਪ੍ਰਧਾਨ ਤੋਂ ਅਸਤੀਫ਼ਾ ਦੇ ਚੁੱਕੇ ਸਾਬਕਾ ਸੰਸਦ ਮੈਂਬਰ ਸੁਨੀਲ ਜਾਖੜ ਨੇ ਪ੍ਰਦਰਸ਼ਨ ਦੌਰਾਨ ਆਮ ਲੋਕਾਂ ਨੂੰ ਕੋਈ ਪਰੇਸ਼ਾਨੀ ਨਾ ਹੋਣ ਨੂੰ ਯਕੀਨੀ ਬਣਾਉਣ ਦੀ ਅਪੀਲ ਕੀਤੀ। ਜਾਖੜ ਨੇ ਕਿਹਾ ਕਾਂਗਰਸ ਰਵਿਦਾਸ ਸਮਾਜ ਨਾਲ ਖੜ੍ਹੀ ਹੈ ਤੇ ਸੁਪਰੀਮ ਕੋਰਟ ਦੇ ਆਦੇਸ਼ 'ਚ ਢਾਹੇ ਗਏ ਮੰਦਰ ਲਈ ਉਸ ਇਤਿਹਾਸਕ ਸਥਾਨ ਨੂੰ ਦੁਬਾਰਾ ਮੰਦਰ ਬਣਾਉਣ ਲਈ ਹਰ ਸੰਭਵ ਸਹਿਯੋਗ ਦੇਵੇਗੀ। ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਇਹ ਇਸ ਮੁੱਦੇ 'ਤੇ ਕੇਂਦਰ ਸਰਕਾਰ ਨਾਲ ਗੱਲ ਕਰਨਗੇ। ਸਾਬਕਾ ਸੀਐੱਮ ਪ੍ਰਕਾਸ਼ ਸਿੰਘ ਬਾਦਲ ਨੇ ਵੀ ਮੰਦਰ ਢਾਹੁਣ ਦੀ ਘਟਨਾ ਨੂੰ ਗ਼ਲਤ ਦੱਸਿਆ ਹੈ। ਉੱਥੇ ਹੀ ਕੇਂਦਰ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਕਿਹਾ ਹੈ ਕਿ ਉਹ ਮੰਦਰ ਲਈ ਦੁਬਾਰਾ ਜ਼ਮੀਨ ਅਲਾਟ ਕਰਵਾਉਣ ਦੀ ਕੋਸ਼ਿਸ਼ ਕਰਨਗੇ। ਦੂਸਰੇ ਪਾਸੇ ਪੰਜਾਬ ਪੁਲਿਸ ਨੇ ਬੰਦ ਦੌਰਾਨ ਅੱਤਵਾਦੀ ਹਮਲੇ ਦਾ ਖ਼ਦਸ਼ੇ ਦੇ ਮੱਦੇਨਜ਼ਰ ਸੂਬੇ 'ਚ ਹਾਈ ਅਲਰਟ ਜਾਰੀ ਕੀਤਾ ਗਿਆ। ਸਾਰੀਆਂ ਬਟਾਲੀਅਨਾਂ ਦੇ ਜਵਾਨਾਂ ਨੂੰ ਸੱਦ ਕੇ ਵੱਖ-ਵੱਖ ਜ਼ਿਲ੍ਹਿਆਂ 'ਚ ਤਾਇਨਾਤ ਕੀਤਾ ਗਿਆ। ਡੀਜੀਪੀ ਦਿਨਕਰ ਗੁਪਤਾ ਨੇ ਦੱਸਿਆ ਕਿ ਪੰਜ ਹਜ਼ਾਰ ਜਵਾਨਾਂ ਨੂੰ ਜ਼ਿਲ੍ਹੇ 'ਚ ਤਾਇਨਾਤ ਕੀਤਾ ਗਿਆ ਸੀ।





















# ਦਿੱਲੀ ਵਿਖੇ ਗੁਰੂ ਰਵਿਦਾਸ ਮੰਦਰ ਢਾਹੁਣ ਤੇ ਐੱਸ.ਸੀ.ਬੀ.ਸੀ. ਫੈੱਡਰੇਸ਼ਨ ਨੇ ਕੀਤਾ ਜ਼ਬਰਦਸਤ ਰੋਸ ਪ੍ਰਦਰਸ਼ਨ




**ਹੁਸ਼ਿਆਰਪੁਰ-** ਗਜ਼ਟਿਡ ਅਤੇ ਨਾਨ ਗਜ਼ਟਿਡ ਐੱਸ.ਸੀ.ਬੀ.ਸੀ. ਇੰਪਲਾਈਜ਼ ਵੈੱਲਫੇਅਰ ਫੈੱਡਰੇਸ਼ਨ ਪੰਜਾਬ ਦੀ ਤਹਿਸੀਲ ਇਕਾਈ ਹੁਸ਼ਿਆਰਪੁਰ ਵਲੋਂ ਡਾ. ਜਸਵੰਤ ਰਾਏ, ਜਰਨੈਲ ਸਿੰਘ ਸੀਕਰੀ ਅਤੇ ਯੋਧਾ ਮੱਲ ਦੀ ਅਗਵਾਈ ਵਿਚ ਗਰੀਨ ਪਾਰਕ ਹੁਸ਼ਿਆਰਪੁਰ ਵਿਚ ਇੱਕ ਤਕੜਾ ਇਕੱਠ ਕੀਤਾ ਗਿਆ ਜਿਸ ਵਿਚ ਸੂਬਾ ਪ੍ਰਧਾਨ ਸ਼੍ਰੀ ਬਲਰਾਜ ਕੁਮਾਰ ਉਚੇਚੇ ਤੌਰ ਤੇ ਪਹੁੰਚੇ।ਚੇਅਰਮੈਨ ਸ. ਜਸਬੀਰ ਪਾਲ ਦੀਆਂ ਦਿਸ਼ਾ ਨਿਰਦੇਸ਼ਾਂ ਅਨੁਸਾਰ ਵੱਖ ਵੱਖ ਬੁਲਾਰਿਆਂ ਸ਼੍ਰੀ ਬਲਰਾਜ ਕੁਮਾਰ, ਡਾ. ਜਸਵੰਤ ਰਾਏ, ਯੋਧਾ ਮੱਲ, ਐਡਵੋਕੇਟ ਰਣਜੀਤ ਕੁਮਾਰ, ਕਮਲਜੀਤ ਸਰੋਆ ਨੇ ਕੇਂਦਰ ਅਤੇ ਦਿੱਲੀ ਸਰਕਾਰ ਦਾ ਪਿੱਟ ਸ਼ਿਆਪਾ ਕਰਦਿਆਂ ਕਿਹਾ ਕਿ ਇਨ੍ਹਾਂ ਦਲਿਤ ਸਮਾਜ ਦੀ ਧਾਰਮਿਕ ਧਰੋਹਰ ਨੂੰ ਢਹਿ ਢੇਰੀ ਕਰਕੇ ਦਲਿਤ ਭਾਵਨਾਵਾਂ ਦਾ ਕਤਲ ਕੀਤਾ ਹੈ।ਸ਼੍ਰੀ ਗੁਰੂ ਰਵਿਦਾਸ ਜੀ ਸਰਵ ਸਮਾਜ ਦੇ ਸਰੋਕਾਰਾਂ ਦੀ ਗੱਲ ਕਰਨ ਵਾਲੇ ਯੋਧਾ ਸਨ।600 ਸਾਲ ਪੁਰਾਣੀ ਇਸ ਵਿਰਾਸਤ ਨੂੰ ਲਤਾੜ ਕੇ ਸਰਕਾਰ ਨੇ ਸਮਾਜ ਵਿਚ ਅਣਹੋਣੀ ਵਰਤਾਈ ਹੈ ਜਿਸ ਨੂੰ ਫੈੱਡਰੇਸ਼ਨ ਸਮੱਚਾ ਦਲਿਤ ਸਮਾਜ ਵਰਦਾਸ਼ਤ ਨਹੀਂ ਕਰੇਗਾ। ਉਪਰੰਤ ਗਰੀਨ ਪਾਰਕ ਤੋਂ ਸ਼ੁਰੂ ਕਰਕੇ ਸ਼ਹਿਰ ਵਿਚ ਰੋਸ ਮਾਰਚ ਵੀ ਕੱਢਿਆ ਗਿਆ। ਇਸ ਮੌਕੇ ਜ਼ਿਲ੍ਹਾ ਬਾਰ ਐਸੋਸੀਏਸ਼ਨ ਤੋਂ ਵਕੀਲਾਂ ਦੇ ਜਥੇ ਨਾਲ ਫੈਡਰੇਸ਼ਨ ਦੇ ਸਾਥੀ ਲਖਵਿੰਦਰ ਰਾਮ, ਬਲਵਿੰਦਰ ਕੁਮਾਰ, ਮੋਹਨ ਲਾਲ, ਬਲਦੇਵ ਸਿੰਘ, ਗੁਲਜਾਰੀ ਲਾਲ, ਬਲਵੀਰ ਕੁਮਾਰ, ਸੁਰਜੀਤ ਨੂਰਪੁਰ, ਰੇਸ਼ਮ ਲਾਲ, ਬਲਵਿੰਦਰ ਕੁਮਾਰ, ਹੰਸ ਰਾਜ ਹੰਸ, ਜਸਵਿੰਦਰ ਸਿੰਘ, ਜਸਵੀਰ ਸਿੰਘ, ਪੂਰਨ ਸਿੰਘ, ਪ੍ਰਭਜੋਤ ਸਿੰਘ, ਹਰਦਿਆਲ ਸਿੰਘ, ਪਰਮਜੀਤ ਸਿੰਘ, ਸਤਪਾਲ ਸਿੰਘ, ਕਸ਼ਮੀਰ ਲੱਧੜ, ਨਰਿੰਦਰ ਸਿੰਘ, ਸੰਜੀਵ ਕੁਮਾਰ, ਲਸ਼ਕਰ ਸਿੰਘ ਰੋਸ ਮਾਰਚ ਵਿਚ ਸ਼ਾਮਿਲ ਹੋਏ।

# 15ਵੇਂ ਵਿਸ਼ਵ ਕਬੱਡੀ ਕੱਪ ਨੂੰ ਹਰ ਪਾਸਿਓਂ ਮਿਲ ਰਿਹੈ ਵੱਡਾ ਸਹਿਯੋਗ- ਸਹੋਤਾ ਭਰਾ

## ਦੁਨੀਆਂ ਭਰ ਦੇ ਸੁਪਰ ਸਟਾਰ ਹੋਣਗੇ ਕਬੱਡੀ ਕੱਪ ਦਾ ਸ਼ਿੰਗਾਰ- ਸੰਦੀਪ, ਮੰਗੀ









ਯੂਨੀਅਨ ਸਿਟੀ (ਬਿਓਰੋ)- ਯੂਨਾਈਟਡ ਸਪੋਰਟਸ ਕਲੱਬ ਦੇ 15 ਸਤੰਬਰ ਦਿਨ ਐਤਵਾਰ ਨੂੰ ਸਥਾਨਕ ਲੋਗਨ ਹਾਈ ਸਕੂਲ ਵਿਖੇ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਹੋਣ ਵਾਲੇ 15ਵੇਂ ਵਿਸ਼ਵ ਕਬੱਡੀ ਕੱਪ ਸਬੰਧੀ ਬੋਲਦਿਆਂ ਕਲੱਬ ਦੇ ਪ੍ਰਧਾਨ ਸ. ਜੁਗਰਾਜ ਸਿੰਘ ਸਹੋਤਾ ਅਤੇ ਵਿੱਤ ਸਕੱਤਰ ਨਰਿੰਦਰ ਸਿੰਘ ਸਹੋਤਾ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਇਸ ਖੇਡ ਮੇਲੇ ਲਈ ਹਰ ਵਰਗ ਵਲੋਂ ਭਰਪੂਰ ਸਹਿਯੋਗ ਮਿਲ ਰਿਹਾ ਹੈ। ਪਿਛਲੇ ਸਾਲਾਂ ਦੇ ਮੁਕਾਬਲੇ ਨਾਲੋਂ ਇਸ ਵਾਰ ਸੰਗਤਾਂ ਦੇ ਉਤਸ਼ਾਹ ਨੂੰ ਵੇਖਦਿਆਂ ਰਿਕਾਰਡ ਤੋੜ ਇਕੱਠ ਹੋਣ ਦੀ ਆਸ ਬਣੀ ਹੈ।


ਸਹੋਤਾ ਭਰਾਵਾਂ ਨੇ ਇਹ ਵੀ ਕਿਹਾ ਕਿ ਕਲੱਬ ਵਲੋਂ ਵਿਸ਼ਵ ਕੱਪ ਦੇ ਪ੍ਰਬੰਧਾਂ ਵਿਚ ਕੋਈ ਵੀ ਕਮੀ ਪੇਸ਼ੀ ਨਹੀ ਆਉਣ ਦਿੱਤੀ ਅਤੇ ਦਰਸ਼ਕਾਂ ਦੀ ਹਰ ਸਹੂਲਤ ਦਾ ਖਿਆਲ ਰੱਖਿਆ ਜਾਵੇਗਾ। ਖਾਣ ਪੀਣ, ਬੈਠਣ ਉੱਠਣ ਅਤੇ ਪਾਰਕਿੰਗ ਦਾ ਪ੍ਰਬੰਧ ਵੱਡੇ ਪੱਧਰ 'ਤੇ ਕੀਤਾ ਜਾ ਰਿਹਾ ਹੈ।

ਉਨ੍ਹਾਂ ਫਿਰ ਵੀ ਇਸ ਇਤਿਹਾਸਕ ਕਬੱਡੀ ਕੱਪ ਨੂੰ ਵੇਖਣ ਲਈ ਸਮੂਹ ਪੰਜਾਬੀਆਂ, ਕਬੱਡੀ ਪ੍ਰੇਮੀਆਂ ਨੂੰ ਹੱਥ ਜੋੜ ਕੇ ਬੇਨਤੀ ਕੀਤੀ ਕਿ ਉਹ ਇਕ ਦਿਨ ਯੂਨਾਈਟਡ ਸਪੋਰਟਸ ਕਲੱਬ ਲਈ ਰਾਖਵਾਂ ਰੱਖਣ ਅਤੇ ਕਬੱਡੀ ਦੇ ਲੇਖੇ ਲਾਉਣ, ਕਿਉਂਕਿ ਇਹ ਨਾ ਸਿਰਫ ਕਬੱਡੀ ਦਾ ਮਹਾਂ ਕੁੰਭ ਹੈ ਸਗੋਂ ਭਾਈਚਾਰਕ ਸਾਂਝ ਏਕਤਾ ਤੇ ਵਿਰਾਸਤੀ ਪ੍ਰੰਪਰਾਵਾਂ ਨੂੰ ਜਿਉਂਦੇ ਰੱਖਣ ਦੀ ਵਿਵਸਥਾ ਵੀ ਹੈ।

ਸਵੇਰੇ 9 ਵਜੇ ਤੋਂ ਦੇਰ ਸ਼ਾਮ ਤੱਕ ਇਕ ਪਲ ਵੀ ਦਰਸ਼ਕ ਕਬੱਡੀ ਦੇ ਨਿਵੇਕਲੇ ਰੰਗ ਵੇਖਣ ਤੋਂ ਵਿਰਵੇਂ ਨਹੀਂ ਹੋਣਗੇ। ਨਾਮੀ ਕਬੱਡੀ ਖਿਡਾਰੀ ਸੰਦੀਪ ਨੰਗਲ ਅੰਬੀਆਂ ਅਤੇ ਮੰਗੀ ਬੱਗਾ ਪਿੰਡ ਨੇ ਕਿਹਾ ਕਿ ਮੇਜਰ ਲੀਗ ਕਬੱਡੀ ਫੈਡਰੇਸ਼ਨ ਦੇ ਸਹਿਯੋਗ ਨਾਲ ਇਹ ਪਹਿਲਾ ਵੱਡਾ ਅਮਰੀਕਾ ਦੀ ਧਰਤੀ 'ਤੇ ਹੋਣ ਵਾਲਾ ਵਿਸ਼ਵ ਕਬੱਡੀ ਕੱਪ ਹੋਵੇਗਾ ਜਿਸ ਵਿਚ ਦੁਨੀਆਂ ਭਰ ਦੇ ਧਨੰਤਰ ਤੇ ਸੁਪਰ ਸਟਾਰ ਕਬੱਡੀ ਖਿਡਾਰੀ ਆਪਣੀ ਕਬੱਡੀ ਖੇਡ ਦੇ ਜੌਹਰ ਦਿਖਾਉਣਗੇ।

ਮੁਕੰਮਲ ਰੂਪ ਵਿਚ ਇਹ ਡਰੱਗ ਫ੍ਰੀ ਕਬੱਡੀ ਕੱਪ ਹੋਵੇਗਾ। ਸੰਦੀਪ ਨੰਗਰ ਅੰਬੀਆਂ ਅਤੇ ਮੰਗੀ ਬੱਗਾ ਪਿੰਡ ਨੇ ਕਿਹਾ ਕਿ ਵੱਡੀ ਗਿਣਤੀ ਵਿਚ ਇਸ ਖੇਡ ਮੇਲੇ ਦਾ ਹਿੱਸਾ ਬਣੋ ਅਤੇ ਕਬੱਡੀ ਦੇ ਉੱਜਲ ਭਵਿੱਖ ਲਈ ਨਵੀਆਂ ਲੀਹਾਂ ਪਾਉਣ ਦੀ ਪ੍ਰੰਪਰਾ 'ਤੇ ਮੋਹਰ ਲਗਾਓ।

# ਮਾਊਂਟਿਨ ਹਾਊਸ ਨਿਵਾਸੀ ਸਿੱਧੂ ਪਰਿਵਾਰ ਨੂੰ ਜਵਾਨ ਪੁੱਤ ਦੀ ਮੌਤ ਤੇ ਸਦਮਾ



**ਟਰੇਸੀ (ਕੈਲੇਫੋਰਨੀਆਂ) ਨੀਟਾ ਮਾਛੀਕੇ / ਕੁਲਵੰਤ ਧਾਲੀਆਂ-** ਪਿਛਲੇ ਦਿਨੀਂ ਟਰੇਸੀ ਨੇੜਲੇ ਸ਼ਹਿਰ ਮਾਊਂਟਿਨ ਹਾਊਸ ਨਿਵਾਸੀ ਸ. ਕੁਲਬੀਰ ਸਿੰਘ ਸਿੱਧੂ ਤੇ ਸਰਦਾਰਨੀ ਸੁਖਵੰਤ ਕੌਰ ਸਿੱਧੂ ਨੂੰ ਉਸ ਵਕਤ ਭਾਰੀ ਸਦਮਾਂ ਪਹੁੰਚਿਆ ਜਦੋਂ ਉਹਨਾਂ ਦਾ 19 ਸਾਲ ਦਾ ਜਵਾਨ ਪੁੱਤ ਸੁਮੇਧ ਸਿੰਘ ਸਿੱਧੂ ਇਸ ਫ਼ਾਨੀ ਦੁਨੀਆਂ ਨੂੰ ਅਚਾਨਕ ਸਦਾ ਲਈ ਅਲਵਿਦਾ ਆਖ ਗਿਆ। ਸੁਮੇਧ ਆਪਣੇ ਪਿੱਛੇ ਮਾਤਾ ਪਿਤਾ ਤੋਂ ਬਿਨਾ ਇੱਕ ਹੋਰ ਭਰਾ ਕਰਨ ਸਿੰਘ ਨੂੰ ਵਿਲਕਦਾ ਛੱਡ ਗਿਆ। ਸੁਮੇਧ ਸਿੰਘ ਸਿੱਧੂ ਦੀ ਲਾਸ਼ ਉਸਦੀ ਗੱਡੀ ਸਮੇਤ ਮਾਊਂਟਿਨ ਹਾਊਸ ਨੇੜਲੀ ਝੀਲ ਵਿੱਚੋਂ ਬਰਾਮਦ ਹੋਈ। ਸੁਮੇਧ ਸਿੰਘ ਸਿੱਧੂ ਦਾ ਫਿਊਨਰਲ 17 ਅਗਸਤ ਦਿਨ ਸ਼ਨੀਵਾਰ ਸਵੇਰੇ 10 ਵਜੇ ਫਰੀ'ਸ ਮਮੋਰੀਅਲ ਚੈਪਿਲ ਟਰੇਸੀ ਵਿਖੇ ਹੋਵੇਗਾ (Fry's Memorial Chapel 550 S Central Avenue, Tracy, CA 95376 (209) 836-1970) ਉਪਰੰਤ ਭੋਗ ਅਤੇ ਅੰਤਿਮ ਅਰਦਾਸ ਦੁਪਿਹਰ 1:30 ਗੁਰਦਵਾਰਾ ਦਸ਼ਮੇਸ਼ ਦਰਬਾਰ ਟਰੇਸੀ ਵਿਖੇ ਹੋਵੇਗੀ (Gurudwara Dashmesh Darbar, 11770 West Clover Rd, Tracy, CA 95304) ਹੋਰ ਵਧੇਰੇ ਜਾਣਕਾਰੀ ਜਾਂ ਦੁੱਖ ਸਾਂਝਾ ਕਰਨ ਲਈ ਸੰਪਰਕ ਨੰਬਰ (510)378-3264 ਜਾਂ (510) 378-2236

# ਸ੍ਰੀ ਗੁਰੂ ਰਵਿਦਾਸ ਵੈਲਫੇਅਰ ਐਸੋਸੀਏਸ਼ਨ ਸੋਫੀ ਪਿੰਡ ਵੱਲੋਂ ਰੋਸ ਧਰਨਾ

**ਜਲੰਧਰ-** ਦਿੱਲੀ ਦੇ ਤੁਗਲਕਾਬਾਦ ਇਲਾਕੇ ਵਿਚ ਸ੍ਰੀ ਗੁਰੂ ਰਵਿਦਾਸ ਮੰਦਰ ਨੂੰ ਢਾਉਣ ਦੀ ਮੰਦਭਾਗੀ ਕਾਰਵਾਈ ਦੇ ਵਿਰੁੱਧ ਸੋਫੀ ਪਿੰਡ ਹਾਥੀ ਗੇਟ ਚੌਂਕ ਵਿਖੇ ਦਲਿਤਾਂ ਵੱਲੋਂ ਰੋਸ ਧਰਨਾ ਦਿੱਤਾ ਗਿਆ ਅਤੇ ਜਬਰਦਸਤ ਰੋਸ ਪ੍ਰਦਰਸ਼ਨ ਕੀਤਾ ਗਿਆ। ਸੋਫੀ ਪਿੰਡ ਦੇ ਨਾਲ ਲੱਗਦੇ ਪਿੰਡ ਅਲੀਪੁਰ, ਕਾਸ਼ਮਪੁਰ, ਕੁੱਕੜ ਪਿੰਡ, ਕੋਟ ਕਲਾਂ, ਨੰਗਲ ਕਰਾਰਖਾਂ, ਰਹਿਮਾਨਪੁਰ, ਅਲਾਦੀਨ ਪੁਰ ਅਤੇ ਖੁਸਰੋਪੁਰ ਬੰਬੀਆਂਵਾਲ ਦੀਆਂ ਸੰਗਤਾਂ ਨੇ ਭਾਰੀ ਗਿਣਤੀ ਵਿਚ ਰੋਸ ਪ੍ਰਦਰਸ਼ਨ ਕੀਤਾ ਅਤੇ ਧਰਨਾ ਦਿੱਤਾ ਜੋ ਸਵੇਰੇ 8 ਵਜੇ ਤੋਂ ਸ਼ਾਮ 5 ਵਜੇ ਤੱਕ ਚਲਦਾ ਰਿਹਾ। ਧਰਨਾਕਾਰੀਆਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸਰਕਾਰ ਦੇ ਖਿਲਾਫ ਸਖਤ ਨਾਅਰੇਬਾਜ਼ੀ ਕੀਤੀ ਅਤੇ ਜਲਦਬਾਜ਼ੀ ਵਿਚ ਕੀਤੀ ਇਸ ਮੰਦਭਾਗੀ ਕਾਰਵਾਈ ਦੀ ਸਖਤ ਨਿਖੇਧੀ ਕੀਤੀ। ਧਰਨਾਕਾਰੀਆਂ ਨੇ ਮੰਗ ਕੀਤੀ ਕਿ ਸ੍ਰੀ ਗੁਰੂ ਰਵਿਦਾਸ ਮੰਦਰ ਦੁਬਾਰਾ ਬਣਾਇਆ ਜਾਵੇ ਅਤੇ ਮੰਦਰ ਦੀ 13 ਬਿੱਘੇ ਜ਼ਮੀਨ ਰਵਿਦਾਸੀਆ ਕੌਮ ਨੂੰ ਵਾਪਸ ਕੀਤੀ ਜਾਵੇ।

ਇਸ ਰੋਸ ਧਰਨੇ ਨੂੰ ਐਡਵੋਕੇਟ ਹਰਭਾਨ ਸਾਂਪਲਾ, ਮੁਲਖ ਰਾਜ, ਜਗਦੀਸ਼ ਰਾਣਾ, ਫੁੱਲ ਚੰਦ, ਜੋਗਿੰਦਰ ਪਾਲ, ਬਲਬੀਰ



ਭਲਵਾਨ, ਗੁਰਮੀਤ ਸਾਂਪਲਾ, ਚਮਨ ਸਾਂਪਲਾ, ਸੋਢੀ ਰਾਮ, ਨੰਬਰਦਾਰ ਰਵਿੰਦਰ ਚੌਧਰੀ, ਧਰਮਪਾਲ ਲੀਲ, ਸਤਨਾਮ ਬੰਬੀਆਂਵਾਲ, ਗੁਰਨਾਮ ਸੰਤੋਖ, ਕੁਲਦੀਪ ਵਿਰਦੀ, ਸਾਬਕਾ ਸਰਪੰਚ ਸੁੰਦਰ ਲਾਲ, ਕ੍ਰਿਸ਼ਨ ਕੁਮਾਰ, ਰੌਣਕ ਲਾਲ, ਗੁਰਮੇਲ ਰੱਲ, ਰਾਮ ਦਾਸ ਆਦਿ ਨੇ ਸ਼ਿਰਕਤ ਕੀਤੀ।




BERKSHIRE HATHAWAY
Home Services
ELITE REAL ESTATE
BHHS BERKSHIRE HATHAWAY HOMESERVICES
Shangara Ram
Realtor CalBRE# 01969522
* ਅਸੀਂ ਪੰਜਾਬੀ, ਹਿੰਦੀ, ਅੰਗਰੇਜ਼ੀ ਤਿੰਨੇ ਭਾਸ਼ਾਵਾਂ ਵਿਚ ਗੱਲ ਕਰ ਸਕਦੇ ਹਾਂ।
** ਕਿਸੇ ਵੀ ਕਿਸਮ ਦੀ ਸੰਪਤੀ ਦੀ ਖਰੀਦ-ਵੇਚ, ਅਸਾਨ ਕਿਸ਼ਤਾਂ ਤੇ ਘਰ ਖਰੀਦਣ ਲਈ ਸੰਪਰਕ ਕਰੋ;
Cell: 916-479-5587, Fax # 916-721-2373
Office: 916-681-5112
shangararam2@gmail.com
7412 Elsie Ave., Sacramento, CA 95828

A & S
Auto Repair & Services
Specializing in Brakes & Axles
10% of any repair of $ $75.00 or More
Free Tire Rotation and Brake Inspection with purchase of Oil Service for most cars
Diagnose check Engine light pre-buyers inspection tune-ups and more
Dealer Recommended Service Shocks/Struts A/C Servics




9:00 AM to 6:00 PM Mon-Sat




Ph: 916-238-4431
649 W. Elkhorn Blvd. Suite B2
Rio Linda, CA 95673
Amarjit Sandhu

# ਦੱਖਣੀ ਕੈਲੀਫੋਰਨੀਆਂ ਵਿਚ ਚਾਕੂ ਮਾਰ ਕੇ 4 ਮਾਰੇ, 2 ਜ਼ਖਮੀ ਤੇ ਸਾਰੇ ਪੀੜਤ ਹਿਸਪੈਨਿਕ, ਦੋਸ਼ੀ ਕਾਬੂ

**ਲਾਸ ਏਂਜਲਸ (ਹੁਸਨ ਲੜੋਆ ਬੰਗਾ)**– ਨਿੱਤ ਦਿਨ ਅਮਰੀਕਾ ਵਿੱਚ ਅਮਰੀਕਾ ਵਾਸੀਆਂ ਨੂੰ ਕੋਈ ਨਾ ਕੋਈ ਘਟਨਾ ਮੰਨੋਂ ਝੰਜੋੜ ਰਹੀ ਹੈ ਤੇ ਜਿਵੇਂ ਲਗਾਤਾਰ ਘਟਨਾਵਾਂ ਵਾਪਰ ਰਹੀਆਂ ਹਨ ਲੋਕ ਅਪਣੀ ਸੁਰੱਖਿਆ ਨੂੰ ਲੈ ਕੇ ਚਿੰਤਿਤ ਹਨ। ਅੱਜ ਇਕ ਗੁਸੇ ਹੋਏ ਵਿਅਕਤੀ ਨੇ, ਦੱਖਣੀ ਕੈਲੀਫੋਰਨੀਆ ਵਿਚ ਲਗਾਤਾਰ ਦੋ ਘੰਟੇ ਆਪਣੇ ਛੁਰੇ ਨਾਲ ਆਮ ਲੋਕਾਂ ਨੂੰ ਮਾਰਦਾ ਰਿਹਾ ਲੁੱਟਾਂ-ਖੋਹਾਂ ਕਰਦਾ ਰਿਹਾ, ਇਸਦੇ ਫਲਸਰੂਪ ਚਾਰ ਵਿਅਕਤੀਆਂ ਦੀ ਮੌਤ ਹੋ ਗਈ ਅਤੇ ਦੋ ਹੋਰ ਜ਼ਖਮੀ ਹੋ ਗਏ, ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ 33 ਸਾਲਾ ਗਾਰਡਨ ਗਰੋਵ ਦੇ ਆਦਮੀ ਨੂੰ ਲਾਸ ਏਂਜਲਸ ਦੇ ਦੱਖਣ-ਪੂਰਬ ਵਿਚ, ਸੈਂਟਾ ਆਨਾ ਵਿਚ ਸੈਵਨ ਇਲੈਵਨ ਤੋਂ ਬਾਹਰ ਆਉਣ ਤੋਂ ਬਾਅਦ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ ਸੀ, ਅਤੇ ਇਕ ਚਾਕੂ ਅਤੇ ਹੋਰ ਇਕ ਹੈਂਡਗਨ ਵੀ ਉਦ ਕੋਲੋਂ ਬਰਾਮਦ ਕੀਤਾ , ਜਿਸ ਨੂੰ ਉਸਨੇ ਇਕ ਗਾਰਡ ਤੋਂ ਖੋਹ ਲਿਆ ਸੀ। ਗਾਰਡਨ ਗਰੋਵ ਦੇ ਪੁਲਿਸ ਲੈਫਟੀਨੈਂਟ ਕਾਰਲ ਵਿਟਨੀ ਨੇ ਕਿਹਾ, ਹਿੰਸਾ ਸਿਰਫ ਜਾਣੇ-ਪਛਾਣੇ ਮਨੋਰਥ "ਲੁੱਟ, ਨਫ਼ਰਤ, ਕਤਲੇਆਮ" ਹੀ ਸੀ। ਪੁਲਿਸ ਲੈਫਟੀਨੈਂਟ ਕਾਰਲ ਵਿਟਨੀ ਨੇ ਕਿਹਾ, ਕਿ ਇਹ ਲੜਕਾ ਗੁੱਸੇ ਨਾਲ ਭਰਿਆ ਹੋਇਆ ਸੀ ਅਤੇ ਉਸਨੇ ਅੱਜ ਰਾਤ ਬਹੁਤ ਸਾਰੇ ਲੋਕਾਂ ਨੂੰ ਨੁਕਸਾਨ ਪਹੁੰਚਾਇਆ," ਉਸਨੇ ਕਿਹਾ।ਉਸ ਨੇ ਕਿਹਾ ਕਿ ਸ਼ੱਕੀ ਅਤੇ ਸਾਰੇ ਪੀੜਤ ਹਿਸਪੈਨਿਕ (ਮੈਕਸੀਕੇ) ਸਨ। ਦਰਜਨ ਤੋਂ ਵੱਧ ਥਾਵਾਂ 'ਤੇ ਹਮਲੇ ਗਾਰਡਨ ਗਰੋਵ ਅਤੇ ਲਾਗਲੇ ਸੈਂਟਾ ਆਨਾ ਵਿੱਚ ਕਰੀਬ ਦੋ ਘੰਟਿਆਂ ਵਿੱਚ ਹੋਏ।ਵਿਟਨੀ ਨੇ ਦੱਸਿਆ ਕਿ ਜ਼ਖਮੀ ਹੋਏ ਦੋ ਵਿਅਕਤੀ ਬੁੱਧਵਾਰ ਦੇਰ ਰਾਤ ਤੱਕ ਸਥਿਰ ਹਾਲਤ ਵਿੱਚ ਸੀ ਅਤੇ ਉਨ੍ਹਾਂ ਦੇ ਬਚਣ ਦੀ ਉਮੀਦ ਕੀਤੀ ਜਾ ਰਹੀ ਸੀ। ਵਿਟਨੀ ਨੇ ਕਿਹਾ ਕਿ ਖੁਫੀਆਂ ਏਜੰਸੀਆਂ ਉਸ ਆਦਮੀ ਨਾਲ ਗੱਲਬਾਤ ਕਰ ਰਹੀਆਂ ਹਨ ਅਤੇ ਅਦਾਲਤ ਦੇ ਕੇਸ ਦਾ ਸਬੂਤ ਇਕੱਠਾ ਕਰਨ ਲਈਂ ਇਹ ਜਰੂਰੀ ਹੈ। ਸਰਵੀਲੈਂਸ ਕੈਮਰਿਆਂ ਚ ਕੁਝ ਕਤਲ ਹੋਇਆਂ ਦੀ "ਸਾਡੇ ਕੋਲ ਇੱਕ ਵੀਡੀਓ ਹੈ, ਜਿਸ ਵਿੱਚ ਉਹ ਦਿਖਾਈ ਦਿੰਦਾ ਹੈ ਕਿ ਉਹ ਇਨ੍ਹਾਂ ਲੋਕਾਂ 'ਤੇ ਹਮਲਾ ਕਰ ਰਿਹਾ ਹੈ ਅਤੇ ਇਹ ਕਤਲੇਆਮ ਕਰ ਰਿਹਾ ਹੈ। "ਵਿਟਨੀ ਨੇ ਕਿਹਾ ਕਿ ਉਹ ਵਿਅਕਤੀ ਇੱਕ ਗਾਰਡਨ ਗਰੋਵ ਅਪਾਰਟਮੈਂਟ ਦੀ ਇਮਾਰਤ ਵਿੱਚ ਰਹਿੰਦਾ ਸੀ, ਜਿੱਥੇ ਉਸਨੇ ਕਿਸੇ ਕਿਸਮ ਦੇ ਟਕਰਾਅ ਦੌਰਾਨ ਦੋ ਵਿਅਕਤੀਆਂ ਨੂੰ ਚਾਕੂ ਮਾਰ ਦਿੱਤਾ। ਇਕ ਵਿਅਕਤੀ ਦੀ ਇਕ ਅਪਾਰਟਮੈਂਟ ਦੇ ਅੰਦਰ ਮੌਤ ਹੋ ਗਈ ਅਤੇ ਇਕ ਹੋਰ ਬਾਲਕੋਨੀ 'ਤੇ ਜ਼ਖਮੀ ਪਾਇਆ ਗਿਆ ਅਤੇ ਇਕ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ। ਵਿਟਨੀ ਨੇ ਕਿਹਾ ਕਿ ਉਸ ਵਲੋਂ ਇਕ ਬੇਕਰੀ ਵੀ ਲੁੱਟ ਲਈ ਗਈ ਸੀ ਦੇ ਮਾਲਕ, ਨੇ ਦੱਸਿਆ ਕਿ ਉਹ ਕਰੀਬ 4 ਵਜੇ ਆਪਣਾ ਸੈਲਰਫੋਨ ਚਾਰਜ ਕਰ ਰਹੀ ਸੀ। ਇੱਕ ਆਦਮੀ ਗੁਸੇ ਵਿੱਚ "ਉਹ ਸਿੱਧਾ ਰਜਿਸਟਰ ਕੋਲ ਗਿਆ ਅਤੇ ਰਜਿਸਟਰ ਖੋਲ੍ਹਣ ਦੀ ਕੋਸ਼ਿਸ਼ ਕੀਤੀ, ਉਸਨੇ ਮੈਨੂੰ ਬੰਦੂਕ ਦਿਖਾਈ," ਤੇ ਉਹ ਸਾਰਾ ਪੈਸਾ ਲੈ ਕੇ ਭੱਜ ਗਿਆ। "ਮੈਨੂੰ ਲਗਦਾ ਹੈ ਕਿ ਮੈਂ ਬਹੁਤ ਖੁਸ਼ਕਿਸਮਤ ਹਾਂ ਕਿਉਂਕਿ ਉਸਨੇ ਸੋਚਿਆ ਕਿ ਮੈਂ ਗਾਹਕ ਹਾਂ, ਮਾਲਕ ਨਹੀਂ, "ਉਸਨੇ ਕਿਹਾ, ਉਸ ਆਦਮੀ ਨੇ ਇੱਕ ਇੰਸੋਰੈਂਸ ਏਜੰਟ ਨੂੰ ਵੀ ਲੁੱਟ ਲਿਆ, ਜਿੱਥੇ ਇੱਕ 54 ਸਾਲਾ ਕਰਮਚਾਰੀ ਨੂੰ ਕਈ ਵਾਰ ਚਾਕੂ ਮਾਰਿਆ ਗਿਆ ਅਤੇ ਉਸ ਦੇ ਬਚ ਜਾਣ ਦੀ ਉਮੀਦ ਕੀਤੀ ਜਾ ਰਹੀ ਸੀ। ਵਿਟਨੀ ਨੇ ਕਿਹਾ ਕਿ ਇੱਕ ਔਰਤ ਨੇ ਉਸਦਾ ਮੁਕਾਬਲਾ ਵੀ ਕੀਤਾ, ਅਤੇ ਅਗਲੇ ਦਰਵਾਜ਼ੇ ਵਿਚ ਚੈੱਕ-ਕੈਸ਼ਿੰਗ ਕਾਰੋਬਾਰੀ ਨੂੰ ਵੀ ਲੁੱਟ ਲਿਆ। ਉਸਤੋਂ ਬਾਦ ਹਮਲਾਵਰ ਇੱਕ ਸ਼ੈਵਰਨ ਸਟੇਸ਼ਨ ਵੱਲ ਚਲਾ ਗਿਆ, ਜਿੱਥੇ ਉਸਨੇ ਬਿਨਾਂ ਵਜ੍ਹਾ ਗੈਸ ਪੰਪ ਤੇ ਇੱਕ ਵਿਅਕਤੀ 'ਤੇ ਹਮਲਾ ਕਰ ਦਿੱਤਾ। "ਕੋਈ ਲੁੱਟ ਨਹੀਂ ਹੋਈ।





"ਲੈਫਟੀਨੈਂਟ ਨੇ ਕਿਹਾ ਕਿ ਉਸ ਆਦਮੀ ਦੇ ਪਿਛਲੇ ਹਿੱਸੇ ਵਿੱਚ ਛੁਰਾ ਮਾਰਿਆ ਗਿਆ ਸੀ ਅਤੇ ਉਸਦੀ ਨੱਕ ਉਸਦੇ ਮੂੰਹ 'ਚੋਂ ਖੂਨ ਵੀ ਗਿਆ। ਪੁਲਿਸ ਨੇ ਉਸ ਆਦਮੀ ਨੂੰ ਆਪਣੇ ਹਥਿਆਰ ਸੁੱਟਣ ਦਾ ਆਦੇਸ਼ ਦਿੱਤਾ ਅਤੇ ਉਹ ਮੰਨ ਗਿਆ ਅਤੇ ਉਸਨੂੰ ਗ੍ਰਿਫਤਾਰ ਕਰ ਲਿਆ ਗਿਆ। ਵਿਟਨੀ ਨੇ ਦੱਸਿਆ ਕਿ ਉਦੋਂ ਪੁਲਿਸ ਨੂੰ ਪਤਾ ਲੱਗਿਆ ਕਿ ਨਜ਼ਦੀਕੀ ਸਬਵੇਅ ਰੈਸਟੋਰੈਂਟ ਵਿੱਚ ਇੱਕ ਮਰਦ ਕਰਮਚਾਰੀ ਨੂੰ ਵੀ ਇੱਕ ਲੁੱਟ ਦੌਰਾਨ ਮਾਰਿਆ ਗਿਆ ਸੀ। ਇਹ ਬੇਰਹਿਮੀ ਅਤੇ ਹੈਰਾਨ ਕਰਨ ਵਾਲਾ ਹਮਲਾ ਟੈਕਸਸ ਅਤੇ ਓਹੀਓ ਵਿਚ ਹੋਏ ਇਕ ਵੱਡੇ ਪੱਧਰ 'ਤੇ ਹੋਏ ਗੋਲੀਬਾਰੀ ਦੇ 31 ਦਿਨਾਂ ਬਾਅਦ ਹੀ 31 ਲੋਕਾਂ ਦੀ ਮੌਤ ਹੋ ਗਈ ਅਤੇ ਦੇਸ਼ ਨੂੰ ਹੈਰਾਨ ਕਰ ਦਿੱਤਾ।

ਟੈਕਸਾਸ ਦੇ ਐਲ ਪਾਸੋ ਵਿਚ ਇੱਕ ਅਪਰਾਧੀ ਨੇ ਸ਼ਨੀਵਾਰ ਨੂੰ ਇਕ ਵਾਲਮਾਰਟ ਵਿਚ 22 ਲੋਕਾਂ ਦੀ ਹੱਤਿਆ ਕਰਨ ਤੋਂ ਪਹਿਲਾਂ ਇਕ ਪ੍ਰਵਾਸੀ ਵਿਰੋਧੀ ਪੋਸਟ ਕੀਤਾ ਸੀ। ਇੱਕ ਦਿਨ ਤੋਂ ਵੀ ਘੱਟ ਸਮੇਂ ਬਾਅਦ, ਓਹੀਓ ਦੇ ਡੇਟਨ ਚ ਇੱਕ ਵਿਅਕਤੀ ਨੇ ਗੋਲੀਬਾਰੀ ਕੀਤੀ, ਜਿਸ ਨੂੰ ਪੁਲਿਸ ਨੇ ਗੋਲੀ ਮਾਰਨ ਤੋਂ ਪਹਿਲਾਂ ਉਸਨੇ 9 ਲੋਕਾਂ ਦੀ ਮੌਤ ਕਰ ਦਿੱਤੀ ਸੀਤੇ ਹੁਸ ਇਸ ਘਟਨਾਂ ਨੇ ਅਮਰੀਕੀ ਲੋਕਾਂ ਨੂੰ ਝੰਜੋੜ ਕੇ ਰੱਖ ਦਿੱਤਾ।

# ਸਿਆਟਲ ਵਿਚ ਫੁਲਕਾਰੀ ਤੀਆਂ ਦੇ ਮੇਲੇ 'ਚ ਲੱਗੀਆਂ ਖੂਬ ਰੌਣਕਾਂ

**ਸਿਆਟਲ (ਗੁਰਚਰਨ ਸਿੰਘ ਢਿੱਲੋਂ)**– ਫੁਲਕਾਰੀ ਤੀਆਂ ਦਾ ਮੇਲਾ ਦੇ ਪ੍ਰਬੰਧਕਾਂ, ਵਲੰਟੀਅਰਾਂ ਦੇ ਸ਼ਾਨਦਾਰ ਇੰਤਜ਼ਾਮ ਸਦਕਾ ਖੂਬ ਰੌਣਕਾਂ ਲੱਗੀਆਂ, ਜਿੱਥੇ 1200 ਤੋਂ 1500 ਬੀਬੀਆਂ, ਮਾਵਾਂ ਤੇ ਧੀਆਂ ਨੇ ਪਹੁੰਚ ਕੇ ਤੀਆਂ ਦੇ ਮੇਲੇ ਦਾ ਖੂਬ ਆਨੰਦ ਮਾਣਿਆ। ਵਿਲਸਨ ਪਲੈਅ ਫੀਲਡਜ਼ ਕੈਂਟ ਦੇ ਖੁੱਲ੍ਹੇ ਮੈਦਾਨ ਵਿਚ ਗੀਤ-ਸੰਗੀਤ, ਗਿੱਧਾ, ਭੰਗੜਾ, ਬੋਲੀਆਂ, ਘੋੜੀਆਂ ਅਤੇ ਸਕਿੱਟਾਂ ਆਦਿ ਵੰਨ-ਸੁਵੰਨੇ ਪ੍ਰੋਗਰਾਮ ਦਰਸ਼ਕਾਂ ਦੇ ਮਨੋਰੰਜਨ ਲਈ ਪੇਸ਼ ਕੀਤੇ ਗਏ। ਖਾਣ-ਪੀਣ ਦੇ ਸਟਾਲਾਂ ਤੋਂ ਇਲਾਵਾ ਕੱਪੜੇ, ਗਹਿਣੇ, ਮਹਿੰਦੀ, ਦੇਸੀ ਜੁੱਤੀਆਂ ਆਦਿ ਦੇ ਸਟਾਲ ਸਜਾਏ ਗਏ, ਜਿੱਥੇ ਬਹੁਤ ਰੌਣਕਾਂ ਰਹੀਆਂ। ਸਟੇਜ ਦਾ ਸੰਚਾਲਨ ਬੀਬੀ ਰਾਜਪ੍ਰੀਤ ਕੌਰ ਤੇ ਬੀਬੀ ਗੁਰਦੀਪ ਕੌਰ ਨੇ ਕੀਤਾ।




L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
ਕੈਰੀ ਬੈਗ ਵਧੀਆ ਤੇ ਸਸਤੇ ਰੇਟਾਂ 'ਤੇ ਉਪਲਬਧ ਹਨ
New folding bed verities
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Toilet Water Pressure (Elite 2 Bio Bider) A budget Friendly solution for your desire to feel exceptionally clean and reduce toilet paper waste Only $ 42.99+Tax
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਦੀ ਸੇਲ
ਹਰ ਕਿਸਮ ਦੀ ਦਾਲ ਸੇਲ 'ਤੇ ਹੈ। ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
ਇੰਡੀਆ ਤੋਂ Matterss ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਮਾਨ
Baksho Kaur Bisla Hardev Singh Bisla
530-671-0439, Fax 530-822-0439 Cell- 530-844-3250



AAA
AUTO AND BODY WORKS
ਸਾਡੇ ਇੱਥੇ ਹਰ ਕਿਸਮ ਦੀਆਂ ਕਾਰਾਂ ਦੀ ਮੁਰੰਮਤ ਅਤੇ ਰਿਪੇਅਰ ਤੋਂ ਇਲਾਵਾ ਕਾਰਾਂ ਦੇ ਪੇਂਟ ਦਾ ਕੰਮ ਤਸੱਲੀਬਖਸ਼ ਕੀਤਾ ਜਾਂਦਾ ਹੈ। ਪੁਰਾਣੀਆਂ ਕਾਰਾਂ ਖਰੀਦਣ ਅਤੇ ਟੋ-ਟਰੱਕ ਦਾ ਖਾਸ ਪ੍ਰਬੰਧ ਹੈ।
We Do Complete Engine Trans-mission, Body and Paint Work We Sell Used Cars at a Good Price
Free Estimates
Free Towing
510- 733- 2222
1421 Industrial PKWY West#F Hayward, CA 94544
Prop: Jasbir Singh Takhar
510-755-2132
Harmandeep Singh

ਦੇਸ਼ ਦੁਆਬਾ

## ਅਤਿਅੰਤ ਦੁਖਦਾਈ ਘਟਨਾ

ਇਹ ਜਾਨਣਾ ਅਤਿਅੰਤ ਦੁਖਦਾਈ ਹੈ ਕਿ ਭਾਰਤ ਦੀ ਸੁਪਰੀਮ ਕੋਰਟ ਦੇ ਆਦੇਸ਼ਾਂ ਦੀ ਪਾਲਣਾ ਕਰਦਿਆਂ ਦਿੱਲੀ ਦੇ ਤੁਗਲਕਾਬਾਦ ਵਿਚ ਸਥਿਤ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਪੁਰਾਣਾ ਇਤਿਹਾਸਕ ਮੰਦਰ ਦਿੱਲੀ ਪ੍ਰਸ਼ਾਸਨ ਦੇ ਅਧੀਨ ਦਿੱਲੀ ਵਿਕਾਸ ਅਥਾਰਟੀ ਦੁਆਰਾ ਢਾਅ ਦਿੱਤਾ ਗਿਆ ਹੈ। ਇਸ ਮੰਦਰ ਦਾ ਪ੍ਰਬੰਧ ਗੁਰੂ ਰਵਿਦਾਸ ਜੈਅੰਤੀ ਸਮਾਰੋਹ ਕਮੇਟੀ ਤੁਗਲਕਾਬਾਦ ਦਿੱਲੀ ਦੁਆਰਾ ਕੀਤੀ ਜਾ ਰਹੀ ਸੀ ਅਤੇ ਇਹ ਸਥਾਨ ਭਾਰਤ ਦੇ ਤਤਕਾਲੀ ਸਮਰਾਟ ਸਿਕੰਦਰ ਲੋਧੀ ਦੇ ਰਾਜ ਦੌਰਾਨ 15ਵੀਂ ਸਦੀ ਵਿਚ ਗੁਰੂ ਰਵਿਦਾਸ ਜੀ ਦੁਆਰਾ ਕੀਤੀ ਗਈ ਇਤਿਹਾਸਕ ਯਾਤਰਾ ਦੀ ਇਕ ਯਾਦਗਾਰ ਸੀ। ਪੀੜ੍ਹੀ ਦਰ ਪੀੜ੍ਹੀ ਚਲੀ ਆ ਰਹੀਆਂ ਰਵਾਇਤੀ ਮਾਨਤਾਵਾਂ ਮੁਤਾਬਕ ਸਿਕੰਦਰ ਲੋਧੀ ਜੋ ਗੁਰੂ ਰਵਿਦਾਸ ਜੀ ਦੇ ਅਧਿਆਤਮਕ ਗਿਆਨ ਤੋਂ ਇੰਨਾ ਪ੍ਰਭਾਵਿਤ ਸੀ ਕਿ ਉਹਨਾਂ ਨੇ ਗੁਰੂ ਜੀ ਨੂੰ ਆਪਣੇ ਰਾਜ ਦੇ ਰਾਜਗੁਰੂ ਦੀ ਇਕ ਦੁਰਲੱਭ ਉਪਾਧੀ ਦਿੱਤੀ ਸੀ। ਉਹਨਾਂ ਨੇ ਮਨੁੱਖਤਾ ਅਤੇ ਕੌਮਾਂਤਰੀ ਭਾਈਚਾਰੇ ਨੂੰ ਹੱਲਾਸ਼ੇਰੀ ਦੇਣ ਦੇ ਲਈ ਆਪਣੀ ਦ੍ਰਿਸ਼ਟੀ ਅਤੇ ਦਰਸ਼ਨ ਦਾ ਪ੍ਰਚਾਰ ਕਰਨ ਦੇ ਉਦੇਸ਼ ਨਾਲ ਇਸ ਮਹਾਨ ਪੈਗੰਬਰ ਨੂੰ ਮਾਰਗਦਰਸ਼ਕ ਦੱਸਿਆ ਸੀ।

ਇਹ ਮੰਦਰ ਜਿਵੇਂ ਕਿ ਇਸਨੂੰ ਢਾਹੁਣ ਤੋਂ ਪਹਿਲਾਂ ਖੜ੍ਹਾ ਸੀ, ਦਾ ਉਦਘਾਟਨ ਭਾਰਤ ਦੇ ਸਾਬਕਾ ਉਪ ਪ੍ਰਧਾਨ ਮੰਤਰੀ ਬਾਬੂ ਜਗਜੀਵਨ ਰਾਮ ਨੇ 1959 ਵਿਚ ਕੀਤਾ ਸੀ ਅਤੇ ਇਹ ਭੂਮੀ ਤੁਗਲਕਾਬਾਦ ਦੇ ਦਿਹਾਤੀ ਲੋਕਾਂ ਦੁਆਰਾ ਆਪਣੇ ਕਬਜ਼ੇ ਵਿਚ ਲੈਣ ਦੇ ਪੁਰਾਣੇ ਰੈਵੇਨਿਊ ਰਿਕਾਰਡ ਵਿਚ ਵੀ ਸ਼ਾਮਲ ਹੈ, ਜੋ ਗੁਰੂ ਜੀ ਦੇ ਅਨੁਯਾਈ ਸਨ।

ਇਸ ਪਵਿੱਤਰ ਮੰਦਰ ਨੂੰ ਐਕਵਾਇਰ ਕਰਨ ਅਤੇ ਢਾਹੇ ਜਾਣ ਦੀ ਪ੍ਰਕਿਰਿਆ ਡੀਡੀ੍ਹ ਦੁਆਰਾ ਆਰੰਭ ਕੀਤੀ ਗਈ ਸੀ ਅਤੇ ਇਸ ਬਦਕਿਸਮਤੀ ਵਾਲੇ ਫੈਸਲੇ ਤੋਂ ਬਚਣ ਲਈ ਭਾਰਤ ਸਰਕਾਰ ਦੁਆਰਾ ਕੋਈ ਯਤਨ ਨਹੀਂ ਕੀਤਾ ਗਿਆ, ਜਿਸਦੇ ਨਤੀਜੇ ਵਜੋਂ ਇਸ ਪਵਿੱਤਰ ਸਥਾਨ ਨੂੰ ਤੋੜ ਦਿੱਤਾ ਗਿਆ। ਇਸ ਕਾਰਨ ਭਾਰਤ ਅਤੇ ਵਿਦੇਸ਼ਾਂ ਵਿਚ ਕਰੋੜਾਂ ਗੁਰੂ ਰਵਿਦਾਸ ਜੀ ਦੇ ਅਨੁਯਾਈਆਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਇਹ ਇੰਨਾ ਹੈਰਾਨਜਨਕ ਅਤੇ ਤਕਲੀਫਦੇਹ ਲੱਗਦਾ ਹੈ ਕਿ ਅਯੁੱਧਿਆ ਵਿਚ ਰਾਮ ਮੰਦਰ ਬਣਾਉਣ ਦੀਆਂ ਹਰ ਸੰਭਵ ਕੋਸ਼ਿਸ਼ਾਂ ਚੱਲ ਰਹੀਆਂ ਹਨ, ਜਦਕਿ ਇਕ ਮੌਜੂਦਾ ਮੰਦਰ ਜੋ ਗੁਰੂ ਰਵਿਦਾਸ ਜੀ ਦੀ ਪਵਿੱਤਰ ਯਾਦ ਨਾਲ ਜੁੜਿਆ ਹੋਇਆ ਹੈ, ਦੀ ਹੋਂਦ ਹੀ ਖਤਮ ਕਰ ਦਿੱਤੀ।

ਭਾਰਤ, ਜਿਵੇਂ ਕਿ ਸਾਨੂੰ ਸਾਰਿਆਂ ਨੂੰ ਮਾਣ ਹੈ, ਇਕ ਧਰਮ ਨਿਰਪੱਖ, ਸਮਾਜਵਾਦੀ ਮੁਲਕ ਹੈ, ਜੋ ਸਾਰੇ ਭਾਈਚਾਰਿਆਂ ਦਾ ਸਨਮਾਨ ਕਰਦਾ ਹੈ। ਜਿਵੇਂ ਕਿ ਸ੍ਰੀ ਗੁਰੂ ਰਵਿਦਾਸ ਜੀ, ਬਾਬਾ ਸਾਹਿਬ ਡਾ ਬੀ ਆਰ ਅੰਬੇਡਕਰ ਅਤੇ ਬਾਬੂ ਮੰਗੂ ਰਾਮ ਮੁੱਗੋਵਾਲੀਆ ਇਕ ਅੰਦੋਲਨ ਦੇ ਸੰਸਥਾਪਕ ਰਹੇ ਹਨ ਪਰ ਹਾਲ ਦਾ ਇਹ ਫੈਸਲਾ ਇਸ ਗੱਲ ਦੀ ਪੁਸ਼ਟੀ ਨਹੀਂ ਕਰਦਾ ਕਿ ਭਾਰਤ ਵਿਭਿੰਨਤਾ ਭਰਿਆ ਇਕ ਮੁਲਕ ਹੈ। ਇਸ ਬਦਕਿਸਮਤੀ ਵਾਲੇ ਫੈਸਲੇ ਨਾਲ ਪੂਰੀ ਦੁਨੀਆਂ ਵਿਚ ਵੱਸਦੇ ਗੁਰੂ ਰਵਿਦਾਸ ਨਾਮ ਲੇਵਾ ਲੋਕਾਂ ਵਿਚ ਨਿਰਾਸ਼ਾ ਅਤੇ ਰੋਸ ਭਰ ਗਿਆ ਹੈ।

ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। ਲੇਖਕ ਆਪਣੇ ਲੇਖ ਅਤੇ ਪੱਤਰਕਾਰ ਆਪਣੀਆਂ ਖ਼ਬਰਾਂ ਲਈ ਖੁਦ ਜ਼ਿੰਮਵਾਰ ਹੋਣਗੇ। -ਸੰਪਾਦਕ

# ਰੱਖੜੀ ਬਾਰੇ ਵਿਸ਼ੇਸ਼ ਜਾਣਕਾਰੀ



ਅਵਤਾਰ ਸਿੰਘ ਮਿਸ਼ਨਰੀ
510-432-5827

ਰੱਖੜੀ-ਹਿੰਦੂਮਤ ਅਨੁਸਾਰ ਰੱਖਿਆ ਕਰਨ ਵਾਲਾ ਡੋਰਾ, ਰਖਸ਼ਾਬੰਧਨ, ਰਕਸ਼ਾਸੂਤ੍ਰ ਜੋ ਸਾਵਣ ਸੁਦੀ 15 ਨੂੰ ਬੰਨ੍ਹਿਆਂ ਜਾਂਦਾ ਹੈ, ਭੈਣ ਭਾਈ ਦੇ ਹੱਥ ਅਤੇ ਪਰੋਹਿਤ ਯਜਮਾਨ ਦੇ ਹੱਥ ਬਨ੍ਹ ਕੇ, ਧੰਨ ਪ੍ਰਾਪਤ ਕਰਦੇ ਹਨ (ਮਹਾਨ ਕੋਸ਼) ਰੱਖੜੀ ਜਾਂ ਰਕਸ਼ਾਬੰਧਨ ਬ੍ਰਾਹਮਣੀ ਰੀਤ ਹੈ, ਹਿੰਦੂਆਂ ਖ਼ਾਸ ਕਰ ਕੇ ਹਿੰਦੂ ਰਾਜਪੂਤਾਂ ਵਿੱਚ, ਇਹ ਰਸਮ ਪੁਰਾਣੀ ਚੱਲੀ ਆ ਰਹੀ ਹੈ। ਇਸ ਦਿਨ ਬ੍ਰਾਹਮਣ ਦੇ ਕਹੇ ਅਨੁਸਾਰ ਹਿੰਦੂ ਔਰਤਾਂ, ਮਰਦ ਭਰਾਵਾਂ ਦੇ ਹੱਥ ਤੇ ਰੱਖੜੀ ਬੰਨ੍ਹ ਕੇ, ਬਦਲੇ ਵਿੱਚ ਧੰਨ ਅਤੇ ਆਪਣੀ ਰੱਖਿਆ ਕਰਨ ਦਾ ਉਨ੍ਹਾਂ ਤੋਂ ਪ੍ਰਣ ਲੈਂਦੀਆਂ ਹਨ। ਇਹ ਵੱਖਰੀ ਗੱਲ ਹੈ ਕਿ ਅਬਦਾਲੀ ਜਦੋਂ ਹਜ਼ਾਰਾਂ ਹਿੰਦੂ ਔਰਤਾਂ ਚੁੱਕ ਕੇ ਲੈ ਗਿਆ ਤਾਂ ਹਿੰਦੂ ਨੌਜਵਾਨਾਂ ਦੇ ਹੱਥਾਂ ਤੇ ਬੰਨ੍ਹੀਆਂ ਰੱਖੜੀਆਂ ਨੇ, ਉਨ੍ਹਾਂ ਨੂੰ ਭੈਣਾਂ ਦੀ ਰੱਖਿਆ ਦਾ ਅਹਿਸਾਸ ਨਾਂ ਕਰਵਾਇਆ ਸਗੋਂ ਇਸ ਦੇ ਮੁਕਾਬਲੇ ਤੇ ਕੜੇ ਅਤੇ ਕ੍ਰਿਪਾਨਾਂ ਵਾਲੇ ਸਿੰਘਾਂ ਨੇ ਸੈਂਕੜੇ ਹਿੰਦੂ ਲੜਕੀਆਂ, ਦੁਸ਼ਮਣਾਂ ਦੇ ਹੱਥੋਂ ਬਚਾ ਕੇ ਸੁਰੱਖਿਅਤ ਘਰੋ ਘਰੀ ਪਹੁੰਚਾਈਆਂ। ਓਧਰ ਰੱਖੜੀ ਬਨ੍ਹਾਉਣ ਵਾਲੇ ਹਿੰਦੂ ਭਰਾਵਾਂ ਦੀ ਕਰਤੂਤ ਦੇਖੋ! ਉਨ੍ਹਾਂ ਨੇ ਆਪਣੀਆਂ ਇਨ੍ਹਾਂ ਭੈਣਾਂ ਨੂੰ ਘਰੀਂ ਨਾਂ ਵੜਨ ਦਿੱਤਾ ਕਿ ਹੁਣ ਇਹ ਮੁਸਲਮਾਨਾਂ ਦਾ ਸੰਗ ਕਰਕੇ ਭਿੱਟੀਆਂ ਗਈਆਂ ਹਨ। ਕੀ ਅਖੌਤੀ ਰੱਖੜੀ ਦੀ ਰਸਮ ਇਹ ਹੀ ਸਿਖਾਉਂਦੀ ਹੈ ਕਿ ਜੇ ਕਿਤੇ ਬਦਕਿਸਮਤ ਨਾਲ ਤੁਹਾਡੀਆਂ ਭੈਣਾਂ ਦੁਸ਼ਮਣਾਂ ਦੇ ਹੱਥਾਂ ਵਿੱਚ ਆ ਜਾਣ ਤਾਂ ਤੁਸੀਂ ਉਨ੍ਹਾਂ ਨੂੰ ਬਚਾਉਣਾ ਤਾਂ ਕੀ ਸਗੋਂ ਜੇ ਕੋਈ ਬਹਾਦਰ ਉਨ੍ਹਾਂ ਨੂੰ ਬਚਾ ਕੇ ਤੁਹਾਡੇ ਘਰ ਛੱਡਣ ਆਵੇ ਤੇ ਤੁਸੀਂ ਭਿੱਟੀਆਂ ਗਈਆਂ ਕਹਿ ਕੇ ਉਨ੍ਹਾਂ ਦੇਵੀਆਂ ਦੀ ਤੌਹੀਨ ਕਰਦੇ ਉਨ੍ਹਾਂ ਨੂੰ ਘਰ ਨਾਂ ਵੜਨ ਦਿਉ? ਬਾਬੇ ਨਾਨਕ ਜੀ ਨੇ ਅਜਿਹੇ ਅਨੇਕਾਂ ਫੋਕੇ ਅਤੇ ਕਰਮਕਾਂਡੀ ਰਸਮਾਂ ਰੀਤਾਂ ਅਤੇ ਤਿਉਹਾਰਾਂ ਦਾ ਭਰਵਾਂ ਖੰਡਨ ਕੀਤਾ- ਜਾਲਉ ਐਸੀ ਰੀਤਿ ਜਿਤੁ ਮੈ ਪਿਆਰਾ ਵੀਸਰੈ॥ ਨਾਨਕ ਸਾਈਵ ਭਲੀਵ ਪਰੀਤਿ ਜਿਤੁ ਸਾਹਿਬ ਸੇਤੀ ਪਤਿ ਰਹੈ॥੨॥ (੫੯੦

ਇਸ ਲਈ ਸਿੱਖੀ ਵਿੱਚ ਰੱਖੜੀ ਵਰਗੀ ਕੋਈ ਫੋਕੀ ਰਸਮ ਪ੍ਰਵਾਣ ਨਹੀਂ। ਗੁਰੂ ਸਹਿਬਾਨਾਂ ਅਤੇ ਰੱਬੀ ਭਗਤਾਂ ਨੇ ਆਪਣੇ ਗੁੱਟਾਂ ਤੇ ਭੈਣਾਂ ਤੋਂ ਕਦੀ ਰੱਖੜੀ ਨਹੀਂ ਬੰਨ੍ਹਵਾਈ ਫਿਰ ਅੱਜੋਕੇ ਬਹੁਤੇ ਅਖੌਤੀ ਸਿੱਖ ਬ੍ਰਾਹਮਣੀ ਰਸਮ ਵਾਲੀਆਂ ਰੱਖੜੀਆਂ ਕਿਉਂ ਬੰਨਵਾ ਰਹੇ ਹਨ? ਉੱਤਰ ਇੱਕ ਤਾਂ ਅਜੋਕੇ ਬਹੁਤੇ ਸਿੱਖ ਗੁਰ ਸਿਧਾਂਤਾਂ (ਗੁਰਬਾਣੀ ਦੀ ਵੀਚਾਰ) ਤੋਂ ਟੁੱਟ ਚੁੱਕੇ ਹਨ ਦੂਜਾ ਬ੍ਰਾਹਮਣ ਟਾਈਪ ਲਿਖਾਰੀਆਂ ਅਤੇ ਆਰਟਿਸਟਾਂ ਨੇ ਸਿੱਖ ਇਤਹਾਸ ਨੂੰ ਮਿਥਿਹਾਸ ਨਾਲ ਮਿਲਗੋਭਾ ਕਰ ਦਿੱਤਾ ਹੈ। ਜਿਵੇਂ ਕੁਝ ਹਿੰਦੂਵਾਦੀ ਕਰਮਕਾਂਡੀ ਲੇਖਕਾਂ ਨੇ ਗੁਰੂ ਨਾਨਕ ਸਾਹਿਬ ਨੂੰ ਭੈਣ ਨਾਨਕੀ ਤੋਂ ਰੱਖੜੀ ਬੰਨ੍ਹਵਾਉਣ ਦੀ ਝੂਠੀ ਕਹਾਣੀ ਘੜ ਕੇ ਮਨੋ ਕਲਪਿਤ ਤਸਵੀਰਾਂ ਬਣਾ ਦਿੱਤੀਆਂ ਹਨ ਤਾਂ ਕਿ ਗੁਰੂ ਨਾਨਕ ਸਾਹਿਬ ਦੇ ਸ਼ਰਧਾਲੂ ਸਿੱਖਾਂ ਨੂੰ ਇਸ ਫੋਕੀ ਅਤੇ ਬ੍ਰਾਹਮਣੀ ਰਸਮ ਰੱਖੜੀ ਰਾਹੀਂ ਨੀਮ ਹਿੰਦੂ ਕਰਮਕਾਂਡੀ ਬ੍ਰਾਹਮਣ ਬਣਾਇਆ ਜਾ ਸੱਕੇ। ਗੁਰੂਆਂ ਭਗਤਾਂ ਅਤੇ ਸਿੱਖ ਲੀਡਰਾਂ ਦੇ ਗੁੱਟਾਂ ਤੇ ਔਰਤ ਭੈਣਾਂ ਵੱਲੋਂ ਰੱਖੜੀ ਬੰਨ੍ਹਦੇ ਅਤੇ ਬੰਨ੍ਹਾਉਂਦਿਆਂ ਦੀਆਂ ਰੰਗ ਬਰੰਗੀਆਂ ਦਿਲ ਖਿਚਵੀਆਂ ਤਸਵੀਰਾਂ ਛਾਪਣਾ ਇਸੇ ਹੀ ਬੇਈਮਾਨੀ ਅਤੇ ਕੁਟਲ ਨੀਤੀ ਦੀ ਕੜੀ ਹੈ। ਗੁਰਮਤੀ ਸਿੱਖ ਤਾਂ ਅਜਿਹੀ ਕਰਮਕਾਂਡੀ, ਫੋਕੀ ਅਤੇ ਗੁਲਾਮੀ ਦਾ ਪ੍ਰਤੀਕ ਰੱਖੜੀ ਦੀ ਰਸਮੀ ਰੱਖਿਆ ਵਿੱਚ ਯਕੀਨ ਹੀ ਨਹੀਂ ਰੱਖਦਾ। ਸਿੱਖ ਦਾ ਤਾਂ ਪੱਕਾ ਯਕੀਨ ਹੈ- ਤੂੰ ਮੇਰਾ ਰਾਖਾ ਸਭਨੀ ਥਾਈ ਤਾ ਭਉ ਕੇਹਾ ਕਾੜਾ ਜੀਉ॥੧॥ (੧੦੩) ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ॥੧॥ (੮੧੬) ਸਿੱਖ ਸਮੁੱਚੇ ਸੰਸਾਰ ਦੀਆਂ ਔਰਤਾਂ ਨੂੰ ਵੱਡੀਆਂ ਨੂੰ ਆਪਣੀਆਂ ਮਾਵਾਂ, ਛੋਟੀਆਂ ਨੂੰ ਧੀਆਂ ਅਤੇ ਬਰਾਬਰ ਦੀਆਂ ਨੂੰ ਭੈਣਾਂ ਸਮਝਦਾ ਹੈ ਅਤੇ ਔਖੇ ਵੇਲੇ ਲੋੜ ਪੈਣ ਤੇ ਆਪਣੀ ਵਿਤ ਅਨੁਸਾਰ ਧੀਆਂ-ਭੈਣਾਂ ਦੀ ਪ੍ਰਤੱਖ ਰੱਖਿਆ ਵੀ ਕਰਦਾ ਹੈ।

ਅਜੋਕੇ ਬਹੁਤੇ ਡੇਰਾਵਾਦੀ, ਅਗਿਆਨੀ, ਭਰਮੀ ਅਤੇ ਗੁਰਮਤਿ ਸਿਧਾਤਾਂ ਜਾਂ ਗੁਰਬਾਣੀ ਅਰਥਾਂ ਤੋਂ ਕੋਰੇ ਸਿੱਖ ਬ੍ਰਾਹਮਣੀ ਰਸਮਾਂ ਰੀਤਾਂ ਅਤੇ ਕਰਮਕਾਂਡਾਂ ਵਿੱਚ ਦੇਖਾ ਦੇਖੀ ਇਤਨੇ ਫਸ ਚੁੱਕੇ ਹਨ ਕਿ ਉਨ੍ਹਾਂ ਨੂੰ ਅਸਲ ਤੇ ਨਕਲ ਜਾਂ ਘੋੜੇ ਅਤੇ ਗਧੇ ਦੀ ਪਛਾਣ ਹੀ ਨਹੀਂ ਰਹੀ, ਉਹ ਹਰੇਕ ਬ੍ਰਾਹਮਣੀ ਰਸਮ ਜਾਂ ਤਿਉਹਾਰ ਨੂੰ ਬੜੀ ਸਾਨੋ ਸ਼ੌਕਤ ਨਾਲ ਮਨਾਉਂਦੇ ਹਨ। ਜਿਵੇਂ ਤਿਲਕ ਲਾਉਣੇ, ਸੰਧੂਰੀ ਧਾਗੇ ਡੋਰੀਆਂ ਗੁੱਟਾਂ ਤੇ ਬੰਨਣੀਆਂ, ਪਾਠਾਂ ਨਾਲ ਜੋਤਾਂ, ਨਰੇਲ ਅਤੇ ਕੁੰਭ ਘੜੇ ਕੈਨੀਆਂ ਰੱਖਣੀਆਂ। ਮੱਸਿਆ, ਪੁੰਨਿਆ, ਪੰਚਕਾਂ ਅਤੇ ਸੰਗ੍ਰਾਂਦਾਂ ਆਦਿਕ ਬ੍ਰਾਹਮਣੀ ਰਸਮਾਂ ਅਤੇ ਤਿਉਹਾਰ ਘਰਾਂ ਵਿੱਚ ਕੀ ਸਗੋਂ ਗੁਰਦੁਆਰਿਆਂ ਵਿੱਚ ਵੀ ਗੱਜ ਵੱਜ ਕੇ ਮਨਾਉਣੇ, ਤੇਲ ਚੋਣਾਂ, ਗੁਰੂ ਗ੍ਰੰਥ ਸਹਿਬ ਦੇ ਪੀਹੜੇ, ਪਾਲਕੀ, ਚੌਰ ਅਤੇ ਨਿਸ਼ਾਨ ਸਾਹਿਬ ਨੂੰ ਵੀ ਰੱਖੜੀਆਂ ਅਤੇ ਰੰਗ ਬਰੰਗੇ ਧਾਗੇ ਮੌਲੀਆਂ ਬੰਨਣਾਂ ਅਤੇ ਦਿਵਾਲੀ ਵਾਲੇ ਦਿਨ ਨਿਸ਼ਾਨ ਦੇ ਆਲੇ ਦੁਆਲੇ ਤੇ ਗੁਰਦੁਆਰੇ ਦੀ ਹਰ ਨੁਕਰ ਵਿਖੇ ਦੀਵੇ, ਮੋਮਬੱਤੀਆਂ ਜਗਾ-ਜਗਾ ਕੇ ਪੂਰਾ ਗੁਰਦੁਆਰਾ ਹੀ ਮੰਦਰਨੁਮਾ ਬਣਾ ਦੇਣਾਂ, ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਗੁਰਮਤਿ ਵਿਰੋਧੀ ਗ੍ਰੰਥਾਂ ਦਾ ਪ੍ਰਕਾਸ਼ ਕਰਨਾ, ਇਸੇ ਬ੍ਰਾਹਮਣੀਕਰਣ ਕੜੀ ਦਾ ਹੀ ਹਿੱਸਾ ਹੈ। ਨਲਕਿਆਂ ਦੀਆਂ ਹੱਥੀਆਂ, ਕਾਰਾਂ ਦੇ ਸਟੇਰਿੰਗਾਂ, ਪਸ਼ੂਆਂ ਦੇ ਗਲਾਂ ਵਿੱਚ ਵੀ ਰੱਖੜੀਆਂ ਬੰਨ੍ਹੀ ਜਾਣਾ ਕਿਹੜੀ ਭੈਣ ਦੀ ਰੱਖਿਆ ਵਾਲਾ ਕਰਮ ਹੈ? ਰੱਖੜੀ ਜਿਸ ਦੇਸ਼ ਦੀ ਰਸਮ ਹੈ ਅੱਜ ਉਸੇ ਦੇਸ਼ ਵਿੱਚ ਹੀ ਭੈਣਾਂ ਦੀ ਇਜ਼ਤ ਬਚਾਉਣੀ ਅਤੇ ਰੱਖਿਆ ਤਾਂ ਕੀ ਕਰਣੀ ਸਗੋਂ ਉਨ੍ਹਾਂ ਦੀ ਇਜ਼ਤ ਬਲਾਤਕਾਰਾਂ ਰਾਹੀਂ ਆਏ ਦਿਨ ਲੁੱਟੀ ਜਾ ਰਹੀ ਅਤੇ ਪਿਆਰ ਦੀ ਥਾਂ ਨਫਰਤਾਂ ਪਾਲੀਆਂ ਜਾ ਰਹੀਆਂ ਹਨ। ਗੁੱਟਾਂ ਤੇ ਰੱਖੜੀ ਬੰਨਾਉਣ ਵਾਲੇ ਦੇਸ਼ ਦੇ ਹਾਕਮ, ਪੁਲਿਸੀਏ, ਰੱਖਿਆ ਕਰਮੀ ਅਤੇ ਫੌਜੀ ਵੀ ਇਜ਼ਤਾਂ ਲੁੱਟਣ ਵਾਲੇ ਗੁੰਡਿਆਂ ਦਾ ਸਾਥ ਸ਼ਰੇਆਮ ਦੇ ਰਹੇ ਹਨ। ਘੱਟ ਗਿਣਤੀਆਂ ਨੂੰ ਆਪਣੇ ਦੇਸ਼ ਵਿੱਚ ਹੀ ਗੁਲਾਮੀ ਦਾ ਅਹਿਸਾਸ ਕਰਵਾਇਆ ਜਾ ਰਿਹਾ ਹੈ। ਭਾਰਤ ਨੂੰ ਛੱਡ ਕੇ ਬਾਕੀ ਬਹੁਤੇ ਹੋਰ ਦੇਸ਼ਾਂ ਵਿੱਚ ਰੱਖੜੀ ਵਾਲੀ ਫੋਕੀ ਰਸਮ ਨਹੀਂ, ਕੀ ਓਥੇ ਭਰਾ ਭੈਣਾਂ ਦੀ ਰੱਖਿਆ ਨਹੀਂ ਕਰਦੇ? ਕੀ ਓਨ੍ਹਾਂ ਦੇਸ਼ਾਂ ਵਿੱਚ ਪਿਆਰ ਖਤਮ ਹੋ ਚੁੱਕਾ ਹੈ? ਨਹੀਂ ਸਗੋਂ ਓਥੇ ਭੈਣਾਂ ਆਪਣੇ ਆਪ ਨੂੰ ਭਾਰਤ ਤੋਂ ਵੱਧ ਸੁਰੱਖਿਅਤ ਸਮਝਦੀਆਂ ਹਨ।

ਭੈਣ ਭਰਾਵੋ! ਧਿਆਨ ਨਾਲ ਸਮਝੋ ਅਜਿਹੀਆਂ ਰੱਖੜੀ ਵਰਗੀਆਂ ਹੋਰ ਅਨੇਕਾਂ ਰੂੜੀਵਾਦੀ ਰਸਮਾਂ ਪ੍ਰੋਹਿਤਾਂ, ਪੁਜਾਰੀਆਂ, ਬ੍ਰਾਹਮਣਾਂ ਅਤੇ ਕੁਟਲਨੀਤੀਵਾਨਾਂ ਦੀਆਂ ਚਲਾਈਆਂ ਹੋਈਆਂ ਹਨ, ਜਿਨ੍ਹਾਂ ਦੇ ਆਸਰੇ ਜਨਤਾ ਨੂੰ ਲੁੱਟਿਆ ਅਤੇ ਉਨ੍ਹਾਂ ਤੇ ਮਨ ਭਾਉਂਦਾ ਰਾਜ ਕੀਤਾ ਜਾ ਰਿਹਾ ਹੈ। ਜਨਤਾ ਧਰਮ ਪੁਜਾਰੀਆਂ ਅਤੇ ਰਾਜਨੀਤਕ ਠੱਗਾਂ ਦੇ ਭਰਮ ਜਾਲ ਵਿੱਚ ਫਸ ਕੇ ਅੰਧਵਿਸ਼ਵਾਸ਼ੀ ਬਣਦੀ ਜਾ ਰਹੀ ਹੈ। ਜਰਾ ਸੋਚੋ! ਵਿਦੇਸ਼ ਵਿੱਚ ਗਿਆ ਭਰਾ ਦੇਸ਼ ਵਿੱਚ ਬੈਠੀ ਭੈਣ ਦੀ ਰੱਖਿਆ ਕਿਵੇਂ ਕਰ ਸਕਦਾ ਹੈ? ਚਲੋ ਜਿਨ੍ਹਾਂ ਦੀ ਇਹ ਰਸਮ ਹੈ ਉਹ ਖੁਸ਼ੀ ਨਾਲ ਨਿਭਾਉਣ ਪਰ ਸਿੱਖਾਂ ਨੂੰ ਤਾਂ ਅਜਿਹੀਆਂ ਬ੍ਰਾਹਮਣੀ ਫੋਕੀਆਂ ਰਸਮਾਂ ਦਾ ਤਾਂ ਤਿਆਗ ਕਰਨਾ ਚਾਹੀਦਾ ਹੈ ਜਿਨ੍ਹਾਂ ਤੋਂ ਗੁਰਬਾਣੀ ਅਤੇ ਸਿੱਖ ਰਹਿਤ ਮਰਯਾਦਾ ਵਰਜਿਤ ਕਰਦੀ ਹੈ। ਸਿੱਖ ਮੂਰਤੀ ਪੂਜਕ, ਅੰਧਵਿਸ਼ਵਾਸ਼ੀ ਅਤੇ ਲਾਈਲੱਗ ਨਹੀਂ ਹੋ ਸਕਦਾ ਸਗੋਂ ਅਕਾਲ ਪੁਰਖ ਦਾ ਪੁਜਾਰੀ, ਗਿਆਨਵੇਤਾ ਅਤੇ ਬਿਬੇਕ ਬੁੱਧੀ ਨਾਲ ਖੋਟੇ ਖਰੇ ਦੀ ਪਰਖ ਕਰਨ ਵਾਲਾ ਹੁੰਦਾ ਹੈ। ਗੁਰੂ ਸਾਹਿਬ ਨੇ ਸਾਨੂੰ ਭਰਮਾਂ ਤੋਂ ਸਦਾ ਬਚਣ ਦਾ ਪ੍ਰਤੀਕ ਕੜਾ ਪਹਿਨਾਇਆ ਇਸ ਲਈ ਸਿੱਖ ਦਾ ਹੱਥ 'ਚ ਕੜਾ ਪਾ ਕੇ, ਨਾਲ ਹੀ ਰੱਖੜੀ ਬੰਨ੍ਹਣਾ, ਗੁਰੂ ਹੁਕਮ ਦੀ ਤੌਹੀਨ ਹੈ, ਅਜਿਹਾ ਕਰਨ ਵਾਲਾ ਸਿੱਖ ਨਕਲੀ,ਜਾਅਲੀ, ਦੰਭੀ, ਪਾਖੰਡੀ ਅਤੇ ਅੰਧਵਿਸ਼ਵਾਸ਼ੀ ਹੈ। ਸੋ ਧਿਆਨ ਨਾਲ ਸੋਚੋ ਅਤੇ ਵਿਚਾਰੋ ਕਿ ਰੱਖੜੀ ਬੰਨ੍ਹਣ ਵਾਲਾ ਕੇਸਾਧਾਰੀ ਸਿੱਖ ਬ੍ਰਾਹਮਣ ਦਾ ਪੈਰੋਕਾਰ ਤਾਂ ਹੋ ਸਕਦਾ ਹੈ ਪਰ ਸਿੱਖ ਗੁਰੂਆਂ ਦਾ ਨਹੀਂ। ਇਸ ਲਈ ਸਿੱਖ ਬੀਬੀਆਂ ਭੈਣਾਂ ਨੂੰ ਨਿਗੂਣੇ ਲਾਲਚ ਵਿੱਚ ਸਿੱਖ ਸਿਧਾਂਤਾਂ ਨੂੰ ਤੋੜ ਕੇ, ਬ੍ਰਾਹਮਣੀ ਰਸਮ ਰੱਖੜੀ ਜੋ ਗੁਲਾਮੀ ਦੀ ਪ੍ਰਤੀਕ ਹੈ, ਦਾ ਤਿਆਗ ਕਰ ਦੇਣਾਂ ਚਾਹੀਦਾ ਹੈ ਅਤੇ ਸਿੱਖ ਭਰਾਵਾਂ ਨੂੰ ਵੀ ਗੁਰੂਆਂ ਭਗਤਾਂ ਅਤੇ ਸ਼ਹੀਦਾਂ ਦੇ ਪਵਿਤਰ ਦਿਹਾੜਿਆਂ ਤੇ ਲੋੜਵੰਦ ਭੈਣਾਂ ਨੂੰ ਆਪਣੀ ਵਿਤ ਮੁਤਾਬਿਕ ਵੱਧ ਤੋਂ ਵੱਧ ਮਦਦ ਕਰਕੇ ਹੌਂਸਲਾ ਅਫਜਾਈ ਕਰਨੀ ਚਾਹੀਦੀ ਹੈ। ਰਲ ਮਿਲ ਕੇ ਸੰਗਤ ਰੂਪ ਵਿੱਚ ਗੁਰਬਾਣੀ ਵਿਚਾਰਦੇ ਅਤੇ ਧਾਰਦੇ ਹੋਏ-ਗੁਰ ਸਿਖਾ ਇਕੋ ਪਿਆਰੁ ਗੁਰ ਮਤਾ ਪੁਤਾ ਭਾਈਆ॥ (੬੪੮) ਨੂੰ ਬਰਕਰਾਰ ਰੱਖਣਾ ਚਹੀਦਾ ਹੈ।

ਭੈਣੋਂ! ਆਪਣਾ ਰਾਖਾ ਸਦਾ ਕਰਤਾਰ ਨੂੰ ਸਮਝੋ ਜੋ ਸਭਦੀ ਰੱਖਿਆ ਕਰਦਾ ਹੈ-ਰਾਖਾ ਏਕੁ ਹਮਾਰਾ ਸੁਆਮੀ॥ (੧੧੩੬) ਗੁਰੂ ਦੀ ਬਖਸ਼ੀ ਸਪਿਰਟ ਅਨੁਸਾਰ ਆਪਣੀ ਅਤੇ ਲੋੜਵੰਦਾਂ ਦੀ ਰੱਖਿਆ ਆਪ ਕਰੋ ਕਿਉਂਕਿ ਗੁਰੂ ਨੇ ਤੁਹਾਨੂੰ ਅਬਲਾ ਕਹਿ ਕੇ ਦਬਾ ਦਿੱਤੀਆਂ ਗਈਆਂ ਨੂੰ ਗੁਰ ਸ਼ਬਦ ਗਿਆਨ ਦੀ ਸ਼ਕਤੀ ਬਖਸ਼, ਸਬਲਾ ਬਣਾ ਕੇ ਅਕਾਲ ਪੁਰਖ ਕੀ ਫੌਜ ਖਾਲਸਾ ਸਾਜ, ਔਰਤ ਅਤੇ ਮਰਦ ਨੂੰ ਬਰਾਬਰ ਦੇ ਅਧਿਕਾਰ ਬਖਸ਼ ਦਿੱਤੇ ਸਨ। ਇਸ ਲਈ ਗੁਰੂ ਦੀ ਸਾਜੀ ਨਿਵਾਜੀ ਖਾਲਸਾ ਫੌਜ ਵਿੱਚ ਸ਼ਾਮਲ ਹੋ ਕੇ, ਰੱਖੜੀ ਵਰਗੀਆਂ, ਫੋਕੇ ਪਿਆਰ ਵਾਲੀਆਂ ਅਤੇ ਕਰਮਕਾਂਡਾਂ ਦੇ ਭਰਮ ਜਾਲ ਵਿੱਚ ਫਸਾ ਕੇ ਗੁਲਾਮ ਬਿਰਤੀ ਪੈਦਾ ਕਰਨ ਵਾਲੀਆਂ ਬ੍ਰਾਹਮਣੀ ਰਸਮਾਂ ਨੂੰ, ਗੁਰੂ ਗਿਆਨ ਦੇ ਨਸ਼ਤਰਾਂ ਨਾਲ ਕੱਟ-ਕੱਟ ਕੇ ਸਦਾ ਲਈ ਖਤਮ ਕਰ ਦਿਓ। ਸਿੱਖੀ ਦੇ ਸੁੰਦਰ ਵਿਹੜੇ ਅਤੇ ਸੁਹਾਵਣੇ ਬਾਗ ਵਿੱਚੋਂ ਫੋਕੀਆਂ ਰਸਮਾਂ ਦਾ ਕੂੜਾ ਕਰਕਟ ਗੁਰੂ ਗਿਆਨ ਦੀ ਬੁਹਾਰੀ ਨਾਲ ਹਰ ਵੇਲੇ ਸਾਫ ਰੱਖੋ।

ਘੱਟ ਤੋਂ ਘੱਟ ਗੁਰਦੁਆਰਿਆਂ ਦੇ ਪ੍ਰਬੰਧਕਾਂ, ਰਾਗੀਆਂ, ਗ੍ਰੰਥੀਆਂ, ਢਾਡੀਆਂ, ਕਵੀਆਂ ਅਤੇ ਪ੍ਰਚਾਰਕਾਂ ਨੂੰ ਫੋਕੀਆਂ ਗੁਰਮਤਿ ਵਿਰੋਧੀ ਰਸਮਾਂ ਦਾ ਤਿਆਗ ਕਰਕੇ, ਸਿੱਖੀ ਪ੍ਰਚਾਰ ਦੇ ਸੋਮੇਂ ਗੁਰਦੁਆਰਿਆਂ ਨੂੰ ਸਦਾ ਬ੍ਰਾਹਮਣਵਾਦ ਦੇ ਫੈਲਾਏ ਕਰਮਕਾਂਡਾਂ ਅਤੇ ਫੋਕੀਆਂ ਰੀਤਾਂ, ਰਸਮਾਂ ਤੋਂ ਬਚਾ ਕੇ ਸਾਫ ਸੁਥਰਾ ਰੱਖਦੇ ਹੋਏ ਵੱਧ ਤੋਂ ਵੱਧ ਗੁਰਬਾਣੀ ਗੁਰੂ ਗ੍ਰੰਥ ਸਾਹਿਬ ਦਾ ਗਿਆਨ ਪ੍ਰਚਾਰ ਵੰਡਣਾਂ ਚਾਹੀਦਾ ਹੈ। ਜੇ ਗੁਰਦੁਆਰਿਆਂ ਚੋਂ ਐਸੇ ਗੁਰੂ ਗਿਆਨ ਦੇ ਸੋਮੇ ਪ੍ਰਚਾਰਕਾਂ ਅਤੇ ਪ੍ਰਬੰਧਕਾਂ ਦੇ ਰੂਪ ਵਿੱਚ ਫੁੱਟ ਪੈਣ ਤਾਂ ਰੱਖੜੀ ਵਰਗੀਆਂ ਹੋਰ ਅਨੇਕਾਂ ਰੂੜੀਵਾਦੀ ਗੁਲਾਮੀ ਵਾਲੀਆਂ ਕਰਮਕਾਂਡੀ ਫੋਕੀਆਂ ਰਸਮਾਂ ਦੀ ਗਰਦਸ਼ ਤੋਂ ਸਿੱਖੀ ਦੇ ਵਿਹੜੇ ਨੂੰ ਸਾਫ ਰੱਖਿਆ ਜਾ ਸਕਦਾ ਹੈ।

# ਸ੍ਰੀ ਗੁਰੂ ਰਵਿਦਾਸ ਮੰਦਰ ਢਾਹੇ ਜਾਣ ਦੇ ਮਸਲੇ ਤੇ ਕੈਪਟਨ ਨੇ ਪ੍ਰਧਾਨ ਮੰਤਰੀ ਤੋਂ ਦਖਲ ਦੀ ਮੰਗ ਕੀਤੀ



**ਚੰਡੀਗੜ੍ਹ-** ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਦਿੱਲੀ ਵਿਖੇ ਸ੍ਰੀ ਗੁਰੂ ਰਵਿਦਾਸ ਮੰਦਰ ਤੇ ਸਮਾਧੀ ਨੂੰ ਢਾਹ ਦੇਣ ਨਾਲ ਰਵਿਦਾਸ ਭਾਈਚਾਰੇ ਵਿਚ ਪੈਦਾ ਹੋਏ ਤਣਾਅ ਦੇ ਹੱਲ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਨਿੱਜੀ ਤੌਰ 'ਤੇ ਦਖਲ ਦੇਣ ਦੀ ਅਪੀਲ ਕੀਤੀ ਹੈ। ਮੁੱਖ ਮੰਤਰੀ ਨੇ ਭਾਈਚਾਰੇ ਨੂੰ ਪ੍ਰਦਰਸ਼ਨ ਬੰਦ ਕਰਨ ਤੇ ਸ਼ਾਂਤੀ ਬਣਾਈ ਰੱਖਣ ਦੀ ਵੀ ਅਪੀਲ ਕੀਤੀ।

ਮੁੱਖ ਮੰਤਰੀ ਨੇ ਇਹ ਅਪੀਲ ਗੁਰੂ ਰਵਿਦਾਸ ਜੈਅੰਤੀ ਸਮਾਰੋਹ ਸਮਿਤੀ ਦੇ ਬੈਨਰ ਹੇਠ ਭਾਈਚਾਰੇ ਦੇ ਮੈਂਬਰਾਂ ਵੱਲੋਂ 13 ਅਗਸਤ ਨੂੰ ਬੰਦ ਤੇ 15 ਅਗਸਤ ਨੂੰ ਕਾਲੇ ਦਿਨ ਵਜੋਂ ਮਨਾਉਣ ਦੇ ਐਲਾਨ ਮਗਰੋਂ ਕੀਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਉਹ ਸੁਪਰੀਮ ਕੋਰਟ ਦੇ ਫੈਸਲੇ 'ਤੇ ਟਿੱਪਣੀ ਨਹੀਂ ਕਰਨਾ ਚਾਹੁੰਦੇ ਪਰ ਨਿੱਜੀ ਤੌਰ ਤੇ ਇਤਿਹਾਸਕ ਮਹੱਤਤਾ ਵਾਲੇ ਕਿਸੇ ਢਾਂਚੇ ਨੂੰ ਢਾਹੁਣ ਦੇ ਹੱਕ ਵਿਚ ਨਹੀਂ ਹਨ। ਕੈਪਟਨ ਨੇ ਕੇਂਦਰੀ ਸ਼ਹਿਰੀ ਵਿਕਾਸ ਮੰਤਰੀ ਹਰਦੀਪ ਸਿੰਘ ਪੁਰੀ ਨਾਲ ਨਿੱਜੀ ਤੌਰ 'ਤੇ ਗੱਲਬਾਤ ਕਰਕੇ ਇਹ ਜਗ੍ਹਾ ਮੁੜ ਅਲਾਟ ਕਰਨ ਦੀ ਮੰਗ ਕੀਤੀ।

### ਪੰਜ ਮੈਂਬਰੀ ਕਮੇਟੀ ਗਠਿਤ

ਇਸ ਮਾਮਲੇ ਦੀ ਪੈਰਵੀ ਕਰਨ ਅਤੇ ਢਾਹੇ ਗਏ ਢਾਂਚੇ ਦਾ ਉਸੇ ਜਗ੍ਹਾ 'ਤੇ ਮੁੜ ਨਿਰਮਾਣ ਕਰਨ ਲਈ ਭਾਈਚਾਰੇ ਨੂੰ ਕਾਨੂੰਨੀ ਅਤੇ ਵਿੱਤੀ ਸਹਾਇਤਾ ਮੁਹੱਈਆ ਕਰਵਾਉਣ ਦਾ ਭਰੋਸਾ ਦਿੰਦਿਆਂ ਮੁੱਖ ਮੰਤਰੀ ਨੇ ਪੰਜ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ ਜੋ ਸੋਮਵਾਰ ਨੂੰ ਭਾਈਚਾਰੇ ਦੇ ਧਾਰਮਿਕ ਤੇ ਸਿਆਸੀ ਨੁਮਾਇੰਦਿਆਂ ਨੂੰ ਮਿਲ ਕੇ ਰਣਨੀਤੀ ਘੜੇਗੀ। ਇਹ ਕਮੇਟੀ ਚੌਧਰੀ ਸੰਤੋਖ ਸਿੰਘ, ਚਰਨਜੀਤ ਸਿੰਘ ਚੰਨੀ, ਰਾਜ ਕੁਮਾਰ ਚੱਬੇਵਾਲ, ਅਰੁਣਾ ਚੌਧਰੀ ਅਤੇ ਸੁਸ਼ੀਲ ਕੁਮਾਰ ਰਿੰਕੂ 'ਤੇ ਆਧਾਰਿਤ ਹੈ।



ਸ੍ਰੀ ਗੁਰੂ ਰਵਿਦਾਸ ਧਾਰਮਿਕ ਸਭਾ ਵੋਲਵਰਹੈਂਪਟਨ ਅਤੇ ਸ੍ਰੀ ਗੁਰੂ ਰਵਿਦਾਸ ਭਵਨ ਬਰ੍ਮਿੰਘਮ ਦੇ ਮੈਂਬਰਾਂ ਨੇ ਬ੍ਰਮਿੰਘਮ ਸਥਿਤ ਭਾਰਤ ਦੇ ਕੌਂਸਲੇਟ ਜਨਰਲ ਅਮਨ ਪੁਰੀ ਨੂੰ ਮੈਮੋਰੰਡਮ ਦੀ ਕਾਪੀ ਦੇ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਰਾਸ਼ਟਰਪਤੀ ਅਤੇ ਦਿੱਲੀ ਦੇ ਮੁੱਖ ਮੰਤਰੀ ਨੂੰ ਬੇਨਤੀ ਕੀਤੀ ਕਿ ਸ੍ਰੀ ਗੁਰੂ ਰਵਿਦਾਸ ਮੰਦਰ ਤੁਗਲਕਾਬਾਦ ਦਿੱਲੀ ਵਿਖੇ 4 ਜੁਲਾਈ 2014 ਨੂੰ ਸ੍ਰੀ ਗੁਰੂ ਰਵਿਦਾਸ ਮੰਦਰ ਦੀ ਥਾਂ ਨਾਲ ਛੇੜਛਾੜ ਬੰਦ ਕੀਤੀ ਜਾਵੇ।



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

# ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰੂਘਰ ਦੀ ਪ੍ਰਬੰਧਕ ਕਮੇਟੀ ਸਰਬਸੰਮਤੀ ਨਾਲ ਚੁਣੀ ਗਈ

## ਸੰਗਤਾਂ ਦੀ ਹਾਜ਼ਰੀ 'ਚ ਸ.ਜਸਦੀਪ ਸਿੰਘ ਜੱਸੀ , ਚੇਅਰਮੈਨ ਸਾਊਥ ਏਸ਼ੀਅਨ ਕਮਿਸ਼ਨ ਨੇ ਕੀਤਾ ਨਵੀ ਕਮੇਟੀ ਦਾ ਐਲਾਨ



ਬਲਜਿੰਦਰ ਸਿੰਘ ਸ਼ੰਮੀ | ਧਰਮਪਾਲ ਸਿੰਘ | ਰਤਨ ਸਿੰਘ | ਸੁਖਜਿੰਦਰ ਸਿੰਘ | ਡਾ. ਸੁਰਿੰਦਰ ਗਿੱਲ



ਹਰਭਜਨ ਸਿੰਘ | ਸੁਖਵਿੰਦਰ ਸਿੰਘ ਸੋਨੀ | ਬੀਬੀ ਕਾਂਤਾ ਸੈਮੀ | ਸੁਖਜਿੰਦਰ ਸਿੰਘ ਸੋਨੀ

**ਮੈਰੀਲੈਂਡ (ਰਾਜ ਗੋਗਨਾ)–** ਅਮਰੀਕਾ ਵਿੱਚ ਆਮ ਤੌਰ ਤੇ ਗੁਰੂਘਰਾਂ ਦੇ ਪ੍ਰਬੰਧਾ ਲਈ ਕਮੇਟੀਆਂ ਬਣਾਈਆਂ ਜਾਂਦੀਆਂ ਹਨ।ਜਿਨ੍ਹਾਂ ਨੂੰ ਵੋਟਾਂ ਰਾਹੀ ਚੁਣਿਆ ਜਾਂਦਾ ਹੈ। ਜਿਸ ਲਈ ਪਹਿਲਾਂ ਰਜਿਸਟ੍ਰੇਸ਼ਨ ਰਾਹੀਂ ਵੋਟਾਂ ਬਣਾਈਆਂ ਜਾਂਦੀਆਂ ਹਨ, ਉਪਰੰਤ ਛਾਣਬੀਣ ਕਰਕੇ ਵੋਟਰ ਲਿਸਟ ਬੋਰਡ ਤੇ ਲਗਾਈ ਜਾਂਦੀ ਹੈ।

ਫਿਰ ਵੋਟਾਂ ਰਾਹੀਂ ਸੇਵਾਦਾਰ ਚੁਣੇ ਜਾਂਦੇ ਹਨ। ਜਿਸ ਤੇ ਹਜ਼ਾਰਾਂ ਡਾਲਰ ਖਰਚ ਸਿਰਫ ਚੌਧਰ ਲੈਣ ਪਿੱਛੇ ਕੀਤੇ ਜਾਂਦੇ ਹਨ। ਜਦਕਿ ਸੇਵਾ ਕਰਨ ਲਈ ਅਜਿਹਾ ਨਹੀਂ ਹੋਣਾ ਚਾਹੀਦਾ। ਗੁਰੂਘਰ ਦੀ ਸੇਵਾ ਤੋਂ ਕੋਈ ਨਹੀਂ ਰੋਕ ਸਕਦਾ। ਸਿਰਫ ਅਮਰੀਕਾ ਦੇ ਗੁਰੂਘਰਾਂ ਵਿੱਚ ਨਿਯਮਾਂ ਅਨੁਸਾਰ ਪ੍ਰਮਾਣਿਤ ਕਮੇਟੀ ਰਾਹੀਂ ਹਰ ਕੰਮ ਕੀਤਾ ਜਾਦਾਂ ਹੈ। ਜਿਸ ਲਈ ਸਬੰਧਤ ਵਿਅਕਤੀ, ਗਰੁੱਪ ਜਾਂ ਸੇਵਾਦਾਰਾਂ ਨੂੰ ਅਗਾਂਹੂ ਕਮੇਟੀ ਨੂੰ ਸੂਚਨਾ ਦੇਣੀ ਪੈਂਦੀ ਹੈ, ਜਿਸ ਦੇ ਪਾਬੰਦ ਹੋਣਾ ਲਾਜ਼ਮੀ ਹੈ।ਭਾਵ ਪ੍ਰਵਾਨਗੀ ਲੈਣੀ ਲਾਜ਼ਮੀ ਹੁੰਦੀ ਹੈ।

ਅਜਿਹਾ ਨਾਂ ਕਰਨ ਦੀ ਸੂਰਤ ਵਿੱਚ ਕੀਤੇ ਕੰਮ ਨੂੰ ਵੀ ਵਰਜਿਤ ਵੀ ਕੀਤਾ ਜਾ ਸਕਦਾ ਹੈ। ਕਮੇਟੀ ਪੂਰੀ ਸ਼ਕਤੀ ਦੇ ਸਮਰੱਥ ਹੁੰਦੀ ਹੈ। ਪਰ ਬਾਲਟੀਮੋਰ ਗੁਰੂ ਘਰ ਵਿੱਚ ਹਰ ਕਾਰਜ ਸਰਬ-ਸੰਮਤੀ ਨਾਲ ਹੁੰਦਾ ਹੈ। ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਗੁਰਦੁਆਰਾ ਪ੍ਰਬੰਧਕ ਕਮੇਟੀ ਹਮੇਸ਼ਾ ਹੀ ਸਰਬਸੰਮਤੀ ਨਾਲ ਚੁਣੀ ਜਾਂਦੀ ਹੈ। ਇੱਥੇ ਕਦੇ ਵੀ ਚੋਣਾਂ ਦੀ ਪ੍ਰੀਕਿਰਿਆ ਨਹੀਂ ਕੀਤੀ ਗਈ।ਹੈ।ਜਿਸ ਕਰਕੇ ਇਸ ਗੁਰੂਘਰ ਦੀਆਂ ਉਦਾਹਰਣਾਂ ਪੂਰੇ ਅਮਰੀਕਾ ਵਿੱਚ ਦਿੱਤੀਆਂ ਜਾਂਦੀਆਂ ਹਨ। ਹਰ ਫੈਸਲਾ ਸਰਬਸੰਮਤੀ ਨਾਲ ਕੀਤਾ ਜਾਂਦਾ ਹੈ। ਭਾਵੇਂ ਗੁੱਟਬਾਜ਼ੀ ਜਾਂ ਗਰੁੱਪਬਾਜ਼ੀ ਹੋਵੇ ਪਰ ਪ੍ਰਬੰਧਕ ਕਮੇਟੀ ਦੀ ਚੋਣ ਸਰਬਸੰਮਤੀ ਨਾਲ ਬਗੈਰ ਚੋਣ ਪ੍ਰਕਿਰਿਆ ਤੋ ਕੀਤੀ ਜਾਂਦੀ ਹੈ। ਸੋ ਇਸ ਸਾਲ 2019-20 ਦੀ ਪ੍ਰਬੰਧਕ ਕਮੇਟੀ ਤੇ ਟਰੱਸਟੀ ਵੀ ਸਰਬਸੰਮਤੀ ਨਾਲ ਚੁਣੇ ਗਏ ਹਨ। ਸੋ ਨਵੀਂ ਕਮੇਟੀ ਦਾ ਐਲਾਨ ਜਸਦੀਪ ਸਿੰਘ ਜੱਸੀ ਚੇਅਰਮੈਨ ਸਾਊਥ ਏਸ਼ੀਅਨ ਕਮਿਸ਼ਨ ਮੈਰੀਲੈਂਡ ਨੇ ਸੰਗਤਾਂ ਦੀ ਹਾਜ਼ਰੀ ਵਿੱਚ ਕੀਤਾ। ਜਿਸ ਨੂੰ ਸਮੂੰਹ ਸੰਗਤ ਨੇ ਸਵੀਕਾਰਿਆ ਹੈ। ਨਵੀਂ ਕਮੇਟੀ ਨੇ ਆਪਣਾ ਕਾਰਜ-ਭਾਗ ਸੰਭਾਲ ਕੇ ਆਪੋ-ਆਪਣੇ ਆਹੁਦਿਆਂ ਤੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ।

ਆਸ ਹੈ ਕਿ ਵੱਖ-ਵੱਖ ਕਾਰਜਾਂ ਦੀਆਂ ਪ੍ਰਬੰਧਕ ਕਮੇਟੀਆਂ ਵੀ ਜਲਦੀ ਗਠਿਤ ਕਰਕੇ ਸੁਚੱਜੇ ਢੰਗ ਨਾਲ ਗੁਰੂਘਰਾਂ ਨੂੰ ਚਲਾਇਆ ਜਾਵੇਗਾ। ਇਸ ਦੇ ਨਾਲ ਨਾਲ ਵਿਕਾਸ ਕਾਰਜਾਂ ਦੀ ਸੂਚੀ ਵੀ ਤਿਆਰ ਕੀਤੀ ਜਾ ਰਹੀ ਹੈ। ਜਿਸ ਨੂੰ ਤਰਤੀਬ ਅਨੁਸਾਰ ਨੇਪਰੇ ਚਾੜ੍ਹਿਆ ਜਾਵੇਗਾ। ਹਾਲ ਦੀ ਘੜੀ ਨਵੀਂ ਕਮੇਟੀ ਵਿੱਚ ਅੰਕਿਤ ਕੀਤੇ ਅਹੁਦੇ ਤੇ ਨਾਵਾਂ ਦਾ ਐਲਾਨ ਇਸ ਪ੍ਰਕਾਰ ਕੀਤਾ ਹੈ।

ਬਲਜਿੰਦਰ ਸਿੰਘ ਸ਼ੰਮੀ ਚੇਅਰਮੈਨ, ਮਾਸਟਰ ਧਰਮਪਾਲ ਸਿੰਘ ਉੱਪ ਚੇਅਰਮੈਨ, ਰਤਨ ਸਿੰਘ ਪ੍ਰਧਾਨ, ਸੁਖਜਿੰਦਰ ਸਿੰਘ ਉੱਪ ਪ੍ਰਧਾਨ, ਡਾ. ਸੁਰਿੰਦਰ ਸਿੰਘ ਗਿੱਲ ਸਕੱਤਰ ਜਨਰਲ, ਹਰਭਜਨ ਸਿੰਘ ਸਹਾਇਕ ਸਕੱਤਰ, ਸੁਖਜਿੰਦਰ ਸਿੰਘ ਕੈਸ਼ੀਅਰ, ਹਰਜੀਤ ਸਿੰਘ ਸਹਾਇਕ ਕੈਸ਼ੀਅਰ, ਬੀਬੀ ਕਾਂਤਾ ਸੈਮੀ ਪੀ. ਆਰ. ਓ., ਸੁਖਵਿੰਦਰ ਸਿੰਘ ਘੋਗਾ ਸਹਾਇਕ ਪੀ. ਆਰ. ਓ. ਹੋਣਗੇ। ਇਸ ਸਾਲ ਨਵੇਂ ਬੋਰਡ ਮੈਂਬਰਾਂ ਵਿੱਚ ਸਰਬਜੀਤ ਸਿੰਘ ਢਿੱਲੋਂ, ਜਰਨੈਲ ਸਿੰਘ, ਗੁਰਦੇਵ ਸਿੰਘ ਘੋਤੜਾ, ਦਵਿੰਦਰ ਸਿੰਘ ਜੋਨੀ, ਮਨਿੰਦਰ ਸਿੰਘ ਸੇਠੀ, ਗੁਰਮੀਤ ਸਿੰਘ ਨੂੰ ਸ਼ਾਮਲ ਕੀਤਾ ਗਿਆ ਹੈ। ਆਸ ਹੈ ਕਿ ਇਹ ਪ੍ਰਬੰਧਕ ਕਮੇਟੀ ਸੰਗਤਾਂ ਦੇ ਆਸ਼ੇ ਤੇ ਪੂਰਨ ਉਤਰੇਗੀ ਅਤੇ ਸਮੇਂ ਸਮੇਂ ਵਧੀਆ ਧਾਰਮਿਕ ਪ੍ਰੋਗਰਾਮ, ਕੀਰਤਨੀ ਜਥਿਆਂ ਰਾਹੀਂ ਬਾਣੀ ਨਾਲ ਜੋੜੇਗੀ।

ਉਪਰੋਕਤ ਕਮੇਟੀ ਚੁਣਨ ਵੇਲੇ ਸਮੁੱਚੇ ਬੋਰਡ ਨੇ ਪੂਰਨ ਤੌਰ ਤੇ ਯੋਗਦਾਨ ਪਾਇਆ ਹੈ, ਜਿਨ੍ਹਾਂ ਵਿੱਚ ਜਸਦੀਪ ਸਿੰਘ ਜੱਸੀ, ਸੁਖਜਿੰਦਰ ਸਿੰਘ, ਸੁਖਵਿੰਦਰ ਸਿੰਘ, ਦਲਜੀਤ ਸਿੰਘ ਮੁਲਤਾਨੀ, ਬਲਜਿੰਦਰ ਸਿੰਘ ਸ਼ੰਮੀ, ਰਤਨ ਸਿੰਘ, ਜਸਵੰਤ ਸਿੰਘ ਧਾਲੀਵਾਲ, ਗੁਰਪ੍ਰੀਤ ਸਿੰਘ ਸੰਨੀ, ਕੇ .ਕੇ ਸਿੱਧੂ, ਦਲਵੀਰ ਸਿੰਘ, ਸੁਰਜੀਤ ਸਿੰਘ, ਬਲਜੀਤ ਸਿੰਘ, ਧਰਮਪਾਲ ਸਿੰਘ, ਮਨਜੀਤ ਸਿੰਘ ਕੈਰੋਂ ਸ਼ਾਮਲ ਸਨ। ਸਮੁੱਚੇ ਬੋਰਡ ਅਤੇ ਸੰਗਤ ਵਧਾਈ ਦੀ ਪਾਤਰ ਹੈ। ਜਿਨ੍ਹਾਂ ਨੇ ਨਵੀਂ ਬਣੀ ਕਮੇਟੀ ਨੂੰ ਸਰਬਸੰਮਤੀ ਨਾਲ ਪ੍ਰਵਾਨਤ ਕਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਹਨ।

ਆਸ ਹੈ ਕਿ ਇਹ ਪ੍ਰਬੰਧਕ ਕਮੇਟੀ ਸਾਰੇ ਕੰਮ-ਕਾਜ ਬੋਰਡ ਦੀ ਪ੍ਰਵਾਨਗੀ ਅਨੁਸਾਰ ਕਰੇਗੀ ਅਤੇ ਸਮੇਂ ਸਮੇਂ ਸੰਗਤਾਂ ਨੂੰ ਫੈਸਲਿਆਂ ਬਾਰੇ ਸੂਚਿਤ ਕਰਦੀ ਰਹੇਗੀ। ਸਮੂੰਹ ਸੰਗਤ ਵਧਾਈ ਦੀ ਪਾਤਰ ਹੈ। ਸਾਰੇ ਹੀ ਮੈਂਬਰਾਂ ਨੇ ਨਵ-ਗਠਿਤ ਕਮੇਟੀ ਨੂੰ ਪਰਵਾਨ ਕਰਕੇ ਇਸ ਦਾ ਐਲਾਨ ਕਰਵਾ ਕੇ ਸੰਗਤਾਂ ਦੇ ਹਿੱਤ ਨੂੰ ਸੁਰੱਖਿਅਤ ਅਤੇ ਵਿਕਾਸਪੱਖੀ ਬਣਾਇਆ ਹੈ। ਸਭ ਵਧਾਈ ਦੇ ਪਾਤਰ ਹਨ। ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਐਸੋਸੀਏਸ਼ਨ ਆਫ ਬਾਲਟੀਮੋਰ ਦੇ ਸਰਬ-ਸੰਮਤੀ ਨਾਲ ਆਹੁਦੇਦਾਰ ਜਿੰਨਾਂ 'ਚ ਬਲਜਿੰਦਰ ਸਿੰਘ ਸ਼ੰਮੀ - ਚੇਅਰਮੈਨ ਧਰਮਪਾਲ ਸਿੰਘ - ਉੱਪ ਚੇਅਰਮੈਨ

ਰਤਨ ਸਿੰਘ - ਪ੍ਰਧਾਨ

ਸੁਖਜਿੰਦਰ ਸਿੰਘ - ਉੱਪ ਪ੍ਰਧਾਨ

ਡਾ. ਸੁਰਿੰਦਰ ਸਿੰਘ ਗਿੱਲ - ਜਨਰਲ ਸਕੱਤਰ

ਹਰਭਜਨ ਸਿੰਘ - ਸਹਾਇਕ ਸਕੱਤਰ

ਸੁਖਜਿੰਦਰ ਸਿੰਘ ਸੋਨੀ - ਕੈਸ਼ੀਅਰ

ਹਰਜੀਤ ਸਿੰਘ - ਸਹਾਇਕ ਕੈਸ਼ੀਅਰ

ਕਾਂਤਾ ਸੈਮੀ - ਪਬਲਿਸਕ ਰਿਲੇਸ਼ਨ ਅਫਸਰ

ਸੁਖਵਿੰਦਰ ਸਿੰਘ ਘੱਗਾ- ਉੱਪ ਲੋਕ ਸੰਪਰਕ ਅਫਸਰ । ਬੋਰਡ ਆਫ ਮੈਂਬਰਜ਼ ਮਨਿੰਦਰ ਸਿੰਘ ਸੇਠੀ ਸਰਬਜੀਤ ਸਿੰਘ ਢਿੱਲੋਂ ਜਰਨੈਲ ਸਿੰਘ ਗੁਰਦੇਬ ਸਿੰਘ ਦਲਵਿੰਦਰ ਸਿੰਘ ਜੌਨੀ ਗੁਰਮੀਤ ਸਿੰਘ ਚੁਣੇ


## Change of Name

I, SWARAN SINGH RESIDENT OF 9265 CHAROLAIS WAY ELK GROVE, CA USA CERTIFY THAT I CHANGED MY NAME FROM SAWARN SINGH TO SWARAN SINGH.

SWARAN S GILL

SINGH INSURANCE & TAX SVCS



SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

# ਤੁਗਲਕਾਵਾਦ ਦਿੱਲੀ ਚ ਸਤਿਗੁਰੂ ਰਵਿਦਾਸ ਮਹਾਰਾਜ ਦਾ ਇਤਿਹਾਸਕ ਸਥਾਨ ਢਾਉਣ ਨਾਲ ਵਿਦੇਸ਼ਾਂ 'ਚ ਬੈਠੀਆਂ ਸੰਗਤਾਂ 'ਚ ਰੋਸ ਦੀ ਲਹਿਰ

**ਰੋਮ (ਇਟਲੀ) (ਟੇਕ ਚੰਦ ਜਗਤਪੁਰ)–** ਤੁਗਲਕਾਬਾਦ ਦਿੱਲੀ ਚ ਸਥਿਤ ਸਤਿਗੁਰੂ ਰਵਿਦਾਸ ਮਹਾਰਾਜ ਜੀ ਦਾ ਪੁਰ-ਾਤਨ ਮੰਦਰ ਮਾਨਯੋਗ ਸੁਪ੍ਰੀਮ ਕੋਰਟ ਦੇ ਹੁਕਮ ਤੇ ਬੀਤੇ ਦਿਨ ਬੁਲਡੋਜਰ ਫੇਰ ਕੇ ਢਹਿ-ਢੇਰੀ ਕਰ ਦਿੱਤਾ, ਜਿਸ ਨਾਲ ਵਿਦੇਸ਼ਾਂ ਚ ਬੈਠੇ ਰਵਿਦਾਸੀਆਂ ਸਮਾਜ ਅਤੇ ਰਵਿਦਾਸ ਨਾਮ ਲੇਵਾ ਸੰਗਤਾਂ ਦੇ ਹਿਰਦੇ ਵਲੂੰਧਰੇ ਗਏ। ਸਰਕਾਰ ਦੀ ਇਸ ਘਿਨੋਣੀ ਕਾਰਵਾਈ ਦੀ ਦੇਸ਼ ਚ ਵੱਖ-ਵੱਖ ਸੜਕਾਂ ਅਤੇ ਹਾਈ ਵੇਅ ਰੋਕ ਕੇ ਰੋਸ ਦਾ ਪ੍ਰਗਟਾਵਾ ਕੀਤਾ ਜਾ ਰਿਹਾ ਹੇ, ਉਥੇ ਵਿਦੇਸ਼ਾਂ ਚ ਵੀ ਇਸ ਪ੍ਰਤੀ ਰੋਸ ਦੀ ਲਹਿਰ ਪਾਈ ਜਾ ਰਹੀ ਹੈ।ਸੰਗਤਾਂ ਨੇ ਇਟਲੀ ਚ ਵੱਖ-ਵੱਖ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੇ ਸਥਾਨਾਂ ਤੇ ਇਕੱਠੇ ਹੋ ਕੇ ਰੋਸ ਦਾ ਪ੍ਰਗਟਾਵਾ ਕੀਤਾ।

ਗੁਰਦੁਆਰਾ ਸ੍ਰੀ ਗੁਰੂ ਰਵਿਦਾਸ ਮਹਾਰਾਜ ਇਜੋਲੇਲੋ (ਕਰੇਮੋਨਾ) ਦੇ ਪ੍ਰਧਾਨ ਸ੍ਰੀ ਰਜਿੰਦਰ ਪਾਲ ਰੰਧਾਵਾ ਅਤੇ ਸ੍ਰੀ ਗੁਰੂ ਰਵਿਦਾਸ ਧਾਰਮਿਕ ਅਸਥਾਨ ਰਿਜੋਮਿਲੀਆ ਦੇ ਜਨਰਲ ਸਕੱਤਰ ਪੰਮਾ ਲਧਾਣਾ ਨੇ ਕਿਹਾ ਕਿ ਦਲਿਤ ਵਿਰੋਧੀ ਮੋਦੀ ਸਰਕਾਰ ਨੇ ਸੁਪਰੀਮ ਕੋਰਟ ਦਾ ਸਹਾਰਾ ਲੈ ਕੇ ਜੋ ਪਵਿੱਤਰ ਸਥਾਨ ਲਈ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸਮਕਾਲੀ ਮੁਗਲ ਬਾਦਸ਼ਾਹ ਸਿਕੰਦਰ ਲੋਧੀ ਨੇ 13 ਬੀਘੇ ਜਮੀਨ ਸ੍ਰੀ ਗੁਰੂ ਰਵਿਦਾਸ ਮੰਦਰ ਦੇ ਨਾਂਅ ਕਰਵਾਈ ਸੀ, ਉਸ ਵਿਚ ਇਸ ਸ਼ਾਨਦਾਰ ਪੁਰਾਤਨ ਮੰਦਰ ਜਿਸ ਨੂੰ ਪਹਿਲਾ ਵੀ ਕਈ ਵਾਰ ਢਾਉਣ ਦੀਆਂ ਕੋਸ਼ਿਸ਼ਾਂ ਅਸਫਲ ਰਹੀਆਂ, ਪਰ ਮੋਦੀ ਸਰਕਾਰ ਨੇ ਮਾਨਯੋਗ ਸੁਪਰੀਮ ਕੋਰਟ ਆਏ ਨਵੇਂ ਫੈਸਲੇ ਮੁਤਾਬਕ ਉਸ ਨੂੰ ਢਹਿ -ਢੇਰੀ ਕਰ ਦਿੱਤਾ ਹੈ।



ਉਨ੍ਹਾਂ ਅੱਗੇ ਕਿਹਾ ਕਿ ਜੇਕਰ ਸਰਕਾਰ ਨੇ ਇਸ ਮੰਦਰ ਨੂੰ ਦੁਬਾਰਾ ਨਾ ਬਣਾ ਕੇ ਦਿੱਤਾ ਤਾਂ ਇਸ ਦਾ ਖਮਿਆਜ਼ਾ ਸਰਕਾਰ ਨੂੰ ਭੁਗਤਣਾ ਪਵੇਗਾ।ਇਸ ਤੋ ਇਲਾਵਾ ਸ੍ਰੀ ਗੁਰੂ ਰਵਿਦਾਸ ਸਭਾ ਪਾਰਮਾ ਦੇ ਪ੍ਰਧਾਨ ਸ੍ਰੀ ਭੁੱਟੋ ਕੁਮਾਰ ਨੇ ਵੀ ਇਸ ਦੀ ਨਿਖੇਧੀ ਕੀਤੀ। ਸ੍ਰੀ ਗੁਰੂ ਰਵਿਦਾਸ ਦਰਬਾਰ ਮਾਨਤੋਵਾ ਦੇ ਪ੍ਰਧਾਨ ਰਾਜ ਕੁਮਾਰ ਮਹਿਲਪੁਰ, ਰਿਜੋਮੀਲੀਆ ਦੇ ਪ੍ਰਧਾਨ ਕਸ਼ਮੀਰ ਲਾਲ, ਭਾਰਤ ਰਤਨ ਡਾ ਅੰਬੇਡਕਰ ਐਸੋਸ਼ੀਏਸ਼ਨ ਇਟਲੀ ਦੇ ਮੀਤ ਪ੍ਰਧਾਨ ਕੁਲਵਿੰਦਰ ਲੋਈ ਨੇ ਵੀ ਕੇਦਰ ਸਰਕਾਰ ਦੀ ਅਲੋਚਨਾ ਕੀਤੀ।

# ਦਿੱਲੀ 'ਚ ਮੰਦਰ ਤੋੜਨ ਦੇ ਫੈਸਲੇ ਤੋਂ ਭੜਕਿਆ ਰਵਿਦਾਸੀਆ ਭਾਈਚਾਰਾ, ਹਾਈਵੇਅ ਕੀਤਾ ਜਾਮ, ਥਾਂ-ਥਾਂ ਪ੍ਰਦਰਸ਼ਨ

**ਜਲੰਧਰ–** ਦਿੱਲੀ 'ਚ ਸ੍ਰੀ ਗੁਰੂ ਰਵਿਦਾਸ ਮੰਦਰ ਨੂੰ ਤੋੜਨ ਲਈ ਆਏ ਸੁਪਰੀਮ ਕੋਰਟ ਦੇ ਫੈਸਲੇ ਤੋਂ ਬਾਅਦ ਜਲੰਧਰ ਤੇ ਨੇੜੇ-ਤੇੜੇ ਦੇ ਜ਼ਿਲ੍ਹਿਆਂ 'ਚ ਰਵਿਦਾਸੀਆ ਸਮਾਜ 'ਚ ਕਾਫੀ ਰੋਸ ਪਾਇਆ ਜਾ ਰਿਹਾ ਹੈ। ਭੜਕੇ ਲੋਕਾਂ ਨੇ ਲੁ-ਧਿਆਣਾ-ਜਲੰਧਰ ਹਾਈਵੇਅ 'ਤੇ ਕਈ ਥਾਂ ਜਾਮ ਲਗਾ ਕੇ ਰੋਸ ਪ੍ਰਦਰਸ਼ਨ ਕੀਤਾ ਹੈ। ਇਸ ਦੌਰਾਨ ਵੱਡੀ ਗਿਣਤੀ 'ਚ ਵਾਹਨ ਜਾਮ 'ਚ ਫਸ ਗਏ ਹਨ। ਫਿਲੌਰ ਤੋਂ ਵੀ ਜਾਮ ਲੱਗਣ ਦੀ ਖਬਰ ਆਈ ਹੈ। ਸ਼ਹਿਰ 'ਚ ਪੀਏਪੀ ਫਲਾਈਓਵਰ 'ਤੇ ਜਾਮ ਲਗਾ ਹੈ। ਇਸ ਕਾਰਨ ਹਾਈਵੇਅ ਤੋਂ ਆਉਣ ਵਾਲੇ ਵਾਹਨ ਚਾਲਕਾਂ ਨੂੰ ਭਾਰੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸ਼ਹਿਰ 'ਚ ਰਾਮਾਮੰਡੀ ਤੇ ਸ੍ਰੀ ਗੁਰੂ ਰਵਿਦਾਸ ਚੌਕ 'ਤੇ ਲੋਕ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ। ਦੇਹਾਤ 'ਚ ਕਾਲਾ ਸੰਘਿਆ ਤੇ ਗੋਰਾਇਆਂ 'ਚ ਭਾਈਚਾਰੇ ਦੇ ਲੋਕ ਸੜਕਾਂ 'ਤੇ ਧਰਨਾ ਦੇ ਕੇ ਵਿਰੋਧ ਜਤਾ ਰਹੇ ਹਨ।

ਸ਼ਨਿਚਰਵਾਰ ਨੂੰ ਇਥੇ ਨੂਰਮਹਿਲ, ਤਲਵਣ ਤੇ ਅਕਲਪੁਰ ਰੋਡ ਵਾਲੇ ਚੌਕ 'ਚ ਸ੍ਰੀ ਗੁਰੂ ਰਵਿਦਾਸ ਮੰਦਰ ਪ੍ਰਬੰਧਕ ਕਮੇਟੀ ਦੀ ਅਗਵਾਈ ਹੇਠ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤ ਨੇ ਚੱਕਾ ਜਾਮ ਕਰ ਦਿੱਤਾ ਤੇ ਮੋਦੀ ਸਰਕਾਰ ਵਿਰੁੱਧ ਜੰਮ ਕੇ ਨਾਅਰੇਬਾਜ਼ੀ ਕੀਤੀ। ਇਸ ਰੋਸ ਧਰਨੇ ਵਿਚ ਬੱਚੇ, ਔਰਤਾਂ, ਬਜ਼ੁਰਗ ਤੇ ਮਰਦ ਵੱਡੀ ਗਿਣਤੀ ਵਿਚ ਸ਼ਾਮਲ ਹੋਏ।

ਰੋਸ ਧਰਨੇ ਨੂੰ ਸੰਬੋਧਨ ਕਰਦੇ ਹੋਏ ਆਗੂਆਂ ਕੌਂਸਲਰ ਯਸ਼ਪਾਲ ਗਿੰਡਾ, ਕੌਂਸਲਰ ਰਾਏ ਵਰਿੰਦਰ, ਕੌਂਸਲਰ ਮਹਿੰਦਰਪਾਲ ਚੁੰਬਰ, ਸੀਨੀਅਰ ਕਾਂਗਰਸੀ ਦੇਸ ਰਾਜ ਮੱਲ, ਕਾਮਰੇਡ ਜਰਨੈਲ, ਹੰਸਰਾਜ ਤੇ ਗੋਡਲੀ ਨਾਹਰ ਨੇ ਕਿਹਾ ਕਿ ਡੀਡੀਏ ਵੱਲੋਂ ਸ੍ਰੀ ਗੁਰੂ ਰਵਿਦਾਸ ਮੰਦਰ ਤੁਗਲਕਾਬਾਦ, ਦਿੱਲੀ ਨੂੰ ਹਟਾਉਣ ਦੇ ਰੋਸ ਵਿਚ ਇਹ ਜਾਮ ਲਾਇਆ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਡੀਡੀਏ ਨੇ ਧੱਕੇ ਨਾਲ ਉਕਤ ਪ੍ਰਚੀਨ ਮੰਦਰ ਨੂੰ ਤੋੜਨ ਦੀ ਕੋਝੀ ਹਰਕਤ ਕੀਤੀ ਹੈ ਜੋ ਦਲਿਤ ਸਮਾਜ ਨਾਲ ਧੱਕਾ ਹੈ। ਇਸ ਨੂੰ ਸੰਗਤ ਕਦੇ ਵੀ ਸਹਿਣ ਨਹੀਂ ਕਰਨਗੇ। ਇਸ ਮੰਦਰ ਨੂੰ ਤੋੜਨ ਨਾਲ ਸੰਗਤ ਦੇ ਹਿਰਦੇ ਵਲੂੰਧਰੇ ਜਾਣਗੇ।

ਉਨ੍ਹਾਂ ਦੱਸਿਆ ਕਿ ਉਕਤ ਮੰਦਰ ਦੇ ਸਾਰੇ ਕਾਗ਼ਜ਼ਾਤ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਨਾਮ 'ਤੇ ਹਨ, ਫਿਰ ਸਰਕਾਰ ਇਸ ਮਾਮਲੇ ਵਿਚ ਦਖ਼ਲ ਕਿਉਂ ਦੇ ਰਹੀ ਹੈ। ਬੁਲਾਰਿਆਂ ਨੇ ਕਿਹਾ ਕਿ ਪੁਲਿਸ ਨੇ ਆਲ ਇੰਡੀਆ ਆਦਿ ਧਰਮ ਮਿਸ਼ਨ ਦੇ ਕੌਮੀ ਪ੍ਰਧਾਨ ਸੰਤ ਸਤਵਿੰਦਰ ਸਿੰਘ ਹੀਰਾ, ਮੁੱਖ ਪ੍ਰਚਾਰਕ ਸੰਤ ਜੋਗਿੰਦਰ ਪਾਲ ਜੌਹਰੀ, ਸੰਤ ਦਿਆਲ ਚੰਦ, ਸੰਤ ਕਰਮ ਚੰਦ, ਸੁਖਚੈਨ ਸਿੰਘ ਤੇ ਦਿੱਲੀ ਦੀ ਲੋਕਲ ਕਮੇਟੀ ਦੇ ਮੈਂਬਰਾਂ ਨੂੰ ਹਿਰਾਸਤ ਵਿਚ ਲੈ ਕੇ ਸਰਾਸਰ ਧੱਕਾ ਕੀਤਾ ਹੈ। ਆਗੂਆਂ ਨੇ ਚੇਤਾਵਨੀ ਦਿੱਤੀ ਕਿ ਜੇ ਮੰਦਰ ਨਾਲ ਕਿਸੇ ਨੇ ਛੇੜਛਾੜ ਕੀਤੀ ਤਾਂ ਨਤੀਜਿਆਂ ਲਈ ਸਰਕਾਰ ਖੁਦ ਜ਼ਿੰਮੇਵਾਰੀ ਹੋਵੇਗੀ। ਉਨ੍ਹਾਂ ਕਿਹਾ ਕਿ ਅਗਲਾ ਪ੍ਰੋਗਰਾਮ 13 ਅਗਸਤ ਉਪਰੰਤ ਦੱਸਿਆ ਜਾਵੇਗਾ।



# ਸ੍ਰੀ ਗੁਰੂ ਰਵਿਦਾਸ ਮੰਦਰ ਮੁੜ ਉਸਾਰਿਆ ਜਾਵੇ : ਡੇਰਾ ਸੱਚਖੰਡ ਬੱਲਾਂ

**ਜਲੰਧਰ–** ਡੇਰਾ ਸੰਤ ਸਰਵਣ ਦਾਸ ਮਹਾਰਾਜ ਸੱਚਖੰਡ ਬੱਲਾਂ ਦੇ ਮੌਜੂਦਾ ਗੱਦੀਨਸ਼ੀਨ ਤੇ ਚੇਅਰਮੈਨ ਸ੍ਰੀ ਗੁਰੂ ਰਵਿਦਾਸ ਜਨਮ ਅਸਥਾਨ ਪਬਲਿਕ ਚੈਰੀਟੇਬਲ ਟਰੱਸਟ ਵਾਰਾਨਾਸੀ ਸੰਤ ਨਿਰੰਜਨ ਦਾਸ ਦੀ ਪ੍ਰਧਾਨਗੀ ਹੇਠ ਟਰੱਸਟ ਦੀ ਵਿਸ਼ੇਸ ਮੀਟਿੰਗ ਹੋਈ। ਮੀਟਿੰਗ 'ਚ ਰਵਿਦਾਸੀਆ ਧਰਮ ਸੰਗਠਨ ਦੇ ਅਹੁਦੇਦਾਰ ਵੀ ਸ਼ਾਮਲ ਸਨ। ਇਸ ਮੌਕੇ ਕੇਂਦਰ ਸਰਕਾਰ, ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਸਰਕਾਰ ਤੇ ਡੀਡੀਏ ਦਿੱਲੀ ਵੱਲੋਂ ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਪੁਰਾਤਨ ਮੰਦਰ ਤੁਗਲਕਾਬਾਦ, ਦਿੱਲੀ ਨੂੰ ਢਾਹੁਣ 'ਤੇ ਡੂੰਘਾ ਅਫਸੋਸ ਪ੍ਰਗਟ ਕੀਤਾ ਗਿਆ। ਮੀਟਿੰਗ 'ਚ ਉਨ੍ਹਾਂ ਨੇ ਕਿਹਾ ਉਨ੍ਹਾਂ ਵੱਲੋਂ ਰਾਸ਼ਟਰਪਤੀ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗਵਰਨਰ ਦਿੱਲੀ, ਮੁੱਖ ਮੰਤਰੀ ਦਿੱਲੀ ਅਰਵਿੰਦ ਕੇਜਰੀਵਾਲ ਤੇ ਡਿਵੈਪਮੈਂਟ ਅਥਾਰਟੀ ਦਿੱਲੀ ਨੂੰ ਇਸ ਮੰਦਰ ਨੂੰ ਕੋਈ ਨੁਕਸਾਨ ਨਾ ਪਹੁੰਚਾਉਣ ਸੰਬੰਧੀ ਮੰਗ ਪੱਤਰ ਭੇਜੇ ਗਏ ਸਨ ਪ੍ਰੰਤੂ ਇਸ ਦੇ ਬਾਵਜੂਦ ਮੰਦਰ ਨੂੰ ਢਾਹ ਦਿੱਤਾ ਗਿਆ। ਇਸ ਨਾਲ ਸਤਿਗੁਰੂ ਰਵਿਦਾਸ ਨਾਮ ਲੇਵਾ ਸੰਗਤ ਦੇ ਮਨਾਂ ਨੂੰ ਭਾਰੀ ਠੇਸ ਪੁੱਜੀ ਹੈ। ਮੀਟਿੰਗ 'ਚ ਕੇਂਦਰ ਸਰਕਾਰ ਤੋਂ ਮੰਗ ਕੀਤੀ ਹੈ ਕਿ ਰਵਿਦਾਸੀਆ ਸਮਾਜ ਦੀ ਸੰਗਤ ਦੀਆਂ ਭਾਵਨਾਵਾਂ ਨੂੰ ਸਮਝਦੇ ਹੋਏ ਇਸ ਮੰਦਰ ਨੂੰ ਮੁੜ ਉਸਾਰਿਆ ਜਾਵੇ ਤੇ ਮੰਦਰ ਦੀ ਜ਼ਮੀਨ ਵਾਪਸ ਕੀਤੀ ਜਾਵੇ।



# ਅੰਬੇਡਕਰ ਮਿਸ਼ਨ ਸੋਸਾਇਟੀ ਨੇ ਸ੍ਰੀ ਗੁਰੂ ਰਵਿਦਾਸ ਮੰਦਿਰ ਨੂੰ ਢਾਹੁਣ ਦੀ ਕੀਤੀ ਨਿੰਦਾ





**ਜਲੰਧਰ–** ਅੰਬੇਡਕਰ ਭਵਨ ਜਲੰਧਰ ਵਿਖੇ ਅੰਬੇਡਕਰ ਮਿਸ਼ਨ ਸੋਸਾਇਟੀ ਪੰਜਾਬ (ਰਜਿ.) ਵਲੋਂ "ਭਾਰਤੀ ਸੰਵਿਧਾਨ ਵਿਚ ਲੋਕਤੰਤਰਿਕ ਸਿਧਾਂਤਾਂ ਦਾ ਵਿਸ਼ਲੇਸ਼ਣਾਤਮਕ ਅਧਿਅਨ" ਵਿਸ਼ੇ 'ਤੇ ਵਿਚਾਰ ਗੋਸ਼ਟੀ ਦਾ ਆਯੋਜਨ ਕੀਤਾ ਗਿਆ। ਵਿਚਾਰ ਗੋਸ਼ਟੀ ਵਿਚ ਰਾਮ ਲਾਲ ਦਾਸ ਨੇ ਮੁਖ ਬੁਲਾਰੇ ਵਜੋਂ ਸ਼ਿਰਕਤ ਕੀਤੀ। ਰਾਮ ਲਾਲ ਦਾਸ ਨੇ ਕਿਹਾ ਕਿ ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੈ। 26 ਜਨਵਰੀ 1950 ਨੂੰ ਇਸ ਦਾ ਸੰਵਿਧਾਨ ਲਾਗੂ ਹੋਣ ਤੇ ਇਸ ਨੂੰ ਧਰਮ ਨਿਰਪੱਖ ਅਤੇ ਜਮਹੂਰੀ ਘੋਸ਼ਿਤ ਕੀਤਾ ਗਿਆ ਸੀ। ਲੋਕਤੰਤਰੀ ਭਾਰਤ ਬਰਾਬਰੀ, ਆਜ਼ਾਦੀ, ਨਿਆਂ ਅਤੇ ਭਾਈਚਾਰੇ ਦੇ ਸਿਧਾਂਤਾਂ ਵਿੱਚ ਵਿਸ਼ਵਾਸ ਰੱਖਦਾ ਹੈ। ਕਿਸੇ ਵੀ ਜਾਤੀ, ਧਰਮ, ਲਿੰਗ ਅਤੇ ਖੇਤਰ ਦੇ ਲੋਕਾਂ ਨੂੰ ਵੋਟ ਪਾਉਣ ਅਤੇ ਆਪਣੇ ਨੁਮਾਇੰਦੇ ਚੁਣਨ ਦਾ ਬਰਾਬਰ ਅਧਿਕਾਰ ਹੈ। ਪਰ ਸਮਾਨਤਾ, ਆਜ਼ਾਦੀ, ਨਿਆਂ ਅਤੇ ਭਰੱਪਣ ਦੇ ਸਾਰੇ ਸਿਧਾਂਤ ਦਾਅ ਤੇ ਹਨ। ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਕਿਹਾ ਕਿ ਬਾਬਸਾਹਿਬ ਅੰਬੇਡਕਰ ਨੇ ਸੰਵਿਧਾਨ ਦੀ ਪ੍ਰਸਤਾਵਨਾ "ਅਸੀਂ, ਭਾਰਤ ਦੇ ਲੋਕਾਂ ਨਾਲ ਕੀਤੀ ਸੀ। ਉਹਨਾਂ ਨੇ ਭਾਰਤ ਦੇ ਲੋਕਾਂ ਨੂੰ ਸਭ ਤੋਂ ਉੱਪਰ ਸਮਝਿਆ. ਕਿਉਂਕਿ ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਇਸ ਨੂੰ ਭਵਿੱਖ ਵਿੱਚ ਵੀ ਚੁਣੌਤੀਆਂ ਦਾ ਸਾਹਮਣਾ ਕਰਨ ਦੀ ਸੰਭਾਵਨਾ ਹੈ। ਬਦਸੂਰਤ ਤਾਕਤਾਂ ਦਾ ਇਕ ਖ਼ਤਰਾ ਹੈ, ਜੋ ਲੋਕਤੰਤਰ ਵਿਚ ਧਰਮ, ਜਾਤ, ਖੇਤਰ, ਆਦਿ ਦੀ ਤਰਜ਼ 'ਤੇ ਵੰਡ ਦਾ ਸਮਰਥਨ ਕਰਦੇ ਹਨ. ਦੇਸ਼ ਦੇ ਕੁਝ ਹਿੱਸਿਆਂ ਵਿਚ ਮੌਜੂਦਾ ਰਾਜਨੀਤਿਕ ਬੇਚੈਨੀ ਲੋਕਤੰਤਰ ਨੂੰ ਖ਼ਤਰੇ ਵਿਚ ਪਾ ਸਕਦੀ ਹੈ। ਦੇਸ਼ ਦੇ ਰਾਜਨੀਤਿਕ ਨੇਤਾਵਾਂ ਦੇ ਹਿੱਸੇ ਤੇ ਇਹ ਜ਼ਰੂਰੀ ਹੈ ਕਿ ਉਹ ਦੇਸ਼ ਵਿਰੋਧੀ ਤਾਕਤਾਂ ਦੇ ਵਿਰੁੱਧ ਇੱਕਜੁਟ ਹੋ ਕੇ ਦੇਸ਼ ਦੇ ਲੋਕਤੰਤਰ ਨੂੰ ਕਾਇਮ ਰੱਖਣ। ਇਸ ਉਦੇਸ਼ ਦੀ ਪ੍ਰਾਪਤੀ ਲਈ ਆਮ ਲੋਕਾਂ ਨੂੰ ਸਿੱਖਿਆ ਪ੍ਰਦਾਨ ਕਰਨਾ ਅਤੇ ਦੇਸ਼ ਦੇ ਨਾਗਰਿਕਾਂ ਨੂੰ ਉਨ੍ਹਾਂ ਦੇ ਅਧਿਕਾਰਾਂ ਅਤੇ ਫਰਜ਼ਾਂ ਪ੍ਰਤੀ ਜਾਗਰੂਕ ਕਰਨਾ ਜ਼ਰੂਰੀ ਹੈ। ਭਾਰਤ ਵਰਗੇ ਵਿਸ਼ਾਲ ਦੇਸ਼ ਵਿੱਚ ਜਮਹੂਰੀਅਤ ਕਾਇਮ ਰੱਖਣ ਲਈ, ਇਹ ਜ਼ਰੂਰੀ ਹੈ ਕਿ ਦੇਸ਼ ਦੇ ਸਾਰੇ ਨਾਗਰਿਕ ਇੱਕਜੁੱਟ ਹੋ ਕੇ ਖੜੇ ਹੋਣ ਅਤੇ ਰਾਸ਼ਟਰ ਦੀ ਤਰੱਕੀ ਪ੍ਰਤੀ ਆਪਣੀ-ਆਪਣੀ ਭੂਮਿਕਾ ਅਦਾ ਕਰਨ। ਵਿਚਾਰ ਗੋਸ਼ਟੀ ਦਾ ਸਮਾਗਮ ਸੋਸਾਇਟੀ ਦੀ ਪ੍ਰਧਾਨ ਮੈਡਮ ਸੁਦੇਸ਼ ਕਲਿਆਣ ਦੀ ਪ੍ਰਧਾਨਗੀ ਹੇਠ ਹੋਇਆ ਅਤੇ ਉਨ੍ਹਾਂ ਨੇ ਆਪਣੇ ਭਾਸ਼ਣ ਵਿਚ ਦਿੱਲੀ ਦੇ ਤੁਗਲਾਕਾਬਦ ਵਿਖੇ ਸ੍ਰੀ ਗੁਰੂ ਰਵਿਦਾਸ ਮੰਦਿਰ ਨੂੰ ਢਾਹੇ ਜਾਨ ਦੀ ਸਖ਼ਤ ਸ਼ਬਦਾਂ 'ਚ ਨਿੰਦਾ ਕੀਤੀ ਅਤੇ 13 ਅਗਸਤ ਦੇ ਬੰਦ ਦਾ ਸਮਰਥਨ ਕੀਤਾ ਹੈ। ਇਹ ਗੱਲ ਸੋਸਾਇਟੀ ਦੇ ਜਨਰਲ ਸਕੱਤਰ ਵਰਿੰਦਰ ਕੁਮਾਰ ਨੇ ਇੱਕ ਪ੍ਰੈਸ ਬਿਆਨ ਵਿਚ ਕਿਹਾ, ਵਰਿੰਦਰ ਕੁਮਾਰ ਨੇ ਅੱਗੇ ਦੱਸਿਆ ਕਿ ਸੋਸਾਇਟੀ ਅੰਬੇਡਕਰ ਮਿਸ਼ਨ ਦੇ ਪ੍ਰਚਾਰ ਪ੍ਰਸਾਰ ਵਾਸਤੇ ਭਵਿੱਖ ਵਿਚ ਵੀ ਅਜਿਹੀਆਂ ਵਿਚਾਰ ਗੋਸ਼ਟੀਆਂ ਕਰਵਾ ਕੇ ਸਮਾਜ ਨੂੰ ਜਾਗਰੂਕ ਕਰੇਗੀ। ਐਡਵੋਕੇਟ ਕੁਲਦੀਪ ਭੱਟੀ ਨੇ ਸਟੇਜ ਦਾ ਸੰਚਾਲਨ ਬਾਖੂਬੀ ਨਿਭਾਇਆ। ਇਸ ਮੌਕੇ ਲਾਹੌਰੀ ਰਾਮ ਬਾਲੀ, ਬਲਦੇਵ ਰਾਜ ਭਾਰਦਵਾਜ, ਸੋਹਨ ਲਾਲ ਧਫੀ ਕਾਲਜਾਂ (ਸੇਵਾਮੁਕਤ), ਐਡਵੋਕੇਟ ਪਰਮਿੰਦਰ ਖੁੱਤਣ, ਸਨੀ ਥਾਪਰ, ਜਸਵਿੰਦਰ ਵਰਿਆਣਾ, ਰਾਜੇਸ਼ ਵਿਰਦੀ, ਮਲਕੀਤ ਸਿੰਘ, ਹਰਮੇਸ਼ ਜੱਸਲ, ਚੰਦਰ ਮੋਹਨ ਕਾਜਲਾ, ਡਾ. ਸੰਦੀਪ ਮਹਿਮੀ, ਚਰਨਜੀਤ ਸਿੰਘ, ਚਮਨ ਲਾਲ , ਐਲ ਕੇ ਕਲਿਆਣ, ਹਰਦਿਆਲ ਜੱਸਲ ਅਤੇ ਹੋਰ ਹਾਜਰ ਸਨ।

**–ਵਰਿੰਦਰ ਕੁਮਾਰ (ਜਨਰਲ ਸਕੱਤਰ)**


## 'ਦੇਸ਼ ਦੁਆਬਾ'

### ਹਰ ਹਫਤੇ ਛਪਣ ਵਾਲਾ ਅਖਬਾਰ

ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?

ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?

ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।

### ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਹਰ ਸ਼ਨਿਚਰਵਾਰ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ।

ਰਚਨਾ ਸਿਰਫ ਅਣਛਪੀ ਹੀ ਭੇਜੀ ਜਾਵੇ।

ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੈ।

ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ

ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

1-916-947-8920 (ਫੋਨ), 1-916-238-1393 (ਫੈਕਸ)

E-mail : deshdoaba@yahoo.com

www.deshdoaba.com www.ambedkartimes.com

# ਪੀਸੀਏ ਦੇ ਪੰਜਾਬੀ ਮੇਲੇ ਦੀਆਂ ਤਿਆਰੀਆਂ ਮੁਕੰਮਲ

## ਪੰਜਾਬੀ ਦੋਗਾਣਾ ਗਾਇਕੀ ਦੇ ਬੇਤਾਜ ਬਾਦਸ਼ਾਹ ਮੁਹੰਮਦ ਸਦੀਕ ਦਾ ਹੋਵੇਗਾ ਵਿਸ਼ੇਸ਼ ਸਨਮਾਨ






ਨਿਊਵਾਰਕ (ਬਿਓਰੋ) - ਪੰਜਾਬ ਦੇ ਰਵਾਇਤੀ ਮੇਲਿਆਂ ਦੀ ਪ੍ਰੰਪਰਾ ਅਤੇ ਵਿਰਾਸਤੀ ਸੱਭਿਆਚਾਰ ਨੂੰ ਜਿਊਂਦਾ ਰੱਖਣ ਵਾਲੀ ਸੰਸਥਾ 'ਪੰਜਾਬ ਕਲਚਰਲ ਐਸੋਸੀਏਸ਼ਨ ਬੇਅ ਏਰੀਆ' ਆਪਣਾ ਸਲਾਨਾ ਪੰਜਾਬੀ ਮੇਲਾ 18 ਅਗਸਤ ਦਿਨ ਐਤਵਾਰ ਨੂੰ ਨਿਊਵਾਰਕ ਨਿਊ ਪਾਰਕ ਮਾਲ ਦੇ ਪਾਰਕਿੰਗ ਲਾਟ 'ਚ ਸਵੇਰੇ ਦੁਪਹਿਰ 12 ਤੋਂ ਦੇਰ ਸ਼ਾਮ ਤੱਕ ਕਰਵਾਉਣ ਜਾ ਰਹੀ ਹੈ। ਇਸ ਵਾਰ ਨਵੀਂ ਰਵਾਇਤ ਕਾਇਮ ਕਰਦਿਆਂ ਹਾਲ ਹੀ 'ਚ ਭਾਰਤੀ ਸੰਸਦ 'ਚ ਪੁੱਜੇ ਅਤੇ ਪੰਜਾਬੀ ਗਾਇਕੀ ਦੇ ਯੁੱਗ ਗਾਇਕ ਤੇ ਜਿਨ੍ਹਾਂ ਨੂੰ ਦੋਗਾਣਾ ਗਾਇਕੀ ਦਾ ਬੇਤਾਜ ਬਾਦਸ਼ਾਹ ਵਜੋਂ ਜਾਣਿਆ ਜਾਂਦਾ ਹੈ ਦਾ ਵਿਸ਼ੇਸ਼ ਸਨਮਾਨ ਕੀਤਾ ਜਾ ਰਿਹਾ ਹੈ। ਵੱਡੀ ਗਿਣਤੀ ਵਿਚ ਪੁੱਜਣ ਵਾਲੇ ਦਰਸ਼ਕਾਂ ਨੂੰ ਜਿੱਥੇ ਭੰਗੜੇ ਗਿੱਧੇ ਅਤੇ ਹੋਰ ਲੋਕ ਨਾਚਾਂ ਦੀ ਪੇਸ਼ਕਾਰੀ ਦਾ ਅਨੰਦ ਵੇਖਣ ਨੂੰ ਮਿਲੇਗਾ ਉੱਥੇ ਗਗਨ ਕੋਕਰੀ, ਜੌਰਡਨ ਸੰਧੂ ਅਤੇ 'ਲੌਂਗ ਲਾਚੀ ਫੇਮ' ਮੰਨਤ ਨੂਰ ਆਪਣੇ ਗੀਤਾਂ ਨਾਲ ਪੀ.ਸੀ.ਏ ਦੇ ਇਸ ਬੇਅ ਏਰਿਆ 'ਚ ਹੋਣ ਵਾਲੇ ਵੱਡੇ ਪੰਜਾਬੀ ਮੇਲੇ 'ਚ ਆਪਣੇ ਗੀਤਾਂ ਦੀ ਛਹਿਬਰ ਲਗਾਉਣਗੇ। ਸਟੇਜ ਦੀ ਮਲਿਕਾ ਆਸ਼ਾ ਸ਼ਰਮਾ ਮੇਲੇ ਦਾ ਮੰਚ ਸੰਚਾਲਨ ਕਰੇਗੀ। ਮੇਲੇ ਦੀ ਰੂਹੇ ਰਵਾਂ ਮਿੱਕੀ ਸਰਾਂ ਨੇ ਸਮੂਹ ਪੰਜਾਬੀਆਂ ਨੂੰ ਇਸ ਮੇਲੇ ਵਿਚ ਸ਼ਾਮਿਲ ਹੋਣ ਦੀ ਬੇਨਤੀ ਕੀਤੀ ਹੈ।

# ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਮੰਨਿਆ, ਇਕੱਲਾ ਪਿਆ ਪਾਕਿਸਤਾਨ

**ਇਸਲਾਮਾਬਾਦ-** ਜੰਮੂ-ਕਸ਼ਮੀਰ ਤੋਂ ਧਾਰਾ 370 ਹਟਾਉਣ ਵਿਰੁੱਧ ਦੁਨੀਆ ਭਰ 'ਚ ਭਾਰਤ ਵਿਰੁੱਧ ਜ਼ਹਿਰੀਲਾ ਪ੍ਰਚਾਰ ਬੇਅਸਰ ਰਹਿਣ 'ਤੇ ਪਾਕਿਸਤਾਨੀ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਆਪਣੇ ਨਾਗਰਿਕਾਂ ਕੋਲ ਪਾਕਿਸਤਾਨ ਦੇ ਇਕੱਲੇ ਪੈਣ ਦੀ ਗੱਲ ਸਵੀਕਾਰੀ ਹੈ। ਉਨ੍ਹਾਂ ਨਿਰਾਸ਼ਾ ਭਰੇ ਲਹਿਜ਼ੇ ਵਿਚ ਕਿਹਾ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਤੋਂ ਸਮੱਰਥਨ ਹਾਸਲ ਕਰਨਾ ਪਾਕਿਸਤਾਨ ਲਈ ਮੁਸ਼ਕਿਲ ਹੈ। ਇਸਲਾਮਿਕ ਦੇਸ਼ ਵੀ ਪਾਕਿਸਤਾਨ ਦਾ ਸਾਥ ਨਹੀਂ ਦੇ ਰਹੇ।

ਮਕਬੂਜ਼ਾ ਕਸ਼ਮੀਰ ਦੇ ਮੁਜ਼ੱਫਰਾਬਾਦ 'ਚ ਬੀਤੇ ਸੋਮਾਵਰ ਨੂੰ ਕੁਰੈਸ਼ੀ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ (ਯੂਐੱਨਐੱਸਸੀ) ਦੇ ਮੈਂਬਰਾਂ ਦਾ ਸਮੱਰਥਨ ਹਾਸਲ ਕਰਨ ਲਈ ਪਾਕਿਸਤਾਨੀਆਂ ਨੂੰ ਨਵੇਂ ਸਿਰੇ ਤੋਂ ਸੰਘਰਸ਼ ਕਰਨਾ ਪਵੇਗਾ। ਕੁਰੈਸ਼ੀ ਨੇ ਮੀਡੀਆ ਨੂੰ ਸੰਬੋਧਨ ਕਰਦਿਆਂ ਪਾਕਿਸਤਾਨੀ ਨਾਗਰਿਕਾਂ ਨੂੰ ਦੋ-ਟੁੱਕ ਕਿਹਾ ਕਿ ਤੁਸੀਂ ਕਿਸੇ ਗ਼ਲਤਫਹਿਮੀ ਵਿਚ ਨਾ ਰਹੋ। ਉੱਥੇ (ਯੂਐੱਨਐੱਸਸੀ 'ਚ) ਤੁਹਾਡੇ ਲਈ ਕੋਈ ਹਾਰ ਲੈ ਕੇ ਨਹੀਂ ਖੜ੍ਹਾ।

ਕੁਰੈਸ਼ੀ ਨੇ ਬਿਨਾਂ ਕਿਸੇ ਇਸਲਾਮਿਕ ਦੇਸ਼ ਦਾ ਨਾਂ ਲਏ ਕਿਹਾ ਕਿ ਕਸ਼ਮੀਰ ਮੁੱਦੇ 'ਤੇ ਉਮਾਹ (ਇਸਲਾਮਿਕ ਭਾਈਚਾਰੇ) ਦੇ ਸਰਪ੍ਰਸਤ ਵੀ ਸ਼ਾਇਦ ਆਪਣੇ ਆਰਥਿਕ ਹਿੱਤਾਂ ਖ਼ਾਤਰ ਪਾਕਿਸਤਾਨ ਦਾ ਸਾਥ ਨਹੀ ਦੇਣਗੇ। ਉਨ੍ਹਾਂ ਕਿਹਾ ਕਿ ਦੁਨੀਆ 'ਚ ਵੱਖ-ਵੱਖ ਲੋਕਾਂ ਦੇ ਆਪਣੇ ਹਿੱਤ ਹਨ। ਭਾਰਤ ਇਕ ਅਰਬ ਲੋਕਾਂ ਦਾ ਬਾਜ਼ਾਰ ਹੈ। ਬਹੁਤ ਸਾਰੇ ਲੋਕਾਂ ਨੇ ਉੱਥੇ (ਭਾਰਤ 'ਚ) ਨਿਵੇਸ਼ ਕੀਤਾ ਹੈ। ਅਸੀ ਅਕਸਰ ਉਮਾਹ ਤੇ ਇਸਲਾਮ ਦੀ ਗੱਲ ਕਰਦੇ ਹਾਂ ਪਰ ਉਮਾਹ ਦੇ ਸਰਪ੍ਰਸਤਾਂ ਨੇ ਵੀ ਉੱਥੇ (ਭਾਰਤ 'ਚ) ਨਿਵੇਸ਼ ਕੀਤਾ ਹੈ। ਉਨ੍ਹਾਂ ਦੇ ਆਪਣੇ ਹਿੱਤ ਜੁੜੇ ਹੋਏ ਹਨ।

ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਪਾਕਿਸਤਾਨ ਨੇ ਭਾਰਤ ਨਾਲੋਂ ਸਾਰੇ ਸੱਭਿਆਚਾਰਕ ਤੇ ਵਪਾਰਕ ਸਬੰਧ ਤੋੜਦਿਆਂ ਕਿਹਾ ਸੀ ਕਿ ਉਹ ਭਾਰਤ ਦੇ ਇਸ ਫ਼ੈਸਲੇ ਵਿਰੁੱਧ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ 'ਚ ਜਾਵੇਗਾ। ਪਰ ਭਾਰਤ ਪਹਿਲਾਂ ਹੀ ਕੌਮਾਂਤਰੀ ਭਾਈਚਾਰੇ ਨੂੰ ਇਹ ਸਪੱਸ਼ਟ ਕਰ ਚੁੱਕਾ ਹੈ ਕਿ ਜੰਮੂ ਤੇ ਕਸ਼ਮੀਰ 'ਚ ਲਾਗੂ ਸੰਵਿਧਾਨ ਦੀ ਧਾਰਾ 370 ਹਟਾਉਣਾ ਉਸ ਦਾ ਅੰਦਰੂਨੀ ਮਾਮਲਾ ਹੈ। ਨਾਲ ਹੀ ਪਾਕਿਸਤਾਨ ਨੂੰ ਵੀ ਅਸਲੀਅਤ ਨੂੰ ਸਵੀਕਾਰ ਕਰਨ ਦੀ ਹਦਾਇਤ ਭਾਰਤ ਨੇ ਦਿੱਤੀ ਸੀ। ਸੁਰੱਖਿਆ ਕੌਂਸਲ ਦੇ ਪੰਜ ਮੈਂਬਰਾਂ 'ਚ ਰੂਸ, ਚੀਨ, ਫਰਾਂਸ, ਬਰਤਾਨੀਆ ਤੇ ਅਮਰੀਕਾ ਨੇ ਖੁੱਲ੍ਹ ਕੇ ਭਾਰਤ ਦਾ ਸਮੱਰਥਨ ਕੀਤਾ ਹੈ।

ਕੁਰੈਸ਼ੀ ਦਾ ਤਾਜ਼ਾ ਬਿਆਨ ਜੰਮੂ ਤੇ ਕਸ਼ਮੀਰ ਤੋਂ ਧਾਰਾ 370 ਹਟਾਉਣ 'ਤੇ ਸੰਯੁਕਤ ਰਾਸ਼ਟਰ ਸੁਰੱਖਿਆ ਕੌਂਸਲ ਦੇ ਪਹਿਲੇ ਮੈਂਬਰ ਰੂਸ ਦਾ ਸਮੱਰਥਨ ਆਉਣ ਤੋਂ ਦੋ ਦਿਨ ਬਾਅਦ ਆਇਆ ਹੈ। ਰੂਸ ਨੇ ਕਿਹਾ ਸੀ ਕਿ ਜੋ ਵੀ ਤਬਦੀਲੀ ਹੋਈ ਹੈ ਉਹ ਭਾਰਤੀ ਸੰਵਿਧਾਨ ਦੇ ਦਾਇਰੇ 'ਚ ਹੈ। ਭਾਰਤੀ ਗਣਤੰਤਰ ਦੇ ਸੰਵਿਧਾਨ ਦੇ ਦਾਇਰੇ 'ਚ ਹੀ ਜੰਮੂ-ਕਸ਼ਮੀਰ ਨੂੰ ਦੋ ਕੇਂਦਰ ਸ਼ਾਸਿਤ ਸੂਬਿਆਂ ਵਿਚ ਵੰਡਿਆ ਗਿਆ ਹੈ। ਅਮਰੀਕਾ ਵੀ ਇਸ ਮੁੱਦੇ 'ਤੇ ਸਾਵਾਂ ਰੁਖ਼ ਅਪਣਾਉਂਦਿਆਂ ਕਹਿ ਚੁੱਕਾ ਹੈ ਕਿ ਕਸ਼ਮੀਰ 'ਤੇ ਉਸ ਦੀ ਨੀਤੀ 'ਚ ਕੋਈ ਤਬਦੀਲੀ ਨਹੀ ਆਈ ਹੈ।

# ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓ ਲਿੰਡਾ, ਕੈਲੀਫੋਰਨੀਆ, ਅਮਰੀਕਾ ਦੀ ਸੰਗਤ ਵਲੋਂ ਇਤਿਹਾਸਕ ਮੰਦਰ ਤੋੜੇ ਜਾਣ ਤੇ ਸਖ਼ਤ ਰੋਸ ਪ੍ਰਗਟ ਕੀਤਾ ਗਿਆ

ਸ੍ਰੀ ਗੁਰੂ ਰਵਿਦਾਸ ਟੈਂਪਲ, ਰਿਓ ਲਿੰਡਾ, ਕੈਲੀਫੋਰਨੀਆ, ਅਮਰੀਕਾ ਦੀ ਸਮੂੰਹ ਸੰਗਤ ਵਲੋਂ ਤੁਗਲਕਾਬਾਦ, ਦਿੱਲੀ ਵਿਖੇ ਜਗਤ ਗੁਰੂ ਸਤਿਗੁਰੂ ਰਵਿਦਾਸ ਜੀ ਦੇ ਇਤਿਹਾਸਕ ਮੰਦਰ ਤੋੜੇ ਜਾਣ ਅਤੇ ਸਤਿਗੁਰੂ ਮਹਾਰਾਜ ਦੇ ਪਾਵਨ ਸਰੂਪ ਦੀ ਬੇਅਦਬੀ ਕਰਨ ਤੇ ਸਖਤ ਰੋਸ ਪ੍ਰਗਟ ਕੀਤਾ ਗਿਆ ਅਤੇ ਸਰਕਾਰਾਂ ਨੂੰ ਸਖਤ ਸ਼ਬਦਾਂ ਵਿੱਚ ਅਪੀਲ ਕੀਤੀ ਗਈ ਕਿ ਸਰਕਾਰ ਇਸ ਬੱਜਰ ਗ਼ਲਤੀ ਦੀ ਸਮੂੰਹ ਸੰਗਤਾਂ ਤੋਂ ਮੁਆਫ਼ੀ ਮੰਗੇ ਅਤੇ ਜਲਦੀ ਤੋਂ ਜਲਦੀ ਉਸ ਜਗ੍ਹਾ ਤੇ ਸ਼ਾਨਦਾਰ ਮੰਦਰ ਦੁਬਾਰਾ ਉਸਾਰੇ ਜਾਣ।

ਸੰਗਤਾਂ ਨੇ ਸਾਧੂ ਸੰਪ੍ਰਦਾਇ ਸੁਸਾਇਟੀ, ਸਮੂੰਹ ਡਾ. ਅੰਬੇਡਕਰ ਜਥੇਬੰਦੀਆਂ, ਸਮੂੰਹ ਸਿੱਖ ਜਥੇਬੰਦੀਆਂ, ਸਮੂੰਹ ਭਗਵਾਨ ਬਾਲਮੀਕ ਜਥੇਬੰਦੀਆਂ ਅਤੇ ਹੋਰ ਸਾਰੀਆਂ ਰਾਜਨੀਤਕ, ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਜੋ ਕਿ ਸਤਿਗੁਰੂ ਰਵਿਦਾਸ ਜੀ ਦੇ ਇਤਿਹਾਸਕ ਮੰਦਰ ਤੋੜੇ ਜਾਣ ਤੇ ਪੂਰੇ ਭਾਰਤ ਅਤੇ ਪੰਜਾਬ ਵਿੱਚ ਵਿਰੋਧ ਪ੍ਰਦਰਸ਼ਨ ਅਤੇ ਦੁਬਾਰਾ ਮੰਦਰ ਦੀ ਉਸਾਰੀ ਲਈ ਸਘੰਰਸ਼ ਕਰ ਰਹੀਆਂ ਹਨ ਨੂੰ ਬੇਨਤੀ ਕੀਤੀ ਕਿ ਵਿਰੋਧ ਪ੍ਰਦਰਸ਼ਨ, ਸਘੰਰਸ਼ ਸ਼ਾਂਤਮਈ ਢੰਗ ਨਾਲ ਕੀਤੇ ਜਾਣ। ਕਿਸੇ ਦੀ ਵੀ ਨਿੱਜੀ ਜਾਇਦਾਦ ਨੂੰ ਨੁਕਸਾਨ ਨਾ ਪੁਹੰਚਾਇਆ ਜਾਵੇ। ਅੰਬੂਲੈਂਸ ਅਤੇ ਏਅਰਪੋਰਟ ਜਾਣ ਵਾਲੀਆਂ ਨੂੰ ਨਾ ਰੋਕਿਆ ਜਾਵੇ। ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ। ਸਮੂੰਹ ਜਥੇਬੰਦੀਆਂ ਨੂੰ ਬੇਨਤੀ ਕੀਤੀ ਗਈ ਕਿ ਇਹ ਮਸਲਾ ੂੱ ਦੇ ਧਿਆਨ ਵਿੱਚ ਲਿਆਂਦਾ ਜਾਵੇ।

ਇੱਥੇ ਇਹ ਗੱਲ ਸੰਖੇਪ ਵਿੱਚ ਦੱਸਣ ਯੋਗ ਹੈ ਕਿ 15ਵੀ ਸਦੀ ਦੇ ਵਿੱਚ ਜਦੋਂ ਸ਼ਕਤੀਸ਼ਾਲੀ ਮੁਗ਼ਲ ਬਾਦਸ਼ਾਹ ਸਿਕੰਦਰ ਲੋਧੀ ਦਿੱਲੀ ਦੇ ਤਖਤ ਤੇ ਬੈਠਾ ਤਾਂ ਉਸ ਨੇ ਹਿੰਦੂਆਂ ਨੂੰ ਜ਼ਬਰਦਸਤੀ ਇਸਲਾਮ ਧਰਮ ਕਬੂਲਣ ਲਈ ਮਜਬੂਰ ਕੀਤਾ। ਲੱਖਾਂ ਹੀ ਲੋਕਾਂ ਨੂੰ ਮੌਤ ਦੇ ਘਾਟ ਉਤਾਰਿਆ ਗਿਆ। ਸਤਿਗੁਰੂ ਰਵਿਦਾਸ ਜੀ ਦੀ ਸ਼ੋਭਾ ਉਦੋਂ ਤੱਕ ਸਾਰੇ ਭਾਰਤ ਵਿੱਚ ਫੈਲ ਚੁੱਕੀ ਸੀ, ਜਦੋ ਬਾਦਸ਼ਾਹ ਸਿਕੰਦਰ ਲੋਧੀ ਨੇ ਸਤਿਗੁਰ ਰਵਿਦਾਸ ਦੀ ਮਹਿਮਾ ਅਤੇ ਪ੍ਰਸਿੱਧੀ ਸੁਣੀ ਤਾਂ ਸੋਚਿਆ ਕਿ ਜੇਕਰ ਸਤਿਗੁਰ ਰਵਿਦਾਸ ਇਸਲਾਮ ਕਬੂਲ ਕਰ ਲੈਣ ਤਾਂ ਉਨ੍ਹਾਂ ਦੇ ਨਾਲ ਕਰੋੜਾਂ ਲੋਕ ਇਸਲਾਮ ਕਬੂਲ ਕਰ ਲੈਣਗੇ। ਇਸੇ ਸ਼ੋਚ ਦੇ ਤਹਿਤ ਬਾਦਸ਼ਾਹ ਸਿਕੰਦਰ ਲੋਧੀ ਨੇ ਸਤਿਗੁਰੂ ਰਵਿਦਾਸ ਜੀ ਨੂੰ ਗ੍ਰਿਫਤਾਰ ਕੀਤਾ ਅਤੇ ਧਰਮ ਪਰਿਵਰਤਨ ਲਈ ਚਰਚਾ ਕੀਤੀ ਪਰ ਸਤਿਗੁਰ ਰਵਿਦਾਸ ਮਹਾਰਾਜ ਜੀ ਦੀ ਰੱਬੀ ਬਾਣੀ, ਅਲੌਕਿਕ ਦਿੱਖ,ਅਧਿਆਤਮਿਕ, ਮਾਨਵਤਾਵਾਦੀ ਅਤੇ ਇਨਕਲਾਬੀ ਵਿਚਾਰਾਂ ਤੋਂ ਪ੍ਰਭਾਵਿਤ ਹੋ ਕੇ ਬਾਦਸ਼ਾਹ ਸਕੰਦਰ ਲੋਧੀ ਨੇ ਸਤਿਗੁਰੂ ਰਵਿਦਾਸ ਜੀ ਦੇ ਚਰਨਾਂ ਤੇ ਸਿਰ ਰੱਖਿਆ ਅਤੇ ਸਤਿਗੁਰੂ ਦਾ ਸੇਵਕ ਬਣਿਆ। ਸੁਲਤਾਨ ਸਿਕੰਦਰ ਲੋਧੀ ਨੇ 1509 ਈਸਵੀ ਨੂੰ ਤੁਗਲਕਾਬਾਦ ਦਿੱਲੀ ਵਿੱਚ ਬਹੁਤ ਸਾਰੀ ਜ਼ਮੀਨ ਸਤਿਗੁਰੂ ਮਹਾਰਾਜ ਦੇ ਚਰਨਾਂ ਵਿੱਚ ਦਾਨ ਦੇ ਰੂਪ ਵਿਚ ਭੇਂਟ ਕੀਤੀ ਸੀ, ਜਿਸਦੀ ਫ਼ਰਦ ਸਤਿਗੁਰ ਰਵਿਦਾਸ ਮਹਾਰਾਜ ਜੀ ਦੇ ਨਾਮ ਤੇ ਅੱਜ ਵੀ ਦਰਜ ਹੈ। ਇਹ ਜੋ ਮੰਦਰ ਤੋੜਿਆ ਗਿਆ ਹੈ ਉਸੇ ਹੀ ਜ਼ਮੀਨ ਤੇ ਬਣਿਆ ਹੋਇਆ ਸੀ।



# ਤੁਕਲਗਾਬਾਦ ਦਿੱਲੀ ਵਿਖੇ ਸ੍ਰੀ ਗੁਰੂ ਰਵਿਦਾਸ ਮੰਦਰ ਤੋੜੇ ਜਾਣ ਦੇ ਵਿਰੁੱਧ, ਸਮੁੱਚਾ ਸਮਾਜ ਉੱਤਰਿਆ ਸੜਕਾਂ ਤੇ ਨੈਸ਼ਨਲ ਹਾਈਵੇ ਕੀਤਾ ਜਾਮ

**ਫਗਵਾੜਾ (ਕੁਨਾਲ ਸ਼ਰਮਾ)–** ਅੱਜ ਤੁਕਲਗਾਬਾਦ ਦਿੱਲੀ ਵਿਖੇ ਇਤਿਹਾਸਕ ਤੇ ਪ੍ਰਾਚੀਨ ਸ੍ਰੀ ਗੁਰੂ ਰਵਿਦਾਸ ਗੁਰੂਘਰ ਤੋੜਨ ਦੇ ਰੋਸ ਵਜੋਂ ਸਮੁੱਚੀਆਂ ਸ਼੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਉੱਤਰੀਆਂ ਸੜਕਾਂ ਤੇ । ਫਗਵਾੜਾ ਵਿਖੇ ਸ੍ਰੀ ਗੁਰੂ ਰਵਿਦਾਸ ਮਹਾਰਾਜ ਦੀ ਚਰਨ ਛੋਹ ਪ੍ਰਾਪਤ ਇਤਿਹਾਸਿਕ ਸ੍ਰੀ ਗੁਰੂ ਰਵਿਦਾਸ ਮੰਦਰ ਜੀ.ਟੀ. ਰੋਡ ਚੱਕ ਹਕੀਮ ਦੇ ਸਾਹਮਣੇ ਨੈਸ਼ਨਲ ਹਾਈਵੇ, ਤੇ ਸੰਤ ਸਮਾਜ ਦੀ ਅਗਵਾਈ 'ਚ ਸ੍ਰੀ. ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਵੱਲੋਂ ਦਿੱਲੀ ਵਿਖੇ ਤੁਗਲਕਾਬਾਦ 'ਚ ਇਤਿਹਾਸਿਕ ਸ੍ਰੀ ਗੁਰੂ ਰਵਿਦਾਸ ਮੰਦਰ ਤੋੜੇ ਜਾਣ ਦੇ ਵਿਰੋਧ ਚ ਜ਼ਬਰਦਸਤ ਰੋਸ ਪ੍ਰਦਰਸ਼ਨ ਕਰਦਿਆਂ ਨੈਸ਼ਨਲ ਹਾਈਵੇ ਜਾਮ ਕੀਤਾ । ਇਸ ਮੌਕੇ ਸ੍ਰੀ ਗੁਰੂ ਰਵਿਦਾਸ ਸਾਧੂ ਸੰਪ੍ਰਦਾਇ ਸੁਸਾਇਟੀ ਰਜਿ. ਦੇ ਚੇਅਰਮੈਨ ਸੰਤ ਮਹਿੰਦਰ ਪਾਲ ਪੰਡਵਾਂ, ਸੰਤ ਕ੍ਰਿਸ਼ਨ ਨਾਥ ਚਹੇੜੂ, ਸੰਤ ਜਸਵਿੰਦਰ ਦਾਸ ਡਾਂਡੀਆਂ, ਸੰਤ ਟਹਿਲ ਨਾਥ, ਸੰਤ ਤਾਰਾ ਚੰਦ ਸੰਧਵਾਂ, ਸਾਈ ਪੱਪਲ ਸ਼ਾਹ ਜੀ, ਤੇ ਹੋਰ ਮਹਾਂਪੁਰਸ਼ਾਂ ਨੇ ਆਪਣੇ ਸੰਬੋਧਨ 'ਚ ਕਿਹਾ ਕੇ ਕੇਂਦਰ ਦੀ ਮੋਦੀ ਸਰਕਾਰ ਦੀ ਸ਼ਹਿ ਤੇ ਤੁਕਲਗਾਬਾਦ ਦਿੱਲੀ ਦੇ ਇਤਿਹਾਸਿਕ ਸ੍ਰੀ ਗੁਰੂ ਰਵਿਦਾਸ ਮੰਦਰ ਢਹਿ ਢੇਰੀ ਕਰ ਕੇ ਸ੍ਰੀ ਗੁਰੂ ਰਵਿਦਾਸ ਨਾਮਲੇਵਾ ਸੰਗਤਾਂ ਦੇ ਹਿਰਦੇ ਵਲੂੰਧਰ ਕੇ ਰੱਖ ਦਿੱਤੇ ਸਮੁੱਚੇ ਸਮਾਜ ਅੰਦਰ ਇਸ ਫੈਸਲੇ ਨੂੰ



ਲੈ ਕੇ ਭਾਰੀ ਰੋਸ਼ ਪਾਇਆ ਜਾ ਰਿਹਾ ਹੈ । ਸੰਤ ਮਹਾਪੁਰਸ਼ਾਂ ਨੇ ਕੇਂਦਰ ਤੇ ਦਿੱਲੀ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਹੋਇਆ ਕਿਹਾ ਹੈ, ਕਿ ਸ੍ਰੀ ਗੁਰੂ ਰਵਿਦਾਸ ਮੰਦਰ ਨੂੰ ਤੋੜਨ ਲਈ ਤੁਰੰਤ ਮਾਫ਼ੀ ਮੰਗੇ, ਸ੍ਰੀ ਗੁਰੂ ਰਵਿਦਾਸ ਮੰਦਰ ਸੰਗਤਾਂ ਦੇ ਹਵਾਲੇ ਮੁੜ ਕਿਤਾ ਜਾਵੇ, ਅਤੇ ਇਸ ਇਤਿਹਾਸਕ ਮੰਦਰ ਦੀ ਮੁੜ ਉਸਾਰੀ ਖੁਦ ਸਰਕਾਰ ਕਰਵਾਏ, ਜੇਕਰ ਸੋਮਵਾਰ ਤੱਕ ਕੇਂਦਰ ਸਰਕਾਰ ਨੇ ਸਾਡੀ ਉਕਤ ਮੰਗਾਂ ਨੂੰ ਨਾ ਕਬੂਲਿਆ ਤਾਂ ਸਮੁੱਚਾ ਸਮਾਜ ਮੰਗਲਵਾਰ ਨੂੰ ਅਣਮਿੱਥੇ ਸਮੇਂ ਲਈ ਸੜਕਾਂ ਤੇ ਉਤਰ ਕੇ ਸੰਘਰਸ਼ ਕਰਨ ਲਈ ਮਜਬੂਰ ਹੋਣਗੀ । ਜਿਸ ਦੀ ਜ਼ਿੰਮੇਵਾਰੀ ਕੇਂਦਰ ਸਰਕਾਰ ਦੀ ਹੋਵੇਗੀ, ਇਸ ਮੌਕੇ ਮੌਕੇ ਸਾਬਕਾ ਕੈਬਨਿਟ ਮੰਤਰੀ ਜੋਗਿੰਦਰ ਸਿੰਘ ਮਾਨ, ਰਮੇਸ਼ ਕੌਲ ਜ਼ੋਨ ਇੰਚਾਰਜ ਬਸਪਾ, ਚਿਰੰਜੀ ਲਾਲ ਕਾਲਾ ਹਲਕਾ ਪ੍ਰਧਾਨ, ਜਰਨੈਲ ਨੰਗਲ ਪ੍ਰਧਾਨ ਐਸ.ਸੀ. ਵਿੰਗ ਲੋਕ ਇਨਸਾਫ਼ ਪਾਰਟੀ, ਸੁਰਿੰਦਰ ਢੰਡਾ ਪ੍ਰਧਾਨ ਅੰਬੇਦਕਰ ਸੈਨਾ ਪੰਜਾਬ, ਹਰਭਜਨ ਸੁਮਨ ਪ੍ਰਧਾਨ ਅੰਬੇਦਕਰ ਸੈਨਾ ਮੂਲ ਨਿਵਾਸੀ,ਜੱਸੀ ਤੱਲਣ, ਹਰਭਜਨ ਖਲਵਾੜਾ, ਰਾਮ ਮੂਰਤੀ ਖੇੜਾ,ਯਸ਼ ਬਰਨਾ, ਯਸ਼ ਖਲਵਾੜਾ, ਅਸ਼ੋਕ ਸੰਧੂ, ਪਰਮਜੀਤ ਬੰਗੜ, ਪ੍ਰਦੀਪ ਮੱਲ, ਅਮਰਜੀਤ ਖੁੱਤਣ ਤਰਸੇਮ ਚੁੰਬਰ, ਰਵੀ ਕੁਮਾਰ ਕੌਂਸਲਰ, ਗਾਇਕ ਪੰਮਾ ਸੁੰਨੜ ਗਾਇਕ ਰੂਪ ਲਾਲ ਧੀਰ, ਹਰਦੀਪ ਬੇਗਮਪੁਰ ਇਨ੍ਹਾਂ ਤੋਂ ਇਲਾਵਾ ਸ੍ਰੀ ਗੁਰੂ ਰਵਿਦਾਸ ਸਭਾਵਾਂ ਡਾ ਅੰਬੇਦਕਰ ਸਭਾਵਾਂ ਭਗਵਾਨ ਵਾਲਮੀਕਿ ਸਭਾਵਾਂ ਸ੍ਰੀ ਗੁਰੂ ਰਵਿਦਾਸ ਨਾਮ ਲੇਵਾ ਸੰਸਥਾ ਸੈਂਕੜੇ ਦੀ ਗਿਣਤੀ ਚ ਮੌਜੂਦ ਸੀ ਇਸ ਮੌਕੇ ਮੰਗ ਪੱਤਰ ਵੀ ਕੇਂਦਰ ਸਰਕਾਰ ਉੱਤੇ ਰਾਸ਼ਟਰਪਤੀ ਦੇ ਨਾਂ ਐਸ. ਡੀ. ਐਮ ਜੈ.ਇੰਸਰ ਸਿੰਘ ਰਾਹੀਂ ਭੇਜਿਆ ਪ੍ਰਸ਼ਾਸਨ ਵੱਲ ਅਣਸੁਖਾਵੀਂ ਘਟਨਾ ਰੋਕਣ ਲਈ ਐਸ.ਪੀ.ਮਨਦੀਪ ਸਿੰਘ,ਡੀ.ਐਸ.ਪੀ. ਮਨਜੀਤ ਸਿੰਘ, ਡੀ.ਐਮ.ਪੀ ਮਨਪ੍ਰੀਤ ਢਿੱਲੋਂ ਬਲਕਾਰ ਸਿੰਘ ਆਦਿ ਭਾਰੀ ਪੁਲਸ ਫੋਰਸ ਨਾਲ ਮੌਕੇ ਤੇ ਮੌਜੂਦ ਸਨ।

# ਨਵੀ ਦਿੱਲੀ 'ਚ ਆਜ਼ਾਦੀ ਦਿਵਸ ਨੂੰ ਸਮਰਪਿਤ ਕੌਮੀ ਕਵੀ ਦਰਬਾਰ






**ਨਵੀਂ ਦਿੱਲੀ–** ਪੰਜਾਬੀ ਅਕਾਦਮੀ ਦਿੱਲੀ ਵੱਲੋਂ ਬੀਤੀ ਸ਼ਾਮ ਸ਼੍ਰੀ ਰਾਮ ਸੈਂਟਰ ਮੰਡੀ ਹਾਊਸ ਨਵੀਂ ਦਿੱਲੀ ਵਿਖੇ ਆਜ਼ਾਦੀ ਦਿਵਸ ਨੂੰ ਸਮਰਪਿਤ ਪੰਜਾਬੀ ਕੌਮੀ ਕਵੀ ਦਰਬਾਰ ਕਰਵਾਇਆ ਗਿਆ ਜਿਸ ਚ ਪੰਜਾਬੀ ਕਵੀ ਗੁਰਭਜਨ ਗਿੱਲ ਤੇ ਮਨਜਿੰਦਰ ਧਨੋਆ ਲੁਧਿਆਣਾ ਡਾ: ਵਨੀਤਾ ਦਿੱਲੀ , ਡਾ: ਮਨਮੋਹਨ ਚੰਡੀਗੜ੍ਹ, ਵਿਜੈ ਵਿਵੇਕ ਫ਼ਰੀਦਕੋਟ , ਦਰਸ਼ਨ ਬੁੱਟਰ ਨਾਭਾ, ਡਾ:,ਬਰਜਿੰਦਰ ਚੌਹਾਨ ਦਿੱਲੀ, ਪ੍ਰੋ: ਅਨੂਪ ਵਿਰਕ ਤੇ ਸੰਦੀਪ ਕੌਰ ਜਸਵਾਲ ਪਟਿਆਲਾ, ਡਾ: ਸੁਹਿੰਦਰਬੀਰ ਅੰਮ੍ਰਿਤਸਰ, ਜਗਸੀਰ ਜੀਦਾ ਬਠਿੰਡਾ, ਬੂਟਾ ਸਿੰਘ ਚੌਹਾਨ ਬਰਨਾਲਾ, ਜਰਨੈਲ ਸਿੰਘ ਸਾਬਕਾ ਵਿਧਾਇਕ, ਡਾ: ਗਗਨਦੀਪ ਸ਼ਰਮਾ, ਸੁਖਦੀਪ ਕੌਰ ਬਿਰਧਨੋਂ ਨਾਭਾ, ਗੁਰਚਰਨ ਦਿੱਲੀ,ਰੇਣੂੰ ਨੱਯਰ ਜਲੰਧਰ,ਛਿੰਦਰ ਕੌਰ ਸਿਰਸਾ, ਕਸ਼ਮੀਰ ਸਿੰਘ ਨੀਰ ਰੁਦਰਪੁਰ ਉਤਰਾਂਚਲ,ਡਾ: ਜਸਵਿੰਦਰ ਸਿੰਘ ਪੰਜਾਬੀ ਯੂਨੀ: ਪਟਿਆਲਾ, ਦੀਪਕ ਸ਼ਰਮਾ ਚਨਾਰਥਲ ਚੰਡੀਗੜ੍ਹ, ਅਮਰਿੰਦਰ ਸੋਹਲ ਪਟਿਆਲਾ, ਤੇ ਗੁਰਪ੍ਰੀਤ ਕੌਰ ਅੰਬਾਲਾ ਭਾਗ ਲਿਆ।

ਗੁਰਭਜਨ ਗਿੱਲ ਨੇ ਆਪਣੇ ਕਲਾਮ ਦਾ ਅਰੰਭ ਇਨ੍ਹਾਂ ਬੋਲਾਂ ਨਾਲ ਕੀਤਾ:

ਰਾਤੀਂ ਅੱਥਰੂ ਰਲ ਕੇ ਧਾਏ, ਆਏ ਘੱਤ ਵਹੀਰਾਂ।
ਬਾਂਦਰ ਹੱਥ ਬਨਾਤ ਦੀ ਟੋਪੀ, ਹੋ ਗਈ ਲੀਰਾਂ ਲੀਰਾਂ।
ਨਾ ਕੋਈ ਅੱਲਾ, ਰਾਮ ਬਹੁੜਿਆ ਅਦਲ ਸਿਖਾਵਣ ਵਾਲਾ,
ਅੱਖੀਂ ਡਿੱਠਾ ਵਕਤ ਕੁਲਹਿਣਾ, ਗਧਿਆਂ ਦੇ ਮੂੰਹ ਖੀਰਾਂ।

ਉਪਰੰਤ ਆਪਣੀ ਬਹੁਤਰਚਿਤ ਕਵਿਤਾ ਲਾਲਟੈਣ ਸੁਣਾਈ।

ਕਵੀ ਦਰਬਾਰ ਚ ਮੁੱਖ ਮਹਿਮਾਨ ਸ਼੍ਰੀ ਰਾਮ ਨਿਵਾਸ ਗੋਇਲ ਸਪੀਕਰ ਦਿੱਲੀ ਵਿਧਾਨ ਸਭਾ,ਵਿਸ਼ੇਸ਼ ਮਹਿਮਾਨ ਸ਼੍ਰੀ ਰਾਜਿੰਦਰਪਾਲ ਗੌਤਮ ਸਮਾਜ ਕਲਿਆਣ ਮੰਤਰੀ ਦਿੱਲੀ ਸਰਕਾਰ ਤੇ ਵਿਧਾਇਕ ਸ: ਅਵਤਾਰ ਸਿੰਘ ਕਾਲਕਾ ਪੁੱਜੇ। ਪ੍ਰਧਾਨਗੀ ਪੰਜਾਬੀ ਅਕਾਦਮੀ ਦੇ ਵਾਈਸ ਚੇਅਰਮੈਨ ਸ: ਜਰਨੈਲ ਸਿੰਘ ਸਾਬਕਾ ਵਿਧਾਇਕ ਨੇ ਕੀਤੀ। ਪੰਜਾਬ ਤੋਂ ਵਿਸ਼ੇਸ਼ ਤੌਰ ਕੇ ਸ਼੍ਰੀ ਕ੍ਰਿਸ਼ਨ ਕੁਮਾਰ ਬਾਵਾ ਚੇਅਰਮੈਨ ਪੀ ਐਸ ਆਈ ਡੀ ਸੀ ਤੇ ਅਗਰਵਾਲ ਸਭਾ ਲੁਧਿਆਣਾ ਦੇ ਪ੍ਰਧਾਨ ਸ਼੍ਰੀ ਪਵਨ ਗਰਗ ਉਚੇਚੇ ਤੌਰ ਤੇ ਸ਼ਾਮਿਲ ਹੋਏ। ਮੰਚ ਸੰਚਾਲਨ ਡਾ: ਬਰਜਿੰਦਰ ਚੌਹਾਨ ਨੇ ਬੜੇ ਜੀਵੰਤ ਅੰਦਾਜ਼ ਚ ਕੀਤਾ। ਅਕਾਦਮੀ ਦੇ ਸਕੱਤਰ ਸ: ਗੁਰਭੇਜ ਸਿੰਘ ਗੋਰਾਇਆ ਨੇ ਇਸ ਕਵੀ ਦਰਬਾਰ ਵਿੱਚ ਸ਼ਾਮਿਲ ਮਹਿਮਾਨਾਂ ਤੇ ਕਵੀਆਂ ਦਾ ਧੰਨਵਾਦ ਕੀਤਾ।

# ਸਮਾਜ ਦੇ ਸਰਬਪੱਖੀ ਵਿਕਾਸ ਲਈ ਧੀਆਂ ਭੈਣਾਂ ਦੀ ਸਮਾਜਿਕ ਕਾਰਜਾਂ 'ਚ ਭਾਈਵਾਲੀ ਵਧਾਉ-ਗੁਰਭਜਨ ਗਿੱਲ

**ਲੁਧਿਆਣਾ–** ਬਾਬਾ ਬੰਦਾ ਸਿੰਘ ਬਹਾਦਰ ਇੰਟਰਨੈਸ਼ਨਲ ਫਾਉਂਡੇਸ਼ਨ (ਰਜਿ:) ਵੱਲੋਂ ਸ਼ਬਦ ਪ੍ਰਕਾਸ਼ ਅਜਾਇਬਘਰ ਰਕਬਾ (ਲੁਧਿਆਣਾ) ਵਿਖੇ ਕਰਵਾਏ ਸੈਮੀਨਾਰ ਤੇ ਤੀਜ ਉਤਸਵ ਨੂੰ ਸੰਬੋਧਨ ਕਰਦਿਆਂ ਲੋਕ ਵਿਰਾਸਤ ਅਕੈਡਮੀ ਦੇ ਚੇਅਰਮੈਨ ਫਾਉਂਡੇਸ਼ਨ ਦੇ ਸਰਪ੍ਰਸਤ ਪ੍ਰੋ: ਗੁਰਭਜਨਸਿੰਘ ਗਿੱਲ ਨੇ ਕਿਹਾ ਕਿ ਸਮਾਜ ਦੇ ਸਰਬਪੱਖੀ ਵਿਕਾਸ ਲਈ ਧੀਆਂ ਭੈਣਾਂ ਦੀ ਸਮਾਜਿਕ ਕਾਰਜਾਂ ਵਿੱਚ ਭਾਈਵਾਲੀ ਵਧਾਉਣ ਦੀ ਲੋੜ ਹੈ। ਉਨ੍ਹਾਂ ਕਿ ਧਰਤੀ ਮਾਂ ਜਣਨੀ ਮਾਂ ਤੇ ਮਾਂ ਬੋਲੀ ਦੇ ਵਿਕਾਸ ਲਈ ਸਾਨੂੰ ਫ਼ਿਕਰਮੰਦੀ ਦੀ ਲੋੜ ਹੈ। ਇਹ ਗੱਲ ਚੇਤੇ ਰੱਖਣ ਦੀ ਲੋੜ ਹੈ ਕਿ ਸੂਹਜ, ਸਹਿਜ ਤੇ ਸੰਵੇਦਨਾ ਦੀ ਰਖਵਾਲੀ ਲਈ ਔਰਤ ਸ਼ਕਤੀ ਦੀ ਸਭ ਤੋਂ ਵੱਧ ਸਮੱਰਥਾ ਹੁੰਦੀ ਹੈ। ਇਹ ਸ਼ਕਤੀ ਹੁਣ ਤੱਕ ਅਣਵਰਤੀ ਪਈ ਹੈ।

ਪੰਜਾਬ ਦੇ ਮੁੱਖ ਵਣ ਪਾਲ (ਸੇਵਾ ਮੁਕਤ) ਸ. ਜਰਨੈਲ ਸਿੰਘ ਨੇ ਕਿਹਾ ਹੈ ਕਿ ਪੰਜਾਬ ਵਿੱਚ 33% ਰਕਬਾ ਜੰਗਲਾਤ ਅਧੀਨ ਹੈ ਪਰ ਇਸ ਵੇਲੇ 6.12% ਹੈ। ਇੱਕ ਮਨੁੱਖ ਘੱਟੋ ਘੱਟ 7 ਲੱਖ ਲਾਵੇ ਤਾਂ ਵਾਤਾਵਰਣ ਦੂਸ਼ਿਤ ਹੋਣੋ ਬਚ ਸਕਦਾ ਹੈ। ਪੰਜਾਬ ਦੇ ਰਾਜ ਰੁੱਖ ਟਾਹਲੀ ਤੇ ਹੋਰ ਰਵਾਇਤੀ ਰੁੱਖਾਂ ਨੂੰ ਸਮਾਜਿਕ ਸ਼ਮੂਲੀਅਤ ਨਾਲ ਵਧਾਇਆ ਜਾਵੇ। ਉਨ੍ਹਾਂ ਕਿਹਾ ਕਿ ਹਰ ਪਿੰਡ ਵਿੱਚ ਤ੍ਰਿਵੈਣੀ ਲਾਈ ਜਾਵੇ।



ਪੰਜਾਬ ਦੇ ਸੇਵਾ ਮੁਕਤ ਪੁਲੀਸ ਕਪਤਾਨ ਸ: ਗੁਰਜੀਤ ਸਿੰਘ ਰੋਮਾਣਾ ਨੇ ਕਿਹਾ ਕਿ ਸਮਾਜਕ ਵਾਤਾਵਰਣ ਵੀ ਸੰਤੁਲਨ ਰੱਖਣ ਦੀ ਲੋੜ ਹੈ। ਇਹ ਸੰਤੁਲਨ ਤਾਂ ਹੀ ਕਾਇਮ ਰਹਿ ਸਕਦਾ ਹੈ ਜੇਕਰ ਗੁਰੂ ਨਾਨਕ ਦੇਵ ਜੀ 25 ਸਰਬੱਤ ਦਾ ਭਲਾ ਸਿਧਾਂਤ ਚੇਤੇ ਰੱਖੀਏ। ਅਮਨ ਕਾਨੂੰਨ ਦੀ ਸਮੱਸਿਆ ਵੀ ਆਪਾ ਧਾਪੀ ਕਾਰਨ ਵਧ ਰਹੀ ਹੈ ਜੇਕਰ ਇੱਕ ਦੂਸਰੇ ਲਈ ਧਿਰ ਬਣੀਏ ਤਾਂ ਸਮਾਜਕ ਦੁੱਖ ਘੱਟ ਸਕਦੇ ਹਨ। ਸੀ.ਟੀ ਯੂਨੀਵਰਸਿਟੀ ਦੇ ਰਜਿਸਟਰਾਰ ਡਾ. ਜਗਤਾਰ ਸਿੰਘ ਧੀਮਾਨ ਨੇ ਕਿਹਾ ਕਿ ਵਾਤਾਵਰਣ ਦੀ ਸ਼ੁੱਧਤਾ ਨਾਲ ਸਾਨੂੰ ਤੰਦਰੁਸਤ ਰਹਿਣ ਦਾ ਮਾਹੌਲ ਵੀ ਮਿਲਦਾ ਹੈ।

ਲੁਧਿਆਣਾ ਦੇ ਐਡੀਸ਼ਨਲ ਡਿਪਟੀ ਕਮਿਸ਼ਨਰ ਸ. ਇਕਬਾਲ ਸਿੰਘ ਸੰਧੂ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਵਾਤਾਵਰਣ ਸੰਬੰਧੀ ਉਪਦੇਸ਼ ਹਰ ਸਕੂਲ ਕਾਲਜ ਵਿੱਚ ਪਰਸਾਰਨ ਦੀ ਲੋੜ ਹੈ। ਉਨ੍ਹਾਂ ਬੰਦਾ ਸਿੰਘ ਬਹਾਦਰ ਫਾਉਂਡੇਸ਼ਨ ਦਾ ਧੰਨਵਾਦ ਕੀਤਾ ਜਿੰਨ੍ਹਾਂ ਨੇ ਵਾਤਾਵਰਣ, ਗੁਰੂ ਨਾਨਕ ਸੰਦੇਸ਼, ਉਪਦੇਸ਼ ਅਤੇ ਸਮਾਜਕ ਚੌਗਿਰਦੇ ਬਾਰੇ ਮੁੱਲਵਾਨ ਵਿਚਾਰਾਂ ਦਾ ਪਲੈਟਫਾਰਮ ਉਸਾਰਿਆ ਹੈ। ਖਾੜੀ ਦੇਸ਼ਾਂ ਦੇ ਉੱਘੇ ਕਾਰੋਬਾਰ ਸ. ਗੁਰਮੇਲ ਸਿੰਘ ਭੰਮੀਪੁਰਾ (ਸਰਪੰਚ) ਨੇ ਕਿਹਾ ਕਿ ਇਹ ਵਿਚਾਰ ਚਰਚਾ ਪਿੰਡ ਪਿੰਡ ਕੀਤੀ ਜਾਵੇ ਤਾਂ ਜੋ ਨੌਜਵਾਨਾਂ ਦੀ ਭਾਈਵਾਲੀ ਸਮਾਜਕ ਕੰਮਾਂ 'ਚ ਵਧੇ। ਬਾਬਾ ਬੰਦਾ ਸਿੰਘ ਬਹਾਦਰ ਫਾਉਂਡੇਸ਼ਨ (ਰਜਿ:) ਦੇ ਚੇਅਰਮੈਨ ਸ਼੍ਰੀ ਕ੍ਰਿਸ਼ਨ ਕੁਮਾਰ ਬਾਵਾ (ਚੇਅਰਮੈਨ, ਪੰਜਾਬ ਰਾਜ ਉਦਯੋਗ ਵਿਕਾਸ ਨਿਗਮ) ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਨੇ "ਕਿਛੁ ਸੁਣੀਏ ਕਿਛੁ ਕਹੀਏ" ਵਿਚਾਰ ਦੇ ਕੇ ਸਾਨੂੰ ਗਿਆਨ ਗੋਸ਼ਟੀ ਦੇ ਲੜ ਲਾਇਆ ਹੈ। ਉਨ੍ਹਾਂ ਕਿਹਾ ਕਿ ਗੁਰੂ ਨਾਨਕ ਉਪਦੇਸ਼ ਵੰਡਣ ਲਈ 17 ਅਗਸਤ ਤੋਂ 20 ਅਗਸਤ ਤੱਕ ਫਾਉਂਡੇਸ਼ਨ ਦਾ ਪੰਜ ਮੈਂਬਰੀ ਵਫ਼ਦ ਪੱਛਮੀ ਬੰਗਾਲ 'ਚ ਵੱਖ ਵੱਖ ਥਾਈਂ ਜਾਵੇਗਾ, ਇਸੇ ਤਰ੍ਹਾਂ ਫਾਉਂਡੇਸ਼ਨ ਵੱਲੋਂ ਹਰ ਮਹੀਨੇ 551 ਕਿਤਾਬਾਂ ਗੁਰੂ ਨਾਨਕ ਉਪਦੇਸ਼ ਸਬੰਧੀ ਵੰਡਣ ਦਾ ਵੀ ਟੀਚਾ ਮਿਥਿਆ ਗਿਆ ਹੈ। ਇਸ ਮੌਕੇ ਪੰਜਾਬੀ ਖੇਤੀ ਯੂਨੀਵਰਸਿਟੀ ਦੇ ਖੇਤੀ ਜੰਗਲਾਤ ਤੇ ਕੁਦਰਤੀ ਸੋਮੇ ਵਿਭਾਗ ਦੇ ਮੁਖੀ ਡਾ. ਸੰਜੀਵ ਚੌਹਾਨ, ਯੂਨੀਵਰਸਿਟੀ ਦੇ ਡਿਪਟੀ ਡਾਇਰੈਕਟਰ (ਟੀ.ਵੀ) ਡਾ: ਅਨਿਲ ਸ਼ਰਮਾ, ਬਾਬਾ ਬੰਦਾ ਸਿੰਘ ਬਹਾਦਰ ਫਾਊਂਡੇਸ਼ਨ ਦੇ ਸੂਬਾ ਪ੍ਰਧਾਨ ਕਰਨੈਲ ਸਿੰਘ ਗਿੱਲ, ਜਨਰਲ ਸਕੱਤਰ ਬਲਵੰਤ ਸਿੰਘ ਧਨੋਆ, ਕੁਲਵਿੰਦਰ ਸਿੰਘ ਚਾਨੇ, ਨਿਰਮਲ ਸਿੰਘ ਪੰਡੋਰੀ ਪ੍ਰਧਾਨ ਲੁਧਿਆਣਾ ਇਕਾਈ ,ਸ੍ਰੀ ਭਗਵਾਨ ਦਾਸ ਬਾਵਾ, ਸ੍ਰੀ ਸ਼ਾਮ ਸੁੰਦਰ ਟਰੱਸਟੀ, ਸ੍ਰੀ ਰਾਜਿੰਦਰ ਬਾਵਾ ਐਮ.ਡੀ ਬਾਬਾ ਬੰਦਾ ਸਿੰਘ ਬਹਾਦਰ ਕਾਨਵੈਂਟ ਸਕੂਲ ਸਿੱਧਵਾਂ ਬੇਟ (ਲੁਧਿਆਣਾ), ਅਰਜੁਨ ਬਾਵਾ, ਮਨਜੀਤ ਸਿੰਘ ਹੰਬੜਾ, ਕੰਚਨ ਬਾਵਾ, ਜਰਨੈਲ ਸਿੰਘ ਤੂਰ, ਰਵਿੰਦਰ ਰੰਗੂਵਾਲ, ਜੱਗਾ ਸਰਪੰਚ ਹੰਬੜਾਂ ,ਬਲਵਿੰਦਰ ਸਿੰਘ ਗਾਂਧੀ ਸਰਪੰਚ ਰਕਬਾ, ਪਵਨ ਸਿਡਾਨਾ, ਮਹਾਂਵੀਰ ਬਾਂਸਲ, ਸ਼ਾਮ ਲਾਲ, ਗੌਰਵ ਮਹਿੰਦਰੂ, ਸੁਖਪਾਲ ਸਿੰਘ ਸਰਪੰਚ ਭਨੋਹੜ, ਨਵੀਨ ਬਾਵਾ, ਮਨਜੀਤ ਕੌਰ ਧੀਮਾਨ, ਦਰਸ਼ਨ ਸਿੰਘ ਲੋਟੇ, ਅਮਰਜੀਤ ਸਿੰਘ ਉਬਰਾਏ, ਸਾਹਿਬਗੁਣ ਸਿੰਘ ਭਸੀਨ ਤੇ ਭਾਈ ਅਵਤਾਰ ਸਿੰਘ ਲੁਧਿਆਣਾ ਸ਼ਾਮਲ ਹੋਏ। ਇਸ ਮੌਕੇ ਇਕਬਾਲ ਸਿੰਘ ਸੰਧੂ ਏਡੀਸੀ ਲੁਧਿਆਣਾ,ਸ: ਗੁਰਜੀਤ ਸਿੰਘ ਰੋਮਾਣਾ ਐਡਵੋਕੇਟ ਤੇ ਸਾਬਕਾ ਪੁਲਿਸ ਕਪਤਾਨ, ਅਮਰਜੀਤ ਸਿੰਘ ਉਬਰਾਏ ਨੂੰ ਸਨਮਾਨਿਤ ਕੀਤਾ ਗਿਆ। ਸਮਾਗਮ ਸ਼ੁਰੂ ਹੋਣ ਤੋਂ ਪਹਿਲਾਂ ਗਿਆਨੀ ਅਵਤਾਰ ਸਿੰਘ ਲੁਧਿਆਣਾ ਨੇ ਨਾਮ ਜਾਪ ਅਭਿਆਸ ਕਰਵਾਇਆ।

# ਵਿਪਸਾ ਵਲੋਂ ਕੁਲਵਿੰਦਰ ਖਹਿਰਾ ਨਾਲ ਰੂਬਰੂ

**ਫਰੀਮਾਂਟ–** ਬੀਤੇ ਦਿਨੀਂ ਵਿਪਸਾ ਵਲੋਂ_ ਇੱਕ ਵਿਸ਼ੇਸ਼ ਸਾਹਿਤਕ ਮਿਲਣੀ Favorite India Restau-rent Hayward ਵਿਖੇ ਆਯੋਜਿਤ ਕੀਤੀ ਗਈ। ਇਸ ਮਿਲਣੀ ਵਿਚ ਟਰਾਂਟੋ ਤੋਂ ਆਏ ਸਾਹਿਤਕਾਰ ਕੁਲਵਿੰਦਰ ਖਹਿਰਾ ਨਾਲ ਰੂ-ਬਰੂ ਕੀਤਾ ਗਿਆ।ਇਸ ਮੌਕੇ ਸੁਰਿੰਦਰ ਧਨੋਆ, ਜਸਵਿੰਦਰ ਧਨੋਆ, ਲਾਜ ਨੀਲਮ ਸੈਣੀ, ਅਮਰਜੀਤ ਕੌਰ ਪੰਨੂੰ, ਗੁਲਸ਼ਨ ਦਿਆਲ, ਜਗਜੀਤ ਸੰਧੂ, ਗਗਨਦੀਪ ਸਿੰਘ , ਹਜ਼ੂਰਾ ਸਿੰਘ, ਤਾਰਾ ਸਿੰਘ ਸਾਗਰ, ਸੁਰਿੰਦਰ ਸੀਰਤ, ਹਰਭਜਨ ਢਿੱਲੋਂ, ਸੁਖਵਿੰਦਰ ਕੰਬੋਜ, ਕੁਲਵਿੰਦਰ ਅਤੇ ਰੇਸ਼ਮ ਸਿੱਧੂ ਹਾਜ਼ਰ ਸਨ। ਵਿਪਸਾ ਦੇ ਪ੍ਰਧਾਨ ਸੁਰਿੰਦਰ ਸੀਰਤ ਨੇ ਸਭ ਨੂੰ ਜੀ ਆਇਆ ਆਖਿਆ। ਜਗਜੀਤ ਸੰਧੂ ਨੇ ਕੁਲਵਿੰਦਰ ਖਹਿਰਾ ਦੀ ਜਾਣ-ਪਛਾਣ ਕਰਵਾਉਂਦੇ ਕਿਹਾ ਕਿ ਕੁਲਵਿੰਦਰ ਖਹਿਰਾ ਵਧੀਆ ਨਾਟਕਕਾਰ ਅਤੇ ਸ਼ਾਇਰ ਹੋਣ ਦੇ ਨਾਲ- ਨਾਲ ਬਹੁਤ ਹੀ ਸੁਹਿਰਦ ਦੋਸਤ ਵੀ ਹੈ ਅਤੇ ਮੈਨੂੰ ਆਪਣੀ ਇਸ ਦੋਸਤੀ ਤੇ ਬਹੁਤ ਮਾਣ ਹੈ। ਆਪਣੇ ਰੂ ਬ ਰੂ ਦੌਰਾਨ ਕੁਲਵਿੰਦਰ ਖਹਿਰਾ ਨੇ ਦੱਸਿਆ ਕਿ ਉਹ ਪਾਸ਼ ਦੇ ਸਕੂਲ ਦੇ ਪਹਿਲੇ ਵਿਦਿਆਰਥੀ ਰਹੇ ਹਨ। ਉਨ੍ਹਾਂ ਅਨੁਸਾਰ, ਪਹਿਲਾਂ ਪਹਿਲ ਉਨ੍ਹਾਂ ਨੂੰ ਪਾਸ਼ ਦੀ ਕਵਿਤਾ ਦੀ ਸਮਝ ਨਹੀਂ ਸੀ ਆਈ ਪਰ ਜਦ ਉਹ ਪਾਸ਼ ਨਾਲ ਜੁੜ ਗਏ ਤਾਂ ਪਾਸ਼ ਦੀ ਕਵਿਤਾ, ਗੁਰਸ਼ਰਨ ਭਾਜੀ ਦੇ ਡਰਾਮੇ ਤੇ ਸੰਤ ਰਾਮ ਉਦਾਸੀ ਦੀਆਂ ਲਿਖਤਾਂ ਆਪਣੇ ਆਪ ਉਨ੍ਹਾਂ ਨਾਲ ਗੱਲਾ_ ਕਰਨ ਲੱਗੀਆਂ। ਉਨ੍ਹਾਂ ਨੇ ਆਪਣਾ ਬਚਪਨ ਪੰਜਾਬ ਵਿਚ ਗੁਜਾਰਿਆ ਅਤੇ ਬਚਪਨ ਵਿਚ ਗਰੀਬੀ ਦੀ ਮਾਰ ਵੀ ਖਾਧੀ।

ਕੈਨੇਡਾ ਆ ਕੇ ਵੀ ਉਨ੍ਹਾਂ ਨੂੰ ਸੰਘਰਸ਼ ਕਰਨਾ ਪਿਆ। ਉਨ੍ਹਾਂ 1977 ਵਿੱਚ ਸਾਦਾ ਜਿਹੀਆਂ ਕਵਿਤਾਵਾਂ ਨਾਲ ਲਿਖਣਾ ਸ਼ੁਰੂ ਕੀਤਾ। 1983 ਵਿੱਚ ਉਨ੍ਹਾਂ ਦੀ ਕਵਿਤਾ ਦਾ ਵਿਸ਼ਾ ਗੰਭੀਰ ਹੋਇਆ। ਉਸ ਵੇਲੇ ਦੇ ਮਹੌਲ ਤੇ ਪਾਸ਼ ਦੀ ਵਿਚਾਰਧਾਰਾ ਦਾ ਉਨ੍ਹਾਂ ਤੇ ਅਸਰ ਸੀ ਤੇ ਉਨ੍ਹਾਂ ਦੇ ਦੱਸਣ ਮੁਤਾਬਿਕ ਉਨ੍ਹਾਂ ਨੂੰ ਲੱਗਦਾ ਸੀ ਕਿ ਪੰਜਾਬ ਦੀਆਂ ਸਾਰੀਆਂ ਸਮੱਸਿਆਵਾਂ ਸੁਲਝ ਜਾਣਗੀਆਂ। ਕੈਨੇਡਾ ਵਿੱਚ ਆ ਕੇ 1992 ਤੋਂ ਉਹ ਉਥੋਂ ਦੇ ਪੰਜਾਬੀ ਕਲਮਾ ਦੇ ਕਾਫ਼ਲੇ ਨਾਮੀ ਸੰਸਥਾ ਨਾਲ ਜੁੜੇ ਹੋਏ ਹਨ। ਉਨ੍ਹਾਂ ਡਰਾਮੇ ਵੀ ਲਿਖੇ, ਜਿਨ੍ਹਾਂ ਦੇ ਮੁੱਖ ਵਿਸ਼ੇ ਡਰੱਗਜ਼, ਅੰਤਰਜਾਤੀ ਵਿਆਹ ਤੇ ਇਤਿਹਾਸ ਰਹੇ ਹਨ। ਭਾਰਤ ਵਿੱਚ ਉਹ ਆਪਣੀ ਪੜ੍ਹਾਈ ਪੂਰੀ ਨਹੀਂ ਸੀ ਕਰ ਸਕੇ ਤਾਂ ਇਥੇ ਆ ਕੇ ਉਨ੍ਹਾਂ ਨੇ ਕੰਮ ਦੇ ਨਾਲ ਨਾਲ ਪੜ੍ਹਨਾ ਵੀ ਸ਼ੁਰੂ ਕੀਤਾ ਤੇ 27 ਸਾਲ ਦੀ ਉਮਰ ਵਿੱਚ ਸੋਸ਼ਿਓਲੋਜੀ ਵਿਚ ਡਿਗਰੀ ਲਈ ਤੇ ਕੰਪਿਊਟਰ ਪ੍ਰੋਗਰਾਮਿੰਗ ਦੀਆ ਕਲਾਸਾਂ ਵੀ ਲਈਆਂ। ਇਸਦੇ ਬਾਵਜੂਦ ਨੌਕਰੀ ਉਨ੍ਹਾਂ ਨੇ ਆਪਣੀ ਪਹਿਲਾਂ ਵਾਲੀ ਹੀ ਰੱਖੀ ਜੋ ਕਿ ਉਨ੍ਹਾਂ ਨੂੰ ਚੰਗੀ ਤਨਖਾਹ ਦੇ ਰਹੀ ਸੀ। ਉਨ੍ਹਾਂ ਨੇ ਆਪਣੀਆਂ ਗ਼ਜ਼ਲਾਂ ਵੀ ਪੜ੍ਹ ਕੇ ਸੁਣਾਈਆਂ।



ਬਾਅਦ ਵਿੱਚ ਇੱਕ ਸੰਖੇਪ ਜਿਹਾ ਕਵੀ ਦਰਬਾਰ ਹੋਇਆ। ਜਿਸ ਵਿੱਚ ਹਰਭਜਨ ਢਿੱਲੋਂ, ਤਾਰਾ ਸਾਗਰ, ਹਜ਼ੂਰਾ ਸਿੰਘ ਪ੍ਰਿੰਸੀਪਲ, ਗਗਨ ਦੀਪ ਸਿੰਘ, ਸੁਰਿੰਦਰ ਧਨੋਆ ਰੇਸ਼ਮ, ਜਗਜੀਤ ਸੰਧੂ, ਅਮਰਜੀਤ ਪੰਨੂ ਤੇ ਗੁਲਸ਼ਨ ਦਿਆਲ ਨੇ ਆਪਣੀਆਂ ਰਚਨਾਵਾਂ ਪੜ੍ਹੀਆਂ। ਹੋਰ ਵੀ ਮਸਲਿਆਂ ਤੇ ਬਹਿਸ ਹੋਈ। ਜਸਵਿੰਦਰ ਧਨੋਆ ਨੇ ਹਾਸੇ ਦੀ ਪਟਾਰੀ ਖੋਲ੍ਹ ਕੇ ਸਭਾ ਵਿੱਚ ਰੌਣਕ ਲਿਆ ਦਿੱਤੀ। ਕੁਲਵਿੰਦਰ ਖਹਿਰਾ ਜੀ ਨੂੰ ਅਕੈਡਮੀ ਵਲੋਂ ਪੁਸਤਕਾਂ ਭੇਟ ਕੀਤੀਆਂ ਗਈਆਂ। ਲਾਜ ਨੀਲਮ ਸੈਣੀ ਨੇ ਪ੍ਰੋਗਰਾਮ ਦਾ ਸੰਚਾਲਨ ਖੂਬ ਨਿਭਾਇਆ। ਬਾਅਦ ਵਿੱਚ ਡਿਨਰ ਹੋਇਆ ਅਤੇ ਇਕ ਆਪਸੀ ਮਿਲਵਰਤਨ ਦਾ ਮਾਹੌਲ ਸਿਰਜਿਆ ਗਿਆ।

# ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਫਾਸ਼ੀਵਾਦ ਵਿਰੋਧੀ ਕਾਨਫਰੰਸ 25 ਨੂੰ

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਗੁਰਮੀਤ ਸਿੰਘ ਢੱਡਾ, ਜਨਰਲ ਸਕੱਤਰ ਗੁਰਮੀਤ ਸਿੰਘ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਕਮੇਟੀ ਵੱਲੋਂ ਸਥਾਨਕ ਦੇਸ਼ ਭਗਤ ਯਾਦਗਾਰ ਹਾਲ 'ਚ 25 ਅਗਸਤ ਠੀਕ 11 ਵਜੇ 'ਫਾਸ਼ੀਵਾਦ ਵਿਰੋਧੀ ਕਾਨਫਰੰਸ' ਕੀਤੀ ਜਾਏਗੀ। ਉਹਨਾਂ ਦੱਸਿਆ ਕਿ ਆਜ਼ਾਦੀ ਜਦੋ-ਜਹਿਦ 'ਚ ਅਥਾਹ ਕੁਰਬਾਨੀਆਂ ਕਰਨ ਵਾਲੇ ਸੰਗਰਾਮੀਆਂ ਨੇ ਸਾਡੇ ਮੁਲਕ ਨੂੰ ਜਿਹਨਾਂ ਆਜ਼ਾਦ, ਧਰਮ-ਨਿਰਪੱਖ, ਜਮਹੂਰੀ ਨੀਹਾਂ ਉਪਰ ਉਸਾਰਨ ਦਾ ਸੁਪਨਾ ਲਿਆ ਸੀ, ਅੱਜ ਬਹੁਤ ਤੇਜ਼ੀ ਨਾਲ ਉਸਦੇ ਉਲਟੇ ਰੁਖ਼ ਕਦਮ ਚੁੱਕੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਲੋਕਾਂ ਦੇ ਬੁਨਿਆਦੀ ਹੱਕਾਂ ਉਪਰ ਨੰਗੇ ਚਿੱਟੇ ਹੱਲੇ ਬੋਲੇ ਜਾ ਰਹੇ ਹਨ।

ਜਿਉਂ ਜਿਉਂ ਦੇਸ਼ ਅੰਦਰ ਆਰਥਕ ਸਮਾਜਕ ਅਤੇ ਰਾਜਨੀਤਕ ਸੰਕਟ ਵਿਆਪਕ ਅਤੇ ਤਿੱਖਾ ਹੋ ਰਿਹਾ ਹੈ, ਤਿਉਂ ਤਿਉਂ ਲੋਕਾਂ ਦੀ ਹਰ ਸੰਭਵ ਢੰਗ ਨਾਲ ਆਵਾਜ਼ ਨੱਪੀ ਜਾ ਰਹੀ ਹੈ।

# CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

## ਪੁਰਾਣੇ ਟਾਇਰਾਂ ਦੀ ਸੇਲ

## ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

## NEW & USED TIRES

## WASH, LUBE, BRAKES

Call:

650-642-0697

## 3525 Highway 99, West Corning, CA 96021

Across the Street from TA Truck Stop



# TANDOOR

## Indian Restaurant

## 27167 Mission Blvd. Hayward, CA 95544






ਵਿਆਹ ਸ਼ਾਦੀ, ਬਰਥ-ਡੇ ਪਾਰਟੀ, ਐਨਵਰਸਰੀ ਜਾਂ ਹੋਰ ਕਿਸੇ ਵੀ ਕਿਸਮ ਦੀ ਕੈਟਰਿੰਗ ਲਈ ਸਦਾ ਸਾਨੂੰ ਯਾਦ ਰੱਖੋ

**WE ARE SPECIALIST IN CATERING & SPECIAL ITEMS ARE AVAILABLE HERE:**

FISH PAKORE,
CHILLI CHICKEN,
GOAT KARI,
SHAHI PANEER,
BUTTER CHICKEN,
SWEETS,
SNACKS
AND MORE
SPECIAL ITEMS.



## ਕੇਟਰਿੰਗ ਦੇ ਮਾਹਿਰ, ਹਫਤੇ ਦੇ 7 ਦਿਨ ਉਪਲਬੱਧ

Contact Us:

BUFFET
LUNCH
11:00 AM
To 3:00 PM



ਸੁਰਿੰਦਰ 'ਕੋਕਾ' ਧਲੇਤਾ

## Ph. 510-885-1212, Fax. 510-885-1532

## We are open seven days 11 AM to 10 PM

# Tughlaqabad New Delhi and Dalit Protests

**Prem K. Chumber**
**Editor:**
**Ambedkar Times & Desh Doaba**

The demolition of the historic Sri Guru Ravidass Temple at Guru Ravidass Marg, Tughlaqabad area of New Delhi has generated deep protests in Punjab. The protests were not only organized by the Ravidass Naam Leva



Sangat but also joined by another biggest community among the Dalits of Punjab named Valmikies. Though born in Present day Uttar Pradesh, Guru Ravidass is revered widely in Punjab, a state with a highest number of Scheduled Castes populations in comparison to rest of the states in the union of India. This is not only first time that an incident of such a socio-religious magnitude has raised all pervasive protest throughout Punjab. The murder of Sant Rama Nand ji at Sri Guru Ravidass Temple at Vienna had also triggered wide violent protests in Punjab. Teachings of Guru Ravidass occupy central place in the historic Ad Dharam movement of pre-partition Punjab. The founder of the Ad Dharam movement, Babu Mangu Ram Mugowalia when asked by Prof Mark Juergensmeyer during his research in Punjab in the late 1970s about the contribution of the Ad Dharam movement towards the formation of Dalit consciousness among its followers, he proudly put on record that this very movement had given the Scheduled Castes of Punjab their Rehbar/Guru who was the pioneer among the restoration of the long lost dignity and self-respect of these historically neglected people. Guru Ravidass and his socio religious teachings became the rallying point for the unity and struggle of the downtrodden and the so called low caste people. These people once became conscious of their rights, the centuries of the denial of such rights to them by the dominant social forces, and the voice of protest by their Guru at a time when even to dream of these rights was considered as blasphemy, how can they tolerate any insult or attack on the proud legacy of Sri Guru Ravidass Ji and the related sacred places dedicated to his fond memory. It is in this context that the demolition of Sri Guru Ravidass Temple at New Delhi and the quick and sharp reaction in Punjab needs to be understood.

# SUPREME COUNCIL SRI GURU RAVIDASS SABHAS, USA 2150, CRESTVIEW DRIVE, PITTSBURG, CALIFORNIA, USA



**TO: -**

**1. Honorable President of India**
**2. Honorable Prime Minister of India**
**3. Honorable Chief Minister of Delhi**
**Through Consulate General of India, San Francisco**
**Reg:-Restor ation of Image and status Sri Guru Ravidass Temple**
**Tughlaqabad, New Delhi**

Dear Sir,

It is extremely distressing and deplorable to learn that in pursuance of the orders of the Supreme Court of India, the old historical temple in the name of Guru Ravidass Ji located in Tuglaqabad, Delhi has been demolished by Delhi Development Authority controlled by Delhi Administration. This temple was being managed by Guru Ravidass Jayanti Samaroh Samity, Tuglaqabad, Delhi and the site was a adorable reminiscence of an historic visit by Guru Ravidass Ji in the 15th century during the rule of Sikander Lodhi, the then emperor of India.

As per the traditional beliefs passed on from generation to generation, Sikander Lodhi who was so deeply impressed and enlightened with the saintly and spiritual wisdom of Guru Ravidass Ji that he embellished him with a rare title of Rajguru of his kingdom. He also gifted a large tract of land to this divinely inspired prophet for the purpose of preaching his vision and philosophy to promote humanitarianism and international brotherhood.

This temple, as it stood before its demolition, was inaugurated by Babu Jagjivan Ram, former Deputy Prime Minister of India, in 1959 and this land also figures in the old revenue records showing its possession by the villagers of Tuglaqabad who were the followers of Guru Ravidass Ji.

The process of acquisition and demolition of this holy temple was initiated by DDA and no attempts were made by Government of India to avoid this unfortunate decision, resulting in the dismemberment of this sacred site. It has hurted the very core of the religious sentiments of millions of Guru Ravidass Ji's followers in India and abroad. It looks so ironical and hurtful to note that every possible effort is underway to build a Shri Ram temple in Ajodhya while an existing temple so deeply connected to the holy memories of Guru Ravidass Ji in Tuglaqabad, has been thrown out of existence.

India, as we all are proud of, is deeply entrenched in the concept of respecting and creating an egalitarian and a secular society, as envisioned by Sri Guru Ravidass Ji, Babasaheb Dr. B.R. Ambedkar and Babu Mangu Ram Muggowalia founder of Ad-Dharam movement, but this recent decision which speaks of authoritarianism, is very disturbing and a complete departure from the very foundations on which this country was built.

This unfortunate decision has sent wide-spread waves of dismay, disappointment and discontentment among the entire Ravidassia community all over the world.

We fully support and stand with a spirit of unification behind any effort to restore the tarnished image and the sanctity of this holy temple.

We, therefore, respectfully and fervently request the honorable Prime Minister Mr. Narendra Modi to restore peace and harmony over the world by intervening personally in this crucial and sensitive matter and assuage the religious feelings so badly hurt amongst the followers of Guru Ravidass Ji, by restoring this religious property to its original image and sanctity.

This organization is a representative body of following six temples functioning under the name of Guru Ravidass Ji and this memorandum is being sent with their concurrence and approval.

1. Sri Guru Ravidass Sabha, Pittsburg CA.
2. Sri Guru Ravidass Sabha Sacramento, CA
3. Sri Guru Ravidass Temple Yuba City, CA
4. Sri Guru Ravidass Sabha Bay Area, CA
5. Sri Guru Ravidass Sabha, Fresno, CA 6 Sri Guru Ravidass Sabha Selma, CA

In addition Dr. B.R. Ambedkar Education Aid Society Fremont, CA,
Ambedkar Times Forum (Group of Media) USA
and Dr. Ambedkar Cultural Reform society are also supporting this Memorandum.


**Thanking you**

**O.P. Balley (Chairman),**
**Ramesh Suman (General Secretary) Shashi K. Paul (Treasurer) Tavinder Kazla (Co-Ordinator)**
**Dated: August 13, 2019**

# SupremeCouncil Sri Guru Ravidass Sabhas, USA Condemns the Demolition of Sri Guru Ravidass Temple Tuglaqabad New Delhi











All pictures credit: Prem K. Chumber Ambedkar Times
Read more www.ambedkartimes.com





Supreme Council Sri Guru Ravidass Sabhas, USA subm itt ed a memorandum to Indian Consulate office in San Francis co (California) USA urging the restoration of centuries old Sri Guru Ravidass Temple in Tuglaqabad New Delhi which was demolished unde r the order of the Supreme Court of India.

Mr. O. P. Bal ley, General Secretary of Supreme Council Sri Guru Ravidass Sabhas, USA joined by th e representatives of Sri Guru Ravidass Sabhas: Pittsburg, Bay Area , Sacramento, Yuba City, Fresno, Selma &Dr. B.R. Ambedkar Education Aid Socie ty Fremont, California, Ambedkar Times Forum (Group of Media) USA and Dr. Ambed kar Cultural Reform Society Fresno (California) presented the Memorandum in person to the Consulate General San Francisco (California) in a peaceful environment in the presence of about fifty members of the Community attending the occasion.

The following prominent members of th e Community e xpressed their feelings of resentment on this unfortunate incident hurting the very core of the religious sentiments of millions of followers of Sri Guru Ravidass Ji all over the world. O. P. Balley, Ramesh Su man, Shashi K. Paul, Kashmiri Bhatia, Joginder Singh Delhiwale, Paramji tBhutta , Ke wal Bolina, Hans Raj Kajla & Prem Kumar Chumber from Sacramento (California), Ram Murti S aroay, Vin od Kumar Chumber, Ajaib Singh Sunda, Tarlochan Singh, Amandeep Singh, Ram Lubhaya& Ram Dhan from Bay Area (California), Karam Singh Bang ar, Ratta n Pal Jas si, Amar Daroch, Malkiat Singh Bangar from Fresno, Kewal S indhu & His wife from Vallejo (C alifornia). Mr. Prem Chumber Editor-In-Chief Ambedkar Times and Desh Doaba weekly newspapers also covered the entire event as a professional journalist.

**- O. P. Balley**
**General Secretary**

# ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਸੁਖਮਨੀ ਸਾਹਿਬ ਜੀ ਦੇ ਪਾਠ ਕਰਵਾਏ







**ਯੂਬਾ ਸਿਟੀ–** ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਵਿਖੇ ਗੁਰੂ ਘਰ ਦੇ ਬੜੇ ਸ਼ਰਧਾਲੂ ਪਰਿਵਾਰ ਸ. ਮਨਮੋਹਨ ਸਿੰਘ ਸੰਧੂ, ਬੀਬੀ ਸੁਖਦੀਪ ਕੌਰ ਸੰਧੂ ਵੱਲੋਂ ਆਪਣੀ ਬੇਟੀ ਬੀਬੀ ਕਮਲਜੀਤ ਕੌਰ ਭੰਗਲ, ਸ. ਗੁਰਦੀਪ ਸਿੰਘ ਭੰਗਲ, ਕਾਕਾ ਲਹਿਜਵੀਰ ਸਿੰਘ ਭੰਗਲ ਦੀ ਚੜ੍ਹਦੀਕਲਾ ਲਈ ਅਗਸਤ 11, 2019 ਦਿਨ ਐਤਵਾਰ ਨੂੰ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਅਤੇ ਲੰਗਰਾਂ ਦੀ ਸੇਵਾ ਕੀਤੀ ਗਈ, ਜਿਸ ਵਿਚ 11 ਅਗਸਤ ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠਾਂ ਦੇ ਭੋਗ ਪਾਏ ਗਏ। ਉਪਰੰਤ ਮਹਾਨ ਕੀਰਤਨ ਦਰਬਾਰ ਸਜਾਏ ਗਏ, ਜਿਸ ਵਿਚ ਗੁਰੂ ਘਰ ਦੇ ਹਜ਼ੂਰੀ ਜਥੇ ਭਾਈ ਪ੍ਰਿਤਪਾਲ ਸਿੰਘ ਜੀ, ਸ. ਜੋਗਿੰਦਰ ਸਿੰਘ ਸ਼ੌਂਕੀ ਨੇ ਹਰਿ ਜੱਸ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਇਸ ਤੋਂ ਉਪਰੰਤ ਗੁਰੂ ਘਰ ਦੇ ਹੈਡ ਗ੍ਰੰਥੀ ਭਾਈ ਕ੍ਰਿਸ਼ਨ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਮਹਰਾਜ ਜੀ ਦੇ ਜੀਵਨ ਤੇ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸੈਕਟਰੀ ਦੀ ਸੇਵਾ ਸ੍ਰੀ ਰਾਮ ਸੇਵਕ ਭਾਟੀਆ ਜੀ ਹੈਡ ਕੈਸ਼ੀਅਰ ਨੇ ਨਿਭਾਈ। ਗੁਰੂ ਕੇ ਲੰਗਰ ਅਤੁੱਟ ਵਰਤਾਏ ਗਏ। ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਸ. ਮਨਮੋਹਨ ਸਿੰਘ ਸੰਧੂ, ਬੀਬੀ ਸੁਖਦੀਪ ਕੌਰ ਸੰਧੂ ਪਰਿਵਾਰ ਨੂੰ ਸਿਰੋਪਾਓ ਬਖਸ਼ਿਸ਼ ਕੀਤੇ ਗਏ। ਅੰਤ ਵਿਚ ਗੁਰੂ ਘਰ ਦੇ ਪ੍ਰਧਾਨ ਸ੍ਰੀ ਦਲਵਿੰਦਰ ਰੱਲ੍ਹ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

### ਭਾਰਤ ਵਿਚ ਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸਕ ਅਸਥਾਨ ਨੂੰ ਢਾਉਣ ਦੀ ਸਖਤ ਨਿਖੇਧੀ

ਸ੍ਰੀ ਗੁਰੂ ਰਵਿਦਾਸ ਟੈਂਪਲ ਯੂਬਾ ਸਿਟੀ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਵੱਲੋਂ ਐਤਵਾਰ ਦੇ ਦੀਵਾਨਾਂ ਵਿਚ ਭਾਰਤ ਵਿਚ ਵਾਪਰੀ ਮੰਦਭਾਗੀ ਘਟਨਾ ਜੋ ਕਿ ਭਾਰਤ ਸਰਕਾਰ ਵੱਲੋਂ ਦਿੱਲੀ ਵਿਚ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਇਤਿਹਾਸਕ ਅਸਥਾਨ ਨੂੰ ਢਾਉਣ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ। ਗੁਰੂ ਘਰ ਦੇ ਹੈਡ ਕੈਸ਼ੀਅਰ ਸ੍ਰੀ ਰਾਮ ਸੇਵਕ ਭਾਟੀਆ ਨੇ ਸਟੇਜ ਤੋਂ ਬੋਲਦੇ ਹੋਏ ਸੰਗਤਾਂ ਨੂੰ ਅਪੀਲ ਕੀਤੀ ਕਿ ਇਸ ਘਟਨਾ ਨਾਲ ਕੌਮ ਦੇ ਹਿਰਦਿਆਂ ਨੂੰ ਦੁੱਖ ਪਹੁੰਚਿਆ ਹੈ ਅਤੇ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਨੂੰ ਠੇਸ ਪਹੁੰਚੀ ਹੈ। ਉਹਨਾਂ ਦੱਸਿਆ ਕਿ ਭਾਰਤ ਸਰਕਾਰ ਲਗਾਤਾਰ ਘੱਟ ਗਿਣਤੀ ਵਰਗ ਨੂੰ ਆਪਣਾ ਨਿਸ਼ਾਨਾ ਬਣਾ ਰਹੀ ਹੈ। ਸੋ ਗੁਰੂ ਘਰ ਦੀ ਪ੍ਰਬੰਧਕ ਕਮੇਟੀ ਇਸ ਦਾ ਵਿਰੋਧ ਕਰਦੀ ਹੈ ਅਤੇ ਉਹਨਾਂ ਸੰਗਤਾਂ ਨੂੰ ਅਪੀਲ ਕੀਤੀ ਕਿ ਇਸ ਦੁੱਖ ਦੇ ਸਮੇਂ ਸਾਰੀਆਂ ਸੰਗਤਾਂ ਨੂੰ ਏਕਤਾ ਦਾ ਸਬੂਤ ਦੇਣਾ ਚਾਹੀਦਾ ਹੈ।

# SUPREME COUNCIL SRI GURU RAVIDASS SABHAS, USA

## Last meeting of the Council was held in Elk Grove





Sacramento on August, 3rd, 2019. The following members attended the meeting which went through very successfully and harmoniously. O.P. Balley, Ramesh Suman, Shashi K. Paul, Ram Murti Saroay, Vinod Kumar Chumber, Prem K. Chumber, Hans Raj Kajla, Tavinder Kazla, A.S Sunda, Sohan Singh Dhunda, K.S. Sidhu, Jarnail Singh Badhan, Kashmiri Bhatia, Teja Virk & Kewal Krishan Bolina

The meeting which was opened by Mr. O.P. Balley, General Secretary of the Council focused around the restoration of its status and image to accomplish the lofty vision and ideals which established this organization.

It was unanimously agreed to hold six meetings every year to keep up the momentum of its activities. The dates will be notified later.

The meeting was adjourned with thanks to all the participating members for their esteemed views and positive input conducive to the functioning of this body, based on the preachings enshrined in the holy pages of Shri Guru Granth Sahib Ji

**O.P. Balley**
**General Secretary**
**Read more**
**www.ambedkartimes.com**
------



KB USED AUTO SALES



8655 B Monterey Street Gilroy, CA 95020

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

K&K AUTO REPAIR
and Car Wash
63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# 550ਵੇਂ ਜਨਮਪੁਰਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ ਵਿੱਚ ਸ਼ਾਇਰਾਂ ਵਲੋਂ ਬਾਬਾ ਨਾਨਕ ਦੇ ਇਲਾਹੀ ਸੁਨੇਹੇ ਦਾ ਕਾਵਿਕ ਗਾਇਨ

## ਪੰਜਾਬੀ ਰੇਡੀਓ ਯੂ.ਐੱਸ.ਏ. ਤੋਂ ਸਿੱਧੇ ਪ੍ਰਸਾਰਨ ਦਾ ਦੇਸ਼ ਵਿਦੇਸ਼ ਵਿਚਲੇ ਸਰੋਤਿਆਂ ਨੇ ਮਾਣਿਆ ਆਨੰਦ

**ਸੈਨਹੋਜ਼ੇ-** ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਅਤੇ ਪੰਜਾਬੀ ਰੇਡੀਓ ਯੂ.ਐੱਸ.ਏ. ਵਲੋਂ ਗੁਰੂ ਨਾਨਕ ਦੇਵ ਜੀ ਦੇ 550ਵੇਂ ਜਨਮ ਪੁਰਬ ਨੂੰ ਸਮਰਪਿਤ ਧਾਰਮਿਕ ਕਵੀ ਦਰਬਾਰ 'ਚ ਸ਼ਾਇਰਾਂ ਨੇ ਬਾਬਾ ਨਾਨਕ ਦੇ ਇਲਾਹੀ ਸੁਨੇਹੇ ਅਤੇ ਗਿਆ। ਪੰਜਾਬੀ ਰੇਡੀਓ ਯੂ.ਐੱਸ.ਏ. ਦੇ ਹੋਸਟ ਰਾਜਕਰਨਬੀਰ ਸਿੰਘ ਨੇ ਸ਼ੁਰੂ 'ਚ ਸਾਰੇ ਸ਼ਾਇਰਾਂ ਨੂੰ ਜੀ ਆਇਆਂ ਕਿਹਾ। ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਦੇ ਕੋਆਰਡੀਨੇਟਰ ਦਲਜੀਤ ਸਿੰਘ ਸਰਾਂ ਨੇ ਬਕਾਇਦਾ ਸ਼ੁਰੂਆਤ ਕਰਦਿਆਂ ਕਿਹਾ ਆਜ਼ਾਦ ਜਲੰਧਰੀ ਤੋਂ ਇਲਾਵਾ ਬੀਬੀ ਸੁਰਜੀਤ ਕੌਰ, ਪ੍ਰਿੰਸੀਪਲ ਹਜ਼ੂਰਾ ਸਿੰਘ, ਚਰਨਜੀਤ ਸਿੰਘ ਪੰਨੂੰ, ਮੋਹਨ ਸਿੰਘ ਚਰਖਾ, ਦਲਬੀਰ ਸਿੰਘ 'ਦਿਲ' ਨਿਜਰ, ਗੁਰਦਿਆਲ ਸਿੰਘ ਨੂਰਪੂਰੀ, ਇੰਦਰਜੀਤ ਸਿੰਘ ਗਰੇਵਾਲ, ਅਜੈਬ ਚੀਮਾ, ਜਸਦੀਪ ਸਿੰਘ, ਤਾਂ ਝੱਟ ਮਿਲਦੇ ਨੇ।' ਲਾਜ ਨੀਲਮ ਸੈਣੀ ਦੀ 'ਕਰਤਾਰਪੁਰ ਲਾਂਘਾ' ਕਵਿਤਾ ਸਭਨਾਂ ਦੇ ਦਿਲ ਨੂੰ ਟੁੰਬਦੀ ਸੀ। ਹਰਭਜਨ ਢਿਲੋਂ ਨੇ ਕਵੀ ਦਰਬਾਰ ਨੂੰ ਸਪੂੰਰਨਤਾ ਵਲ ਪਹੁੰਚਾਉਂਦਿਆਂ ਗੁਰੂ ਬਾਣੀ ਦੀ ਉੱਚਤਾ ਨੂੰ ਕਾਵਿਕ ਤੇ ਸੰਗੀਤਮਈ ਸੁਰ ਰਾਹੀਂ







ਮਾਨਵਤਾ ਦੇ ਭਲੇ ਲਈ ਕੀਤੇ ਮਹਾਨ ਕਾਰਜ ਦੀ ਮਹਿਮਾ ਦਾ ਗਾਇਨ ਕੀਤਾ। ਪੰਜਾਬੀ ਰੇਡੀਓ ਯੂ.ਐੱਸ.ਏ. ਦੇ ਸੈਨ ਹੋਜ਼ੇ ਸਥਿੱਤ ਮੁੱਖ ਸਟੂਡੀਓ ਕੰਪਲੈਕਸ 3750 ਮਕਈ ਰੋਡ, ਸੈਨ ਹੋਜ਼ੇ (3750 McKee Road, Suite B San Jose, CA 95127) ਵਿੱਚ ਕਰਵਾਏ ਇਸ ਕਵੀ ਦਰਬਾਰ ਵਿੱਚ ਬੇਅ ਏਰੀਆ ਤੋਂ ਇਲਾਵਾ ਹੇਵਰਡ ਤੇ ਸੈਕਰਾਮੈਂਟੋ ਸਮੇਤ ਹੋਰਨਾਂ ਥਾਵਾਂ ਤੋਂ 22 ਕਵੀ ਆਪੋ ਅਪਣਾ ਕਲਾਮ ਪੇਸ਼ ਕਰਨ ਲਈ ਪੁੱਜੇ। 10 ਅਗਸਤ 2019 ਸ਼ਨਿਚਰਵਾਰ ਨੂੰ ਬਾਅਦ ਦੁਪਹਿਰ 3:30 ਵਜੇ ਤੋਂ 6:30 ਵਜੇ ਤੱਕ ਕਰਵਾਏ ਇਸ ਕਵੀ ਦਰਬਾਰ ਦੇ ਲਾਈਵ ਪ੍ਰਸਾਰਨ ਨੂੰ ਪੰਜਾਬੀ ਰੇਡੀਓ ਯੂ.ਐੱਸ.ਏ.ਦੇ ਦੇਸ ਵਿਦੇਸ਼ਾਂ ਵਿਚਲੇ ਸਰੋਤਿਆਂ ਨੇ ਬੇਹੱਦ ਦਿਲਚਸਪੀ ਨਾਲ ਸੁਣਿਆ।

ਇਹ ਕਵੀ ਦਰਬਾਰ ਪੰਜਾਬੀ ਰੇਡੀਓ ਯੂ.ਐੱਸ.ਏ. ਦੇ ਹਫ਼ਤਾਵਾਰੀ ਕਾਵਿ ਪ੍ਰੋਗਰਾਮ 'ਰੰਗੀਨ ਮਹਫ਼ਿਲ' ਦੇ ਸਹਿ ਹੋਸਟ ਤੇ ਉੱਘੇ ਸ਼ਾਇਰ ਹਰਭਜਨ ਢਿਲੋਂ ਦੀ ਅਗਵਾਈ ਹੇਠ ਵਿਸ਼ਵ ਪੰਜਾਬੀ ਸਾਹਿਤ ਅਕਾਦਮੀ ਅਤੇ ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ-ਯੂਬਾ ਸਿਟੀ ਦੇ ਸਹਿਯੋਗ ਨਾਲ ਕਰਵਾਇਆ ਕਿ ਗੁਰੂ ਨਾਨਕ ਦੇਵ ਜੀ ਨੇ ਸਰਬ ਸਾਂਝੀਵਾਲਤਾ ਅਤੇ ਮਾਨਵਤਾ ਦੀ ਭਲਾਈ ਦਾ ਅਪਣਾ ਇਲਾਹੀ ਸੁਨੇਹਾ ਸ਼ਾਇਰੀ ਰਾਹੀਂ ਸਾਨੂੰ ਦਿੱਤਾ। ਨਾਨਕ ਸ਼ਾਇਰ ਵਲੋਂ ਉਸ ਵੇਲੇ ਦੀ ਸਟੇਟ ਸੱਤਾ ਨੂੰ ਵੰਗਾਰਦੀ ਅਤੇ ਵਾਹਿਗੁਰੂ ਨੂੰ ਸੰਬੋਧਤ ਹੁੰਦਿਆਂ ਉਚਾਰੀ 'ਬਾਬਰਬਾਣੀ' ਨੂੰ ਵਿਸ਼ਵ ਕਾਵਿ ਵਿੱਚ 'ਬਗਾਵਤ ਦੀ ਸ਼ਾਇਰੀ' ਦੀ ਪ੍ਰਤੀਨਿਧ ਮਹਾਨ ਰਚਨਾ ਗਿਣਿਆ ਜਾਂਦਾ ਹੈ। ਉਨ੍ਹਾਂ ਨੇ ਕਲਚਰਲ ਸੈਟਰ ਵਲੋਂ ਪੰਜਾਬੀ ਸਭਿਆਚਾਰ ਅਤੇ ਸਾਹਿਤਕ ਖੇਤਰ 'ਚ ਕੀਤੇ ਜਾ ਰਹੇ ਯਤਨਾਂ ਲਈ ਮਿਲ ਰਹੇ ਭਰਵੇਂ ਸਹਿਯੋਗ ਬਦਲੇ ਸਭਨਾਂ ਦਾ ਧੰਨਵਾਦ ਕਰਦਿਆਂ ਕਲਚਰਲ ਸੈਂਟਰ ਵਲੋਂ ਭਵਿੱਖ ਲਈ ਉਲੀਕੇ ਪ੍ਰੋਗਰਾਮਾਂ ਬਾਰੇ ਜਾਣੂੰ ਕਰਵਾਇਆ। ਨੌਜਵਾਨ ਸ਼ਾਇਰਾ ਤੇ ਪੰਜਾਬੀ ਲੋਕ ਗੀਤਾਂ ਸਬੰਧੀ ਅਹਿਮ ਯੋਗਦਾਨ ਪਾਉਣ ਵਾਲੀ ਲਾਜ ਨੀਲਮ ਸੈਣੀ ਨੇ ਇਸ ਵਿਲੱਖਣ ਕਾਵਿ ਮਹਿਫ਼ਲ ਦਾ ਸੰਚਾਲਨ ਕਰਦਿਆਂ ਨੌਜਵਾਨ ਸ਼ਾਇਰ ਗਗਨਜੀਤ ਮਾਹਲ ਨੂੰ ਅਪਣੇ ਕਲਾਮ ਨਾਲ ਸ਼ੁਰੂਆਤ ਕਰਨ ਦਾ ਸੱਦਾ ਦਿੱਤਾ। ਇਸਤੋਂ ਬਾਅਦ ਆਪੋ ਅਪਣੇ ਕਲਾਮ ਦੇ ਜ਼ਰੀਏ ਬਾਬਾ ਨਾਨਕ ਨੂੰ ਨੱਤ-ਮਸਤਕ ਹੋਣ ਵਾਲਿਆਂ ਵਿੱਚ ਉਸਤਾਦ ਸ਼ਾਇਰਾਂ ਈਸ਼ਰ ਸਿੰਘ ਮੋਮਨ ਅਤੇ ਗੁਰਸ਼ਰਨ ਸਿੰਘ (ਜਲੰਧਰ), ਪਰੀਮਲ ਗੁਪਤਾ (ਹਿੰਦੀ), ਕੈਪਟਨ ਅਮਰਜੀਤ ਸੈਣੀ, ਪਰਮਿੰਦਰ ਰਾਏ, ਕਮਲ ਬੰਗਾ, ਗੁਲਸ਼ਨ ਦਿਆਲ ਅਤੇ ਸੁਰਿੰਦਰ ਸੀਰਤ ਸ਼ਾਮਲ ਸਨ। ਹਰ ਕਵੀ ਦੀ ਰਚਨਾ ਗੁਰੂ ਜੀ ਦੇ ਮਾਨਵੀ ਸੰਦੇਸ਼ ਨੂੰ ਕਵਿਤਾ ਜਾਂ ਗੀਤ ਰਾਹੀਂ ਖੂਬਸੂਰਤ ਸ਼ਬਦਾਂ ਦੇ ਜ਼ਰੀਏ ਕਾਵਿਕ ਸਿਜਦਾ ਸੀ।

ਪਰ 94 ਸਾਲ ਲੰਮਾ ਜੀਵਨ ਸਫ਼ਰ ਕਰਨ ਦੇ ਬਾਵਜੂਦ ਤਨੋਂ ਮਨੋਂ ਚੜ੍ਹਦੀ ਕਲਾ ਵਾਲੇ ਬਜ਼ੁਰਗ ਸ਼ਾਇਰ ਈਸ਼ਰ ਸਿੰਘ ਦੇ ਸ਼ਬਦ 'ਖੱਟੀ ਖੱਟੀ, ਸੱਚ ਵਾਲੀ, ਸੱਚ ਵਾਲੀ ਹੱਟੀ ਵਿਚੋਂ, ਤੇਰਾਂ ਤੇਰਾਂ ਤੋਲ ਤੋਲ, ਦੁਨੀਆ ਨੂੰ ਤਾਰਿਆ' ਗੁਰੂ ਜੀ ਦੇ ਸੱਚੇ ਸੌਦੇ ਦਾ ਬਹੁਤ ਸੋਹਣਾ ਵਰਨਣ ਸੀ। ਬੇਅ ਏਰੀਆ ਦੀਆਂ ਕਾਵਿ ਮਹਫ਼ਿਲਾਂ ਦੀ ਜਿੰਦ-ਜਾਨ ਜਨਾਬ ਆਜ਼ਾਦ ਜਲੰਧਰੀ ਨੇ ਮੌਜੂਦਾ ਸਮੇਂ ਬਹੁ ਗਿਣਤੀ ਸਿੱਖਾਂ ਵਲੋਂ ਗੁਰੂ ਜੀ ਦੇ ਉਪਦੇਸ਼ ਵਲੋਂ ਮੁੱਖ ਮੋੜਣ ਦਾ ਜ਼ਿਕਰ ਇਉਂ ਕੀਤਾ.. 'ਗੁਰੂ ਨਾਨਕ ਦੇ ਵਾਗੂੰ ਅੱਜ ਕਲ੍ਹ, ਸੱਚਾ ਸੌਦਾ ਕੋਈ ਨਹੀਂ ਕਰਦਾ। ਕਈ ਪਾਖੰਡੀ ਉਸਦੇ ਨਾਂਅ 'ਤੇ, ਖੋਲ੍ਹੀ ਫਿਰਦੇ ਹੱਟ ਮਿਲਦੇ ਨੇ। ....ਪੂਰਬ-ਪੱਛਮ, ਉੱਤਰ-ਦੱਖਣ, ਕਣ ਕਣ ਵਿੱਚ ਸਮਾਇਆ ਬਾਬਾ, ਸੱਚੇ ਦਿਲ ਨਾਲ ਕੋਈ ਬੁਲਾਏ, ਗੁਰੂ ਨਾਨਕ ਇਉਂ ਬਿਆਨਿਆ 'ਇਹ ਊਚ-ਨੀਚ ਦਾ ਖੰਡਨ ਕਰਦੀ, ਇਹ ਨਾ ਬਾਬਰ ਤੋਂ ਵੀ ਡਰਦੀ। ....ਭੁੱਲਿਆਂ ਨੂੰ ਇਹ ਰਾਹੇ ਪਾਵੇ, ਦੁਖੀਆਂ ਨੂੰ ਇਹ ਗਲ ਨਾਲ ਲਾਵੇ, ਸਭ ਨੂੰ ਪਿਆਰ ਦਾ ਸਬਕ ਪੜ੍ਹਾਵੇ। ..ਤੇ ਗੰਢਦੀ ਟੁੱਟੀ ਤਾਣੀ ਏ, ਧੰਨ ਨਾਨਕ ਤੇਰੀ ਬਾਣੀ ਏ।' ਰੇਡੀਓ ਦੀ ਮੁੱਖ ਹੋਸਟ ਬੀਬੀ ਬਲਵਿੰਦਰ ਕੌਰ ਵਲੋਂ ਰੇਡੀਓ ਤੋਂ ਜਿਨ੍ਹਾਂ ਕਵੀਆਂ ਨੂੰ ਸਰੋਤਿਆਂ ਦੇ ਰੂ-ਬ-ਰੂ ਕਰਕੇ ਕਵੀ ਦਰਬਾਰ ਦਾ ਮਾਹੌਲ ਸਿਰਜਿਆ ਉਨ੍ਹਾਂ ਵਿੱਚ ਮਨਜੀਤ ਸਿੰਘ ਮਿਸ਼ੀਗਨ, ਮਾਸਟਰ ਨਿਰਮਲ ਸਿੰਘ ਲਾਲੀ ਯੂਬਾ ਸਿਟੀ ਅਤੇ ਸ਼ੇਰ ਸਿੰਘ ਕੰਵਲ ਫੀਨਿਕਸ (ਐਰੀਜ਼ੋਨਾ) ਮੁੱਖ ਸਨ।

ਇੰਦਰਜੀਤ ਸਿੰਘ ਗਰੇਵਾਲ ਨੇ ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ-ਯੂਬਾ ਸਿਟੀ ਵਲੋਂ ਗੁਰੂ ਨਾਨਕ ਜੀ ਦੇ 550ਵੇਂ ਜਨਮ ਪੁਰਬ ਸਬੰਧੀ ਛੇਤੀ ਹੀ ਛਾਪੇ ਜਾਣ ਵਾਲੇ ਕਾਵਿ ਸੰਗ੍ਰਿਹ ਲਈ ਸਭਨਾਂ ਸ਼ਾਇਰਾਂ ਨੂੰ ਅਪਣੀਆਂ ਰਚਨਾਵਾਂ ਉਨ੍ਹਾਂ ਨੂੰ ਭੇਜਣ ਦਾ ਸੱਦਾ ਦਿੱਤਾ। ਸਭਨਾਂ ਸ਼ਾਇਰਾਂ ਨੇ ਇਸ ਸ਼ਾਨਦਾਰ ਉੱਦਮ ਬਦਲੇ ਪੰਜਾਬੀ ਕਲਚਰਲ ਸੈਂਟਰ ਯੂ.ਐੱਸ.ਏ. ਅਤੇ ਪੰਜਾਬੀ ਰੇਡੀਓ ਯੂ.ਐੱਸ.ਏ. ਦੇ ਮੋਹਰੀ ਹਰਜੋਤ ਸਿੰਘ ਖਾਲਸਾ, ਦਿਲਪ੍ਰੀਤ ਸਿੰਘ, ਜਗਮੋਹਨ ਸਿੰਘ ਅਤੇ ਟੀਮ ਦੇ ਹੋਰਨਾਂ ਮੈਂਬਰਾਂ ਦਾ ਧੰਨਵਾਦ ਕੀਤਾ।

## ਅਮਰੀਕਾ ਵਿਚ ਪੰਜਾਬੀ ਗਾਇਕ ਸਤਿੰਦਰ ਸਰਤਾਜ ਦੇ ਸ਼ੋਆਂ 'ਚ ਦਰਸ਼ਕਾਂ ਦੀ ਭੀੜ ਉਮੜੀ, 17, 18 ਅਗਸਤ ਨੂੰ ਸਟਾਕਟਨ ਤੇ ਫਰਿਜ਼ਨੋ 'ਚ

**ਸੈਕਰਾਮੈਂਟੋ (ਹੁਸਨ ਲੜੋਆ ਬੰਗਾ)-** ਬਿਨਾਂ ਸ਼ੱਕ ਪ੍ਰਵਾਸੀ ਪੰਜਾਬੀਆਂ ਨੇ ਪੰਜਾਬੀ ਸੰਗੀਤ ਪ੍ਰਤੀ ਆਪਣਾ ਰਵੱਈਆ ਬਦਲਿਆ ਹੈ, ਜਿੱਥੇ ਪਹਿਲਾਂ ਹਲਕੇ-ਫੁਲਕੇ ਗੀਤ ਗਾਉਣ ਵਾਲਿਆਂ ਪ੍ਰਤੀ ਭੀੜ ਇਕੱਠੀ ਹੁੰਦੀ ਸੀ, ਹੁਣ ਇਹ ਅਦਬੀ ਗਾਇਕੀ ਨੇ ਪੰਜਾਬੀ ਦਰਸ਼ਕਾਂ ਨੂੰ ਆਪਣੇ ਵੱਲ ਖਿੱਚਿਆ ਹੈ। ਇਹੋ ਜਿਹੀ ਅਦਬੀ ਗਾਇਕੀ ਦੇ ਸ਼ਾਹ ਅਸਵਾਰ ਗਾਇਕ ਸਤਿੰਦਰ ਸਰਤਾਜ ਦੇ ਅਮਰੀਕਾ ਵਿਚ ਲਗਾਤਾਰ ਸ਼ੋਅ ਹੋਣ ਜਾ ਰਹੇ ਹਨ। ਤੇ ਸੈਕਰਾਮੈਂਟੋ ਵਿਚਲਾ ਉਸਦਾ ਦੂਸਰਾ ਸ਼ੋਅ ਸੀ, ਜਿਸ ਵਿਚ ਪੰਜਾਬੀ ਦਰਸ਼ਕਾਂ ਦੀ ਕਾਫੀ ਭੀੜ ਦੇਖਣ ਨੂੰ ਮਿਲੀ, ਉਸਦੇ ਕਰੀਬ 12 ਸ਼ੋਅ ਪੂਰੇ ਅਮਰੀਕਾ ਵਿਚ ਹੋਣਗੇ। ਸੈਕਰਾਮੈਂਟੋ ਵਿਚਲੇ ਸ਼ੋਅ ਨੂੰ ਹਾਈਟੈਕ ਵਿਧੀ ਰਾਹੀਂ ਦਰਸ਼ਕਾਂ ਤੇਚ ਪੇਸ਼ ਕੀਤਾ ਗਿਆ, ਜਿਸ ਰਾਹੀਂ ਉਸਨੇ ਦਰਸ਼ਕਾਂ ਦੇ ਮੋਬਾਇਲਾਂ ਰਾਹੀਂ ਫੁਰਮਾਇਸ਼ਾ ਲਈਆਂ ਤੇ ਉਹਨਾਂ ਨੂੰ ਪੂਰਾ ਕੀਤਾ। ਇਸਦਾ ਫਾਇਦਾ ਇਹ ਹੋਇਆ ਕਿ ਜਿਹੜੀਆਂ ਬੀਬੀਆਂ ਉਠ ਕੇ ਫੁਰਮਾਇਸ਼ ਨਹੀਂ ਕਰ



ਸਕਦੀਆਂ, ਉਹਨਾਂ ਨੇ ਆਪਣੀ ਫੁਰਮਾਇਸ਼ ਮੋਬਾਇਲ ਫੋਨ ਰਾਹੀਂ ਇਕ ਲਿੰਕ ਰਾਹੀਂ ਸਤਿੰਦਰ ਸਰਤਾਜ ਨੂੰ ਭੇਜੀ। ਸੈਨਹੋਜੇ ਤੇ ਸੈਕਰਾਮੈਂਟੋ ਵਿਚ ਕਰਵਾਏ ਗਏ ਸ਼ੋਆਂ ਵਿਚ ਉਸਨੇ ਨਵੇਂ ਪੁਰਾਣੇ ਗੀਤਾਂ ਰਾਹੀਂ ਮਹਿਫਲ ਨੂੰ ਸਾਜਗਾਰ ਬਣਾਇਆ।

ਸਤਿੰਦਰ ਸਰਤਾਜ ਦਾ ਅਗਲਾ ਸ਼ੋਅ 17 ਅਗਸਤ ਨੂੰ ਸਟਾਕਟਨ ਅਤੇ 18 ਅਗਸਤ ਨੂੰ ਫਰਿਜਨੋ ਵਿਚ ਹੋਣ ਜਾ ਰਿਹਾ ਹੈ।

## ਮਾਤਾ ਰੁਪਿੰਦਰਜੀਤ ਰੰਧਾਵਾ ਨਹੀ ਰਹੇ



**ਯੂਬਾ ਸਿਟੀ, ਕੈਲੀਫੋਰਨੀਆ ( ਹੁਸਨ ਲੜੋਆ ਬੰਗਾ)-** ਯੂਬਾ ਸਿਟੀ ਦੇ ਇਲਾਕੇ ਚ ਸਨਮਾਨ ਯੋਗ ਸਖਸ਼ੀਅਤ ਸਮਾਜ ਸੇਵਕ ਮਾਤਾ ਰੁਪਿੰਦਰਜੀਤ ਰੰਧਾਵਾ ਇਸ ਫਾਨੀ ਦੁਨੀਆਂ ਤੋਂ ਅਚਾਨਕ ਰੁਖਸਤ ਹੋ ਗਏ। ਉਨਾਂ ਦਾ ਪੰਜਾਬ ਵਿਚਲਾ ਪਿਛਲਾ ਪਿੰਡ ਸੁਲਤਾਨਪੁਰ ਲੋਧੀ ਸੀ, ਇਥੇ ਯੂਬਾ ਸਿਟੀ ਚ ਉਹ ਕਰੀਬ 5 ਸਾਲ ਤੋਂ ਆਪਣੀ ਧੀ ਨਵਨੀਤ ਰੰਧਾਵਾ ਪਾਸ ਰਹਿੰਦੇ ਸਨ। ਉਨਾਂ ਅਪਣੇ ਪਤੀ ਡਾ. ਬਲਜੀਤ ਸਿੰਘ, ਡਾ. ਤੇਜਿੰਦਰਪਾਲ ਸਿੰਘ ਰੰਧਾਵਾ, ਬੇਟੀ ਡਾ. ਲਵਪ੍ਰੀਤ ਲਵਲੀ ਤੇ ਹੋਰ ਪਰਿਵਾਰ ਦੇ ਜੀਆਂ ਦੀਆਂ ਦੀ ਹਾਜਰੀ ਚ ਪ੍ਰਾਣ ਤਿਆਗੇ। ਉਨਾਂ ਦਾ ਅੰਤਮ ਸੰਸਕਾਰ 16 ਅਗਸਤ ਦਿਨ ਸ਼ੁਕਰਵਾਰ ਨੂੰ ਚੈਪਲ ਆਫ ਦਾ ਟਵਿਨ ਸਿਟੀਜ 175 ਸ਼ਾਸਤਾ ਸਟਰੀਟ ਯੂਬਾ ਸਿਟੀ ਵਿਖੇ ਸਵੇਰੇ 11 ਵਜੇ ਹੋਵੇਗਾ। ਹੋਰ ਜਾਣਕਾਰੀ ਲਈ ਪਰਿਵਾਰ ਨਾਲ 530-933-2211 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਬਹੁ-ਪੱਖੀ ਸਖਸ਼ੀਅਤ : ਡਾ: ਬਲਜੀਤ ਸਨੇਟਾ



ਪ੍ਰੀਤਮ ਲੁਧਿਆਣਵੀ
+91-9876428641

ਇਕ ਲੰਬੇ ਅਰਸੇ ਤੋਂ ਗੀਤਕਾਰੀ ਖੇਤਰ ਵਿਚ ਕਲਮ-ਅਜਮਾਈ ਲਈ ਸੰਘਰਸ਼ ਕਰਦਾ ਆ ਰਿਹਾ ਬਲਜੀਤ ਸਨੇਟਾ ਮਿਹਨਤ, ਲਗਨ ਅਤੇ ਸ਼ੌਕ ਦੇ ਬੱਲਬੂਤੇ ਦਿਨ-ਪਰ-ਦਿਨ ਆਪਣੀ ਕਲਮ ਦੀ ਪਛਾਣ ਗੂਹੜੀ ਕਰਦਾ ਆ ਰਿਹਾ ਹੈ। ਕਿੱਤੇ ਵਜੋਂ ਉਹ ਡਾਕਟਰੀ ਖੇਤਰ ਨਾਲ ਸਬੰਧਤ ਹੈ। ਇਹ ਉਸਦਾ ਕਲਮੀ-ਜਨੂੰਨ ਹੈ ਕਿ ਅਜਿਹੇ ਰੁਝੇਵਿਆਂ ਭਰੇ ਪੇਸ਼ੇ ਦੇ ਬਾਵਜੂਦ ਵੀ ਉਹ ਆਪਣੀ ਕਲਮ ਲਈ ਵਕਤ ਕੱਢ ਲੈਂਦਾ ਹੈ। ਜਿਲ੍ਹਾ ਮੁਹਾਲੀ ਦੇ ਖਰੜ ਤੋਂ ਬੰਨੂੜ ਰੋੜ ਤੇ ਪੈਂਦੇ ਪਿੰਡ ਸਨੇਟਾ ਵਿਚ 30 ਅਪ੍ਰੈਲ 1976 ਨੂੰ ਸ੍ਰੀ ਕੂੜਾ ਖਾਨ ਜੀ (ਪਿਤਾ) ਦੇ ਗ੍ਰਹਿ ਵਿਖੇ ਸ੍ਰੀਮਤੀ ਪਾਲ ਕੌਰ (ਮਾਤਾ) ਦੀ ਪਾਕਿ ਕੁੱਖੋਂ ਜਨਮੇ ਬਲਜੀਤ ਸਨੇਟੇ ਦੇ ਜੇਕਰ ਬਚਪਨ ਬਾਰੇ ਗੱਲ ਕਰੀਏ ਤਾਂ ਉਸਨੇ ਸਕੂਲ ਪੜ੍ਹਨ ਸਮੇਂ ਕਬੱਡੀ ਵਿੱਚ ਬਹੁਤ ਸਾਰੀਆਂ ਮੱਲਾ ਮਾਰੀਆਂ ਹਨ। ਇਲਾਕੇ ਵਿੱਚ ਅਜਿਹਾ ਕੋਈ ਵੀ ਟੂਰਨਾਮੈਂਟ ਨਹੀ ਹੋਣਾ ਜਿੱਥੇ ਬਲਜੀਤ ਸਨੇਟਾ ਨੂੰ ਬੈਸਟ ਰੇਡਰ ਦਾ ਇਨਾਮ ਨਾ ਮਿਲਿਆ ਹੋਵੇ। ਹਰ ਬੱਚੇ-ਬੱਚੇ ਦੀ ਜੁਬਾਨ ਤੇ ਬਲਜੀਤ ਸਨੇਟੇ ਦਾ ਨਾਮ ਛਾਇਆ ਰਿਹਾ। ਸਾਰੇ ਇਲਾਕੇ ਵਿੱਚ ਬਲਜੀਤ ਦਾ ਬਹੁਤ ਹੀ ਮਾਣ- ਸਤਿਕਾਰ ਹੁੰਦਾ ਰਿਹਾ।

ਜੇਕਰ ਰਿਕਾਰਡਿੰਗ ਖੇਤਰ ਦੀ ਗੱਲ ਕਰੀਏ ਤਾਂ ਇਹ ਕਹਿਣ ਵਿਚ ਹੋਰ ਵੀ ਫਖਰ ਮਹਿਸੂਸ ਹੁੰਦੈ ਕਿ ਇਸ ਨੌਜਵਾਨ ਨੇ 'ਇਸ਼' ਨਾਂਓਂ ਦੀ ਆਪਣੀ ਹੀ ਰਿਕਾਰਡਿੰਗ ਕੰਪਨੀ ਖੋਲ੍ਹੀ ਹੋਈ ਹੈ। 'ਇਸ਼ ਰਿਕਾਰਡ ਕੰਪਨੀ' ਵਿਚੋਂ ਹੁਣ ਤੱਕ ਬਲਜੀਤ 'ਜੈਕਾਰਾ ਪੌਣਾਹਾਰੀ ਦਾ', 'ਰੱਬ ਦੀਆਂ ਦਾਤਾਂ', 'ਤੇਰੇ ਹੱਥ ਡੋਰ ਨੀ ਮਾਏ', 'ਗੱਭਰੂ ਮੋਹਾਲੀ ਸ਼ਹਿਰ ਦੇ','ਸਹੀਦੀ, ਲਾਲਾ ਦੇ ਜੋੜੇ', 'ਹਰ ਗੱਲ ਤੇ ਉਹਲਾ', 'ਮੋਦੀ ਟੈਕਟ', 'ਵਾਰਦਾਤ', 'ਵਿਰਲਾਪ ਮਾਤਾ ਰਤਨੋ ਕਰੇ', ਜਲਦੀ ਹੀ ਰਿਲੀਜ ਹੋ ਰਿਹਾ ਗੀਤ, 'ਇਹ ਪਿਆਰ ਹੈ' ਆਦਿ ਕੈਸਿਟਾਂ ਤੇ ਸਿੰਗਲ ਟਰੈਕ ਸਮੇਤ ਤਕਰੀਬਨ 14 ਕੈਸਿਟਾ ਮਾਰਕੀਟ ਵਿੱਚ ਦੇ ਚੁੱਕਾ ਹੈ। ਇਕ



ਸਵਾਲ ਦਾ ਜੁਵਾਬ ਦਿੰਦਿਆਂ ਬਲਜੀਤ ਨੇ ਕਿਹਾ, 'ਹੁਣ ਤਕ ਇਸ ਸਫਰ ਵਿੱਚ 'ਲਾਉਦਾ ਕਾਹਤੋਂ ਝੂਠੇ ਇਲਜ਼ਾਮ','ਡੁੱਬ ਜਾਣਿਆ' (ਗਾਇਕਾ ਜਸ਼ਨਦੀਪ ਸਵੀਟੀ),'ਸੁੱਕੇ ਨੀ ਗੁਲਾਬ ਵਾਂਗੂੰ', 'ਅੱਥਰੂ ਤਾਂ ਮੋੜ ਦੇ', 'ਹਰ ਗੱਲ ਤੇ ਉਹਲਾ', 'ਇਹ ਪਿਆਰ ਹੈ '(ਗਾਇਕ ਗੁਰਬਖਸ਼ ਸ਼ੌਕੀ), 'ਸੋਨੇ ਦੀ ਤਬੀਤੜੀ', 'ਆਸ', 'ਊਧਮ ਸਿੰਘ', 'ਦਿਲ ਮਰ ਜਾਣਾ', 'ਕਿੱਥੇ ਚੱਲੇ ਉ ਜਨਾਬ', 'ਸੁਰਮਾ ਪਾ ਲਿਆ', 'ਖੁੱਲੇ ਸ਼ੇਰਾਂ ਨੂੰ ਨਕੇਲ', 'ਕਾਲੀ ਡਾਂਗ ਤੇ ਪਿੱਤਲ ਦੇ ਕੋਕੇ', 'ਅੱਗ ਬਣਕੇ', 'ਗਿੱਧੇ ਵਿੱਚ ਨੱਚ ਸੋਹਣੀਏ', 'ਸਹੀਦੀ' (ਗਾਇਕ ਡਾ: ਸੋਮਲ), 'ਸੋਹਣਿਆ ਨੇ ਨੈਣ ਮਿਲਾਉਣੇ ਛੱਡਤੇ' (ਗਾਇਕ ਪ੍ਰੀਤ ਕੋਰਾ) ਆਦਿ ਮੇਰੇ ਲਿਖੇ ਗੀਤਾਂ ਨੂੰ ਗਾਇਕਾਂ ਨੇ ਆਪੋ-ਆਪਣੀ ਸੁਰੀਲੀ ਅਤੇ ਦਮਦਾਰ ਅਵਾਜ ਵਿਚ ਗਾਇਨ ਕਰਕੇ ਮੇਰੇ ਜਿਹੇ ਨਿ-ਮਾਣੇ ਦਾ ਮਾਣ ਵਧਾਇਆ। ਯੁੱਗ-ਯੁੱਗ ਜਿਊਣ ਸੁਰੀਲੀਆਂ ਤੇ ਮਿੱਠੀਆਂ ਅਵਾਜਾਂ ਦੇ ਇਹ ਮਾਲਕ ਕਲਾਕਾਰ। ਇਨ੍ਹਾਂ ਤੋਂ ਇਲਾਵਾ ਸੁਪ੍ਰਸਿੱਧ ਗੀਤਕਾਰ ਤੇ ਪੱਤਰਕਾਰ ਰਾਜੂ ਨਾਹਰ ਜੀ ਦਾ ਜੋ ਮੈਨੂੰ ਹਮੇਸਾਂ ਯੋਗਦਾਨ ਅਤੇ ਸਹਿਯੋਗ ਰਿਹਾ ਉਹ ਸ਼ਬਦਾਂ ਵਿਚ ਨਹੀ ਬਿਆਨਿਆ ਜਾ ਸਕਦਾ।'

ਖਿਡਾਰੀ, ਲਿਖਾਰੀ, ਰਿਕਾਰਡਿੰਗ ਕੰਪਨੀ ਦੇ ਮਾਲਕ ਅਤੇ ਡਾਕਟਰ ਵਜੋਂ ਸਰਗਰਮੀ ਨਾਲ ਵਿਚਰਦਿਆਂ ਆਪਣੇ ਖਾਨਦਾਨ, ਪਿੰਡ, ਅਤੇ ਸੂਬੇ ਦਾ ਨਾਉਂਚਾ ਕਰ ਰਿਹਾ ਇਹ ਨੌਜਵਾਨ ਹੋਰ ਵੀ ਬੁਲੰਦੀਆਂ ਨੂੰ ਛੂਹਵੇ ! ਭਰਵੇਂ ਅੰਬਰ ਦੇ ਤਾਰਿਆਂ ਜਿੰਨੇ ਮਾਣ-ਸਨਮਾਨ ਉਸ ਦੀ ਝੋਲੀ ਪੈਣ! ਸਫਲਤਾਵਾਂ ਉਸਦੇ ਕਦਮ ਚੁੰਮਣ: ਮੇਰੀਆਂ ਸ਼ੁਭ ਕਾਮਨਾਵਾਂ ਅਤੇ ਦਿਲੀ-ਦੁਆਵਾਂ ਹਨ, ਇਸ ਬਹੁ-ਪੱਖੀ ਸਖਸ਼ੀਅਤ ਲਈ।

# ਜਾਤਪਾਤੀ ਪਰਤਾਂ ਉਧੇੜਦਾ ਕਰਨੈਲ ਸਿੰਘ ਵਜ਼ੀਰਾਬਾਦੀ ਦਾ ਨਾਵਲ 'ਚੌਥੀ ਧਰਤੀ ਦੇ ਲੋਕ'

ਭਾਰਤ ਦੀ ਸਭ ਤੋਂ ਵੱਡੀ, ਭਿਆਨਕ ਤੇ ਗੰਭੀਰ ਸਮੱਸਿਆ ਜਾਤਪਾਤ ਦੀ ਹੈ, ਜੋ ਖ਼ੂਨ ਅਤੇ ਦਿਮਾਗ ਵਿਚ ਅਜਿਹੀ ਉਤਰ ਚੁੱਕੀ ਹੈ ਕਿ ਇਸਨੇ ਦੇਸ਼ ਅਤੇ ਸਮਾਜ ਦੀਆਂ ਨੀਹਾਂ ਖੋਖਲੀਆਂ ਕਰਕੇ ਰੱਖ ਦਿੱਤੀਆਂ ਹਨ। ਸਮਾਜਿਕ ਭਾਈਚਾਰਾ ਚਰਮਰਾ ਗਿਆ ਹੈ, ਮਨੁੱਖਤਾ ਗਾਇਬ ਹੁੰਦੀ ਜਾ ਰਹੀ ਹੈ, ਆਜ਼ਾਦੀ ਕਿਤੇ ਭਾਲਿਆਂ ਵੀ ਨਹੀਂ ਲੱਭਦੀ। ਲੋਕਤੰਤਰ, ਵਿਗਿਆਨ ਤੇ ਧਰਮ ਦੇ ਬੋਲਬਾਲੇ ਦੇ ਹੁੰਦਿਆਂ ਮਨੁੱਖੀ ਕਦਰਾਂ ਕੀਮਤਾਂ ਦਾ ਨਾਂ ਨਿਸ਼ਾਨ ਮਿਟਦਾ ਜਾ ਰਿਹਾ ਹੈ। ਬਾਬਾ ਨਾਨਕ ਦੇ ਕਥਨ ਅਨੁਸਾਰ ''ਕੂੜ ਫਿਰੈ ਪ੍ਰਧਾਨ... ' ਵਾਲੀ ਸਥਿਤੀ ਬਣ ਚੁੱਕੀ ਹੈ। ਅਜਿਹਾ ਕਿਉਂ ਹੈ ਤੇ ਇਸਦਾ ਹੱਲ ਕੀ ਹੈ?

ਡਾ. ਅੰਬੇਡਕਰ ਅਨੁਸਾਰ 'ਭਾਰਤ ਦੇ ਦੋ ਦੁਸ਼ਮਣ ਹਨ- ਪੂੰਜੀਵਾਦ ਅਤੇ ਬ੍ਰਾਹਮਣਵਾਦ। ਬ੍ਰਾਹਮਣਵਾਦ ਜਾਤਪਾਤ ਦੇ ਆਧਾਰ 'ਤੇ ਕਿਰਤ ਨੂੰ ਨਹੀਂ ਕਿਰਤੀਆਂ ਨੂੰ ਵੰਡਦਾ ਹੈ। ਬਰਾਬਰਤਾ, ਭਾਈਚਾਰਾ ਅਤੇ ਆਜ਼ਾਦੀ ਦਾ ਘਾਣ ਕਰਦਾ ਹੈ। ਇਹ ਸਥਿਤੀ ਸਦੀਆਂ ਤੋਂ ਤੁਰੀ ਆ ਰਹੀ ਹੈ। ਅੱਜ ਜੇ ਕੋਈ ਉੱਚ ਜਾਤੀ ਆਪਣੇ ਆਪ ਨੂੰ ਜਾਤਪਾਤ ਤੋਂ ਨਿਰਲੇਪ ਹੋ ਕੇ ਚੱਲਣ ਦੇ ਦਾਅਵੇ ਕਰਦਾ ਵੀ ਹੈ ਤਾਂ ਉਹ ਪਲਾਂ ਵਿਚ ਉਦੋਂ ਛਾਈਂ ਮਾਈਂ ਹੋ ਜਾਂਦੇ ਹਨ, ਜਦੋਂ ਅਚਾਨਕ ਉਸਦੇ ਅਹੰਕਾਰ ਨੂੰ ਸੱਟ ਵੱਜਦੀ ਪ੍ਰਤੀਤ ਹੁੰਦੀ ਹੈ ਤੇ ਜਾਤਪਾਤੀ ਜਿੰਨ ਉਸਦੇ ਅੰਦਰੋਂ ਨਿਕਲ ਕੇ ਆਦਮ ਬੋਅ- ਆਦਮ ਬੋਅ ਕਰਦਾ ਵਿਕਰਾਲ ਰੂਪ ਧਾਰ ਆਣ ਖਲੋਂਦਾ ਹੈ। ਇਹ ਤਾਕਤਵਰ ਜਾਤਪਾਤੀ ਜਿੰਨ ਬੰਦੇ ਨੂੰ ਜ਼ਬਰਦਸਤੀ ਹਜ਼ਾਰਾਂ ਸਾਲ ਪਿੱਛੇ ਧੱਕ ਲੈ ਜਾਂਦਾ ਹੈ। ਸਮਾਜ ਅਤੇ ਦੇਸ਼ ਦੇ ਹਿੱਤ ਵਿਚ ਭਾਵੇਂ ਸਭਨਾਂ ਨੂੰ ਸਾਂਝਾ ਸੰਘਰਸ਼ ਕਰਕੇ ਇਸਦਾ ਖਾਤਮਾ ਕਰਨ ਦੀ ਲੋੜ ਹੈ ਪਰ ਉਹਨਾਂ ਤੋਂ ਕੀ ਆਸ ਕੀਤੀ ਜਾ ਸਕਦੀ ਹੈ, ਜਿਹਨਾਂ ਨੂੰ ਇਸ ਤੋਂ ਪੁਸ਼ਤ ਦਰ ਪੁਸ਼ਤ ਲਾਭ ਮਿਲਦਾ ਆ ਰਿਹਾ ਹੈ। ਜਾਤਪਾਤ ਦੀ ਮਾਰ ਸਹਿ ਰਹੇ ਲੋਕਾਂ ਨੂੰ ਹੀ ਅਖੀਰ ਜਾਗਣਾ ਪਵੇਗਾ ਤੇ ਡਾ. ਅੰਬੇਡਕਰ ਦੇ ਪੜ੍ਹੋ, ਜੁੜੋ ਤੇ ਸੰਘਰਸ਼ ਕਰੋ ਵਾਲੇ ਰਾਹ 'ਤੇ ਚੱਲ ਕੇ ਸਮਾਜ ਤੇ ਦੇਸ਼ ਦੇ ਹਿੱਤ ਵਿਚ ਨਿੱਤਰਨਾ ਪਵੇਗਾ। ਬਾਬਾ ਨਾਨਕ ਦੇ ਫ਼ਲਸਫ਼ੇ 'ਏਕ ਨੂਰ ਤੇ ਸਭ ਜਗ ਉਪਜਿਆ ..' ਨੂੰ ਪਛਾਨਣ ਅਤੇ ਅਪਣਾਉਣ ਤੋਂ ਬਿਨਾਂ ਸਮਾਜ ਦਾ ਪਾਰ ਉਤਾਰਾ ਸੰਭਵ ਨਹੀਂ।

'ਚੌਥੀ ਧਰਤੀ ਦੇ ਲੋਕ' ਨਾਵਲ ਦੀ ਕਹਾਣੀ ਇਸੇ ਤਾਣੇ-ਬਾਣੇ ਵਿਚ ਬੁਣੀ ਗਈ ਹੈ। ਇਕ ਕਥਿਤ ਨੀਵੀਂ ਜਾਤੀ (ਗਡਰੀਆ) ਪਰਿਵਾਰ ਦੀ ਦਾਈ ਵੱਲੋਂ ਇਕ ਸਰਦੇ-ਪੁੱਜਦੇ ਜ਼ਿਮੀਦਾਰ ਪਰਿਵਾਰ ਦੀ ਨੂੰਹ ਦੀ ਸਹੀ ਸਲਾਮਤ ਡਲਿਵਰੀ ਕਰਵਾਈ ਜਾਂਦੀ ਹੈ, ਜਦੋਂ ਕਿ ਡਾਕਟਰਾਂ ਵੱਲੋਂ ਅਤਿ ਗੰਭੀਰ ਸਥਿਤੀ ਐਲਾਨ ਕੇ ਉਸਨੂੰ ਵੱਡੇ ਹਸਪਤਾਲ ਲਿਜਾਣ ਦੀ ਸਲਾਹ ਦਿੱਤੀ ਗਈ ਸੀ। ਇਹ ਇਕੋ ਇਕ ਮਹਾਨ ਘਟਨਾ ਬਣ ਗਈ ਜੋ ਦੋ ਵੱਡੇ ਜ਼ਿਮੀਦਾਰ ਪਰਿਵਾਰਾਂ ਨੂੰ ਇਸ ਗਡਰੀਆ ਪਰਿਵਾਰ ਦੇ ਮੁਰੀਦ ਬਣਾ ਗਈ। ਇਹ ਅਹਿਸਾਨਮੰਦੀ ਜਿੱਥੇ ਗਡਰੀਆ ਪਰਿਵਾਰ ਦੀ ਕਾਇਆ-ਕਲਪ ਕਰਦੀ ਹੈ, ਉਥੇ ਜ਼ਿਮੀਦਾਰ ਪਰਿਵਾਰਾਂ ਵਿਚ ਵੀ ਵੱਡੀ ਤਬਦੀਲੀ ਦਾ ਕਾਰਨ ਬਣਦੀ ਹੈ। ਇੱਥੋਂ ਤਾਈਂ ਕਿ ਇਸ ਅਹਿਸਾਨ ਹੇਠ ਦੱਬੇ ਉਹ ਆਪਣੇ ਉੱਚ ਜਾਤੀ ਅਹੰਕਾਰ ਦੇ ਖਾਸੇ ਨੂੰ ਵੀ ਭੁਲਾ ਗਏ। ਇਹ ਦੋਵੇਂ ਪਰਿਵਾਰ ਰਲ-ਮਿਲ ਕੇ ਗਡਰੀਆ ਪਰਿਵਾਰ ਦੀ ਧੀ ਲੂਣਾ ਨੂੰ ਉੱਚੀ ਤੋਂ ਉੱਚੀ ਵਿੱਦਿਆ ਦਿਵਾਉਣ ਦੇ ਇਰਾਦੇ ਨਾਲ ਉਸਨੂੰ ਚੰਗੇ ਸਕੂਲ ਵਿਚ ਪੜ੍ਹਨ ਪਾ ਦਿੰਦੇ ਹਨ। ਲੂਣਾ ਦੇ ਪਰਿਵਾਰ ਦਾ ਭੇਡਾਂ ਪਾਲਣ ਵਾਲਾ ਸਖ਼ਤ ਮਿਹਨਤ ਮੰਗਦਾ ਧੰਦਾ ਛੁਡਵਾ ਕੇ ਇਸ ਕਾਮੇ ਦੀ ਮਦਦ ਨਾਲ ਅਤੇ ਇਕ ਜ਼ਮੀਨ ਦਾ ਟੁਕੜਾ ਦੇ ਕੇ ਉਸ ਤੋਂ ਮੱਝਾਂ ਪਾਲਣ ਦਾ ਕੰਮ ਵੀ ਸ਼ੁਰੂ ਕਰਵਾ ਦਿੰਦੇ ਹਨ। ਉਹ ਬਿਨਾਂ ਕਿਸੇ ਜਾਤਪਾਤੀ ਵਿਤਕਰੇ ਦੇ ਲੂਣਾ ਪਰਿਵਾਰ ਨਾਲ ਸਾਂਝ ਅਤੇ ਅਪਣੱਤ ਬਣਾਉਂਦੇ ਹਨ। ਮਿਲਦੇ ਜੁਲਦੇ ਹਨ, ਸਾਂਝਾਂ ਖਾਣਾ ਖਾਂਦੇ ਤੇ ਚਾਹ ਪਾਣੀ ਪੀਂਦੇ ਹਨ ਤੇ ਇਕ-ਦੂਜੇ ਦੀ ਅੰਤਾਂ ਦੀ ਇੱਜ਼ਤ ਕਰਦੇ ਹਨ। ਹਰ ਵੇਲੇ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਰਹਿੰਦੇ ਹਨ। ਇੱਥੋਂ ਤਾਈਂ ਕਿ ਲੂਣਾ ਦੇ ਪਰਿਵਾਰ ਦੇ ਇਕ ਦੋਸਤ ਮੁਸਲਿਮ ਪਰਿਵਾਰ ਦੀ ਵੀ ਬਰਾਬਰ ਮਦਦ ਕਰਦੇ ਹਨ ਤੇ ਉਸਨੂੰ ਬਰਾਬਰ ਪਿਆਰ ਕਰਦੇ ਹਨ।

ਲੂਣਾਂ ਉੱਚ ਡਿਗਰੀ ਲੈਣ ਉਪਰੰਤ ਜਦੋਂ ਉਹ ਕਾਨੂੰਨ ਦੀ ਪੜ੍ਹਾਈ ਕਰਕੇ ਜੱਜ ਜਾਂ ਵਕੀਲ ਬਣਨ ਲਈ ਦਾਖਲਾ ਲੈਣ ਦੀ ਇੱਛਿਆ ਪ੍ਰਗਟ ਕਰਦੀ ਹੈ ਤਾਂ ਜ਼ਿਮੀਦਾਰਾ ਪਰਿਵਾਰਾਂ ਦੇ ਦਿਮਾਗਾਂ ਦਾ ਸੋਇਆ ਹੋਇਆ ਮਨੂੰਵਾਦ ਜਾਗ ਪੈਂਦਾ ਹੈ। ਉਹਨਾਂ ਦਾ ਲੂਣਾ ਨੂੰ ਕਹਿਣਾ ਹੈ ਕਿ ਉਹ ਕੋਈ ਹੋਰ ਪੜ੍ਹਾਈ ਕਰ ਲਵੇ ਪਰ ਕਾਨੂੰਨ ਨਹੀਂ ਪੜ੍ਹਨਾ। ਉਹਨਾਂ ਨੂੰ ਡਰ ਸਤਾਉਂਦਾ ਹੈ ਕਿ ਉਹ ਵਕੀਲ ਬਣ ਕੇ ਉਹਨਾਂ ਦੇ ਬਰਾਬਰ ਖਲੋ ਕੇ ਬਹਿਸ ਕਰੇਗੀ, ਜਿਸ ਕਰਕੇ ਉਹਨਾਂ ਦੇ ਅਹੰਕਾਰ ਨੂੰ ਸੱਟ ਲੱਗੇਗੀ। ਇਸੇ ਕਰਕੇ ਉਹ ਉਸ ਹੱਥੀਂ ਪਾਲੀ ਬੱਚੀ ਦੇ ਦੁਸ਼ਮਣ ਬਣ ਖਲੋਂਦੇ ਹਨ। ਲੂਣਾ ਵੀ ਆਪਣੇ ਇਰਾਦੇ ਵਿਚ ਦ੍ਰਿੜ੍ਹ ਹੈ, ਜੋ ਵਕੀਲ ਬਣ ਕੇ ਦੱਬਿਆਂ ਕੁਚਲਿਆਂ ਨੂੰ ਸਮੇਤ ਇਸਤਰੀ ਜਾਤੀ ਦੇ ਇਨਸਾਫ ਦੇਣਾ ਲੋਚਦੀ ਹੈ। ਉਹ ਇਸਨੂੰ ਅਮਲੀ ਜਾਮਾ ਪਹਿਨਾਉਂਦੀ ਹੈ ਅਤੇ ਇਹਨਾਂ ਹੀ ਜ਼ਿਮੀਦਾਰ ਪਰਿਵਾਰਾਂ ਦੇ ਚੋਬਰਾਂ ਨੂੰ ਉਹਨਾਂ ਦੀਆਂ ਕਰਤੂਤਾਂ ਬਦਲੇ ਉਹਨਾਂ ਨੂੰ ਅੰਤ ਸਜ਼ਾ ਦਿਵਾ ਕੇ ਰਹਿੰਦੀ ਹੈ।

ਲੇਖਕ ਇਸ ਕਹਾਣੀ ਦੀ ਸੂਤਰਧਾਰ ਜ਼ਿਮੀਦਾਰ ਪਰਿਵਾਰ ਦੀ ਨੂੰਹ ਦਮਨਦੀਪ ਕੌਰ ਨੂੰ ਬਣਾਉਂਦਾ ਹੈ ਜੋ ਇਕ ਪੜ੍ਹੀ-ਲਿਖੀ ਖੁੱਲ੍ਹੇ ਅਤੇ ਉੱਚੇ ਵਿਚਾਰਾਂ ਦੀ ਧਾਰਨੀ ਹੈ ਅਤੇ ਲੂਣਾਂ ਦੀ ਅਸਲ ਮਾਅਨਿਆਂ ਵਿਚ ਮਦਦਗਾਰ ਬਣਦੀ ਹੈ। ਇਸਦਾ ਕਾਰਨ ਲੇਖਕ ਨੇ ਦਮਨਦੀਪ ਦੀ ਪੜ੍ਹਾਈ ਵੇਲੇ ਮਾਨਵਵਾਦੀ ਅਤੇ ਵਿਗਿਆਨਕ ਸੋਚ ਦੇ ਧਾਰਨੀ ਗੌਤਮ ਬੁੱਧ, ਸਿੱਖ ਫਲਸਫਾ ਅਤੇ ਡਾ. ਅੰਬੇਡਕਰ ਦੇ ਅਧਿਐਨ ਨੂੰ ਦੱਸਿਆ ਹੈ। ਇਸ ਸੋਚ ਨਾਲ ਉਸਦੇ ਦਿਮਾਗ ਵਿਚੋਂ ਜਾਤਪਾਤੀ ਊਚ-ਨੀਚ ਦੇ ਗੰਦ ਦਾ ਸਫਾਇਆ ਹੋ ਗਿਆ ਅਤੇ ਮਾਨਵਵਾਦੀ ਵਿਚਾਰਾਂ ਦਾ ਸੰਚਾਰਨ ਹੋ ਗਿਆ। ਇਹੋ ਉਸਦੇ ਮਜ਼ਬੂਤ ਕਿਰਦਾਰ ਦਾ ਕਾਰਨ ਬਣਦਾ ਹੈ ਜੋ ਨਾਵਲ ਨੂੰ ਇਕ ਨਵੀਂ ਤੇ ਵੱਖਰੀ ਤੋਰ ਨਾਲ ਤੋਰਦਾ ਹੈ। ਲੂਣਾ ਪੜ੍ਹ-ਲਿਖ ਕੇ ਦਮਨਦੀਪ ਵਾਲੇ ਰਾਹ 'ਤੇ ਤੁਰਦਿਆਂ ਉਹਨਾਂ ਨਿਰਬਲਾਂ ਲਈ ਇਨਸਾਫ ਵਾਸਤੇ ਲੜਦੀ ਹੈ ਜੋ ਆਪਣੀ ਗਰੀਬੀ ਅਤੇ ਲਾਚਾਰੀ ਕਾਰਨ ਕਾਨੂੰਨੀ ਲੜਾਈ ਤੋਂ ਮਹਿਰੂਮ ਰਹਿ ਜਾਂਦੇ ਹਨ ਅਤੇ ਹਮੇਸ਼ਾ ਤੋਂ ਦਬਾਏ ਜਾਂਦੇ ਰਹੇ ਹਨ।

ਕਰਨੈਲ ਸਿੰਘ ਵਜ਼ੀਰਾਬਾਦ ਮੁਢਲੇ ਤੌਰ 'ਤੇ ਇਕ ਕਹਾਣੀਕਾਰ ਹੈ, ਜਿਸ ਕਰਕੇ ਨਾਵਲ ਛੋਟੀਆਂ-ਛੋਟੀਆਂ ਕਹਾਣੀ ਨੁਮਾ ਘਟਨਾਵਾਂ ਨਾਲ ਅੱਗੇ ਵਧਦਾ ਹੈ। ਹਰ ਘਟਨਾ ਨੂੰ ਨਵੀਂ ਸੋਚ ਨਾਲ ਓਤਪੋਤ ਦਿਸ਼ਾ ਦਿੱਤੀ ਗਈ ਹੈ, ਜਿਸ ਨਾਲ ਕਹਾਣੀ ਰਸ ਪੈਦਾ ਹੁੰਦਾ ਹੈ ਅਤੇ ਪੜ੍ਹਨ ਵਿਚ ਦਿਲਚਸਪੀ ਬਣੀ ਰਹਿੰਦੀ ਹੈ। ਜਾਤਪਾਤ ਦਾ ਕੋਹੜ ਲੱਗਭੱਗ ਹਰ ਘਟਨਾ ਵਿਚ ਕਿਸੇ ਨਾ ਕਿਸੇ ਰੂਪ ਵਿਚ ਆ ਪ੍ਰਗਟ ਹੁੰਦਾ ਹੈ। ਨਾਵਲ ਦਾ ਅੱਧ ਆਦਰਸ਼ਵਾਦ ਨਾਲ ਲਬਰੇਜ਼ ਹੈ। ਘਟਨਾਵਾਂ ਇਸ ਆਦਰਸ਼ਵਾਦ ਦੀ ਹੋਂਦ ਸਦਕਾ ਬੜਾ ਢੁਕਵਾਂ ਅਤੇ ਸੁਖਾਵਾਂ ਮਾਹੌਲ ਸਿਰਜ-ਦੀਆਂ ਹਨ, ਜਿਸ ਕਰਕੇ ਪੜ੍ਹਦਿਆਂ ਹੋਇਆਂ ਦਿਲ ਵਿਚ ਪ੍ਰਬੱਲ ਇੱਛਿਆ ਉਪਜਦੀ ਹੈ ਕਿ ਕਾਸ਼ ਅਜਿਹੇ ਮਾਹੌਲ ਵਾਲਾ ਸਮਾਜ ਹੋਵੇ ਤਾਂ ਕਿਆ ਬਾਤ ਹੈ। ਇਸ ਹਾਂ-ਪੱਖੀ ਸਿਰਜਣਾ ਵਿਚ ਪਾਤਰ ਆਪਣਾ ਜਾਤੀ ਖਾਸੇ ਵਾਲਾ ਸੁਭਾਅ ਕਿਤੇ ਗੁਆ ਬੈਠਦੇ ਹਨ।

ਨਾਵਲ ਦੇ ਅੱਧ ਤੋਂ ਬਾਅਦ ਲੂਣਾਂ ਦੀ ਗਰੀਬ ਗੁਰਬਿਆਂ ਲਈ ਇਨਸਾਫ ਲੈ ਕੇ ਦੇਣ ਦੇ ਸੰਘਰਸ਼ ਦੀ ਤਿਆਰੀ ਕਰਦਿਆਂ ਉਸ ਵਿਚ ਬਦਲੇ ਦੀ ਭਾਵਨਾ ਪ੍ਰਬੱਲ ਹੁੰਦੀ ਜਾਂਦੀ ਹੈ ਜੋ ਕਿ ਸੁਭਾਵਿਕ ਜਾਪਦੀ ਹੈ। ਇੰਝ ਕਰਦਿਆਂ ਉਹ ਇਕ ਵੱਡੀ ਸਾਜਿਸ਼ਕਰਤਾ ਬਣੀ ਪ੍ਰਤੀਤ ਹੁੰਦੀ ਹੈ। ਉਸਦੀ ਸਮੁੱਚੀ ਜੀਵਨ ਕਹਾਣੀ ਡਾ. ਅੰਬੇਡਕਰ ਦੇ ਫ਼ਲਸਫ਼ੇ ਦੇ ਮਸ਼ਹੂਰ ਤਿੰਨ ਗੁਰਾਂ, ਪੜ੍ਹੋ, ਜੁੜੋ ਅਤੇ ਸੰਘਰਸ਼ ਕਰੋ, ਅਨੁਸਾਰ ਤੁਰਦੀ ਮਹਿਸੂਸ ਹੁੰਦੀ ਹੈ। ਪਹਿਲੇ ਪੜਾਅ 'ਤੇ ਉਹ ਆਪਣੀ ਉੱਚ ਪੱਧਰੀ ਪੜ੍ਹਾਈ ਮੁਕਾਉਣ ਵਿਚ ਮਸਰੂਫ਼ ਜਾਪਦੀ ਹੈ, ਜਿਸ ਵਿਚ ਉਹ ਦਮਨਦੀਪ ਤੋਂ ਸਮਾਜਿਕ ਗਿਆਨ ਵੀ ਪ੍ਰਾਪਤ ਕਰਦੀ ਰਹਿੰਦੀ ਹੈ। ਦੂਜੇ ਪੜ੍ਹਾਅ 'ਤੇ ਉਹ ਸਮਾਜਿਕ ਪੀੜਾ ਦੇ ਸ਼ਿਕਾਰ ਨੂੰ ਸੂਝ-ਬੂਝ ਤੇ ਇਕ ਵਿਉਂਤਬੰਦੀ ਨਾਲ ਇਕੱਤਰ ਕਰਦੀ ਹੈ। ਪੂਰੀ ਤਿਆਰੀ ਕਰਕੇ ਉਹ ਤੀਜੇ ਪੜਾਅ ਸੰਘਰਸ਼ ਵਿਚ ਪੈਰ ਰੱਖਦੀ ਹੈ ਅਤੇ ਪੂਰੇ ਜ਼ੋਰ ਨਾਲ ਲੜਾਈ ਲੜਦਿਆਂ ਅਖੀਰ ਵਿਚ ਜਿੱਤ ਪ੍ਰਾਪਤ ਕਰਦੀ ਹੈ।

ਇਸ ਸੰਘਰਸ਼ ਵਿਚ ਉਸਨੂੰ ਆਪਣੇ ਸਾਹਮਣੇ ਸਿਰਫ ਇਨਸਾਫ ਦਾ ਟੀਚਾ ਦਿੱਸਦਾ ਹੈ ਤੇ ਉਹ ਬੱਸ ਸਾਰੀ ਦੀ ਸਾਰੀ ਉਸੇ ਵੱਲ ਸੇਧਿਤ ਹੁੰਦੀ ਹੈ ਅਤੇ ਕਾਮਯਾਬੀ ਹਾਸਲ ਕਰਕੇ ਹੀ ਰਹਿੰਦੀ ਹੈ। ਇਸੇ ਲਈ ਡਾ. ਸੰਤੋਖ ਸਿੰਘ 'ਸੁੱਖੀ' 'ਲੂਣਾ ਦਾ ਜੀਵਨ ਡਾ. ਅੰਬੇਡਕਰ ਦੀ ਜੀਵਨੀ ਨਾਲ ਮੇਲ ਖਾਂਦਾ' ਦੱਸਦਾ ਹੈ ਕਿ ਸਹੀ ਜਾਪਦਾ ਹੈ। ਨਾਵਲ ਬਾਰੇ ਵੀ ਡਾ. ਸੁੱਖੀ ਦਾ ਇਹ ਕਥਨ ਢੁਕਵਾਂ ਹੈ ਕਿ 'ਲੂਣਾ ਕਬੀਲੇ ਦੀ ਲੜਕੀ ਨੂੰ ਨਾਇਕ ਸਿਰਜਣ ਵਾਲਾ ਇਹ ਪਹਿਲਾ ਨਾਵਲ ਹੈ।' ਇਸ ਤੋਂ ਪਹਿਲਾਂ ਸੱਚੀਂ ਹੀ ਇਸਤਰੀ ਦਲਿਤ ਪਾਤਰ ਕਿਤੇ ਇੰਨਾ ਮਜ਼ਬੂਤ ਨਹੀਂ ਵਿਖਾਇਆ ਗਿਆ।

ਪ੍ਰਸਿੱਧ ਕਹਾਣੀਕਾਰ ਤੇ ਗੱਦਕਾਰ ਮੋਹਨ ਸਿੰਘ ਫਿਲੌਰੀਆ ਨੇ ਨਾਵਲ ਦਾ ਪ੍ਰਭਾਵ ਕਬੂਲਦਿਆਂ ਲਿਖਿਆ ਹੈ ਕਿ ''ਜਾਤਪਾਤ ਦਾ ਕੋਹਣ ਜਿਉਂ ਦਾ ਤਿਉਂ ਅੱਜ ਵੀ ਮੌਜੂਦ ਹੈ।'' ਨਾਵਲ ਵਿਚ ਇਸ ਦੀਆਂ ਉਦਾਹਰਣਾਂ ਉਦੋਂ ਮਿਲਦੀਆਂ ਹਨ ਜਦੋਂ ਜ਼ਿਮੀਦਾਰ ਪਰਿਵਾਰ ਲੂਣਾ ਦੇ ਪਰਿਵਾਰ ਦੀ ਅਹਿਸਾਨ-ਮੰਦੀ ਦੇ ਕਾਰਨ ਕਰਕੇ ਪਹਿਲਾਂ ਲੂਣਾ ਨੂੰ ਵੱਧ ਤੋਂ ਵੱਧ ਪੜ੍ਹ-ਾਉਣਾ ਚਾਹੁੰਦੇ ਹਨ ਪਰ ਜਦੋਂ ਉਹਨਾਂ ਨੂੰ ਅਹਿਸਾਸ ਹੁੰਦਾ ਹੈ ਕਿ ਲੂਣਾ ਵਕੀਲ ਬਣ ਕੇ ਬਰਾਬਰੀ 'ਤੇ ਆ ਕੇ ਉਹਨਾਂ ਦਾ ਮੁਕਾਬਲਾ ਕਰ ਸਕਦੀ ਹੈ ਤਾਂ ਉਹਨਾਂ ਵਿਚਲਾ ਜਾਤੀ ਅਹੰਕਾਰ ਫੂੰਕਾਰੇ ਮਾਰਨ ਲੱਗਦਾ ਹੈ। ਵੰਨਗੀਆਂ ਵੇਖੋ:-

''ਜੇ ਕਿਸੇ ਛੋਟੀ ਜਾਤ ਨੂੰ ਸਿਰੇ ਚੜ੍ਹਾਇਆ ਜਾਵੇ ਜਾਂ ਸਿਰ ਤੇ ਬਿਠਾਇਆ ਜਾਵੇ ਤਾਂ ਇਕ ਦਿਨ ਥੋਡੇ 'ਤੇ ਹੀ ਵਾਰ ਕਰ ਸਕਦੀ ਹੈ ਜੇ ਉਹ ਆਪਣੀ ਤਾਕਤ ਵਿਚ ਆ ਜਾਵੇ।'' -ਭੁਪਿੰਦਰ ਕੌਰ ਸਰਦਾਰਨੀ (160)

''ਮੈਂ ਤਾਂ ਮੁੰਡਿਆ ਇਹੀ ਕਹਾਂਗੀ ਕਿ ਗਡਰੀਏ ਦਾ ਖਰਚਾ-ਵਰਚਾ ਹੁਣ ਤੋਂ ਹੀ ਬੰਦ ਕਰ ਦਿਓ। ਕਿਵੇਂ ਚਾਂਮਲ ਗਈ ਏ ਕਮੀਣੀ ਜਾਤ, ਭੇਡਾਂ ਚਾਰਦੇ ਚਾਰਦੇ ਮਹਿਲ ਉਸਾਰਨ ਲੱਗ ਪਏ।'' -ਭੁਪਿੰਦਰ ਕੌਰ ਸਰਦਾਰਲੀ (160)

ਯੂਨੀਵਰਸਿਟੀ ਪੜ੍ਹਦੇ ਰਣਜੋਧ ਸਿੰਘ ਦੀ ਵੀ ਜ਼ਰਾ ਮਾਡਰਨ ਸੋਚ ਵੇਖੋ, ''ਜਿੱਥੇ ਕਿਸੇ ਦੀ ਔਕਾਤ ਹੁੰਦੀ ਹੈ ਉਸਨੂੰ ਉਸ ਲਾਈਨ 'ਤੇ ਹੀ ਖੜ੍ਹੇ ਰਹਿਣਾ ਚਾਹੀਦਾ ਹੈ।''

''ਮੈਂ ਹਰਗਿਜ਼ ਨਹੀਂ ਚਾਹਾਂਗਾ ਕਿ ਉਹ ਵਕੀਲ ਬਣੇ।'' - **ਹਰਦਮ ਸਿੰਘ**



**ਫਤਿਹਜੰਗ ਸਿੰਘ**
**91-98726-70278**

''ਨੀਵੀਂ ਜਾਤ ਵਾ-ਲਿਆਂ ਨੂੰ ਇਹ ਕੋਰਸ ਨਹੀਂ ਕਰਨੇ ਚਾਹੀਦੇ। ਛੋਟੀਆਂ ਜਾਤਾਂ ਦੇ ਲੋਕ ਵੱਡੇ ਲੋਕਾਂ ਦੇ ਬਰਾਬਰ ਬੈਠਣ ਲੱਗ ਪਏ ਤਾਂ ਇਕ ਬਹੁਤ ਵੱਡਾ ਤੂਫਾਨ ਆ ਜਾਵੇਗਾ। ਨੀਵਿਆਂ ਬੰਦਿਆਂ ਨੂੰ ਨੀਵੇਂ ਥਾਂ 'ਤੇ ਬੈਠਣਾ ਹੀ ਸ਼ੁਭਾ ਦਿੰਦਾ ਹੈ। - ਊਧਮ ਸਿੰਘ (178)

ਕਰਨੈਲ ਸਿੰਘ ਵਜ਼ੀਰਾਬਾਦ ਨਾਵਲ ਵਿਚ ਪ੍ਰੇਰਣਾਦਾਇਕ ਸੱਚੇ ਕਥਨ ਵੀ ਸਿਰਜਦਾ ਹੈ। ਸਮਾਜ ਵਿਚ ਔਰਤ ਦੀ ਹਾਲਤ ਉੱਤੇ ਟਿੱਪਣੀ ਕਰਦਿਆਂ ਉਸਨੇ ਔਰਤ ਦੇ ਹੱਕ ਵਿਚ ਹਾਅ ਦਾ ਨਾਅਰਾ ਵੀ ਮਾਰਿਆ ਹੈ ਅਤੇ ਜਬਰਦਸਤ ਹੱਲਾ ਵੀ ਬੋਲਿਆ ਹੈ:- ''ਸਦੀਆਂ ਤੋਂ ਔਰਤ ਨਾਲ ਵਿਤਕਰਾ ਹੁੰਦਾ ਆ ਰਿਹਾ ਹੈ।

ਖਾਸ ਤੌਰ 'ਤੇ ਛੋਟੀਆਂ ਜਾਤਾਂ ਦੀਆਂ ਔਰਤਾਂ ਨਾਲ ਹਰ ਸਮੇਂ ਭਿਆਨਕ ਤੋਂ ਭਿਆਨਕ ਜ਼ੁਲਮ ਹੁੰਦੇ ਆ ਰਹੇ ਹਨ ਤੇ ਅੱਜ ਵੀ ਔਰਤ ਸੁਰੱਖਿਅਤ ਨਹੀਂ ਹੈ। ਅੱਜ ਬਾਬੇ ਨਾਨਕ ਦੀ ਸਿੱਖਿਆ ਫੇਲ੍ਹ ਹੋ ਕੇ ਰਹਿ ਗਈ ਹੈ। ਅੱਜ ਭਾਰਤ ਦਾ ਸੰਵਿਧਾਨ ਵੀ ਔਰਤ ਦੇ ਮਾਮਲੇ ਵਿਚ ਫੇਲ੍ਹ ਨਜ਼ਰ ਆ ਰਿਹਾ ਹੈ। ਪਹਿਲਾਂ ਵੀ ਦਰੋਪਤੀ ਦੇ ਕੱਪੜੇ ਉਤਾਰੇ ਜਾਂਦੇ ਰਹੇ ਹਨ ਤੇ ਅੱਜ ਵੀ ਉਤਾਰੇ ਜਾ ਰਹੇ ਹਨ। ਮਨੁੱਖ ਨੂੰ ਮਾਂ ਨਹੀਂ ਦਿਸ ਰਹੀ ਤੇ ਨਾ ਹੀ ਭੈਣ ਦਿਸ ਰਹੀ ਹੈ, ਸਿਰਫ ਔਰਤ ਦੇ ਲਿਬਾਸ ਵਿਚ ਅੰਦਰਲੀ ਔਰਤ ਦਿਸ ਰਹੀ ਹੈ। (191)

ਕਰਨੈਲ ਸਿੰਘ ਮਾਹੌਲ ਸਿਰਜਣ ਅਤੇ ਦ੍ਰਿਸ਼ ਚਿਤਰਣ ਦਾ ਮਾਹਿਰ ਹੈ। ਭੇਡਾਂ ਚਰਾਉਣ ਦੇ ਦ੍ਰਿਸ਼, ਸਰਦਾਰਾਂ ਦੀ ਕੋਠੀ ਅਤੇ ਲੂਣਾ ਦੇ ਪਰਿਵਾਰ ਦੇ ਖਾਣਾ ਬਣਾਉਣ ਅਤੇ ਖਾਣਾ ਖਾਣ ਦੇ ਵਿਸਥਾਰਪੂਰਵਕ ਦ੍ਰਿਸ਼ ਚਿੱਤਰਣ, ਪਿਆਰ ਕਰਨ ਦੇ ਦ੍ਰਿਸ਼, ਕੰਮ ਕਰਦੇ ਕਾਮਿਆਂ ਦੇ ਦ੍ਰਿਸ਼ ਸਮੇਂ ਅਤੇ ਹਾਲਾਤ ਦੇ ਅਨੁਕੂਲ ਨਹੀਂ ਹਨ ਅਤੇ ਨੀਝ ਲਾ ਕੇ ਵੇਰਵੇ ਸਹਿਤ ਚਿਤਰੇ ਹਨ।

ਨਾਵਲ 'ਚੌਥੀ ਧਰਤੀ ਦੇ ਲੋਕ' ਬਹੁਖੇਤਰਾਂ ਵਿਚ ਵਿਚਰਦਾ ਹੈ, ਜਿਸ ਵਿਚੋਂ ਬੁੱਧ ਦਾ ਸਮਤਾ, ਸੁਤੰਤਰਤਾ ਤੇ ਭਾਈਚਾਰੇ ਦਾ ਸੰਕਲਪ ਵੀ ਉਘੜਦਾ ਹੈ ਤੇ ਬਾਬਾ ਨਾਨਕ ਦਾ ਫਲਸਫਾ ਵੀ ਥਾਂ-ਥਾਂ 'ਤੇ ਉਭਰਦਾ ਹੈ ਅਤੇ ਡਾ. ਅੰਬੇਡਕਰ ਦੀ ਸੋਚ ਵੀ ਬਰਾਬਰ ਝਾਤੀਆਂ ਮਾਰਦੀ ਹੈ। ਨਾਵਲ ਵਿਚ ਸਮਾਜਵਾਦ ਤੇ ਪੂੰਜੀਵਾਦ ਦੀਆਂ ਵੰਨਗੀਆਂ ਵੀ ਹਨ ਅਤੇ ਆਦਰਸ਼ਵਾਦ ਦੀ ਪਾਣ ਵੀ ਹੈ।

ਗਰੀਬ ਨੀਵੀਆਂ ਜਾਤੀਆਂ ਦੀਆਂ ਮਜਬੂਰੀਆਂ ਵੀ ਹਨ ਤੇ ਉਹਨਾਂ ਦੇ ਜ਼ਖਮਾਂ ਦੀਆਂ ਚੀਸਾਂ ਵੀ ਹਨ, ਜਿਹਨਾਂ ਤੇ ਲੇਖਕ ਨੇ ਦਾਰੂ ਦਾ ਫੰਬਾ ਵੀ ਧਰਿਆ ਹੈ। ਨਿਰਬਲ ਤੇ ਲਾਚਾਰਾਂ ਦੇ ਨਿਆਂ ਨੂੰ ਪੈਸੇ ਦੇ ਜ਼ੋਰ ਨਾਲ ਇੰਝ ਖਰੀਦਿਆ ਵਿਖਾਇਆ ਹੈ ਕਿ ਉਹਨਾਂ ਨੂੰ ਪਤਾ ਹੀ ਨਹੀਂ ਲੱਗਣ ਦਿੱਤਾ ਜਾਂਦਾ ਕਿ ਕਦੋਂ ਨਿਆਂ ਅੰਨਿਆ ਵਿਚ ਬਦਲ ਦਿੱਤਾ ਗਿਆ ਹੈ। ਇਹੋ ਇਹਨਾਂ ਚੌਥੀ ਧਰਤੀ ਦੇ ਲੋਕਾਂ ਦੀ ਕਹਾਣੀ ਹੈ, ਹੋਣੀ ਹੈ ਜੋ ਬਾਕੀ ਦੀਆਂ ਤਿੰਨਾਂ ਧਰਤੀਆਂ ਦੇ ਲੋਕਾਂ ਨਾਲ ਨਹੀਂ ਵਾਪਰਦੀ।

ਕੁੱਲ ਮਿਲਾ ਕੇ ਨਾਵਲ ਪੜ੍ਹਨਯੋਗ ਹੈ ਅਤੇ ਸਾਂਭਣ ਯੋਗ ਵੀ। ਆਸ ਹੈ ਕਰਨੈਲ ਸਿੰਘ ਵਜ਼ੀਰਾਬਾਦ ਆਪਣੀ ਕਲਮ ਦਾ ਸਫ਼ਰ ਸਮਾਜ ਦਾ ਕੋਹੜ ਦੂਰ ਕਰਨ ਲਈ ਅੱਗੋਂ ਵੀ ਇੰਝ ਹੀ ਜਾਰੀ ਰੱਖੇਗਾ।

## ਰਾਖਵਾਂਕਰਨ ਬਾਰੇ ਸਪਸ਼ਟੀਕਰਨ

16 ਜੁਲਾਈ 2019 ਦੀ ਸੰਪਾਦਕੀ 'ਜਾਤੀਵਾਦ ਦੀ ਹਉਮੈ' ਵਿਚ ਦੇਸ਼ ਨੂੰ ਹਰ ਪਾਸਿਉਂ ਕਮਜ਼ੋਰ ਕਰਨ ਵਾਲੀ ਭਿਆਨਕ ਬਿਮਾਰੀ 'ਜਾਤਪਾਤ' ਦੀਆਂ ਡੂੰਘਾਈ ਤੱਕ ਜੜ੍ਹਾਂ ਫਰੋਲੀਆਂ ਗਈਆਂ ਹਨ। ਇਸਦੇ ਖ਼ਾਤਮੇ ਲਈ ਅਤੇ ਨਾਲ ਹੀ ਧਰਮ ਅਤੇ ਮਰਦ ਪ੍ਰਧਾਨ ਸੋਚ ਵਿਚ ਤਬਦੀਲੀ ਨਾਲ ਲੋਕ ਚੇਤਨਾ ਜਗਾਉਣ ਲਈ ਲਗਾਤਾਰ ਲੰਮੇ ਸੰਘਰਸ਼ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਇਸਦਾ ਤਖਸ਼ੀਸ਼ੀ ਵਿਸ਼ਲੇਸ਼ਣ ਅਤੇ ਡਾ. ਅੰਬੇਡਕਰ ਦੇ ਸਮੇਂ-ਸਮੇਂ ਸਿਰ ਵੱਖ-ਵੱਖ ਸਥਿਤੀਆਂ ਉੱਤੇ ਢੁਕਵੇਂ ਕਥਨ ਸਲਾਹੁਣਯੋਗ ਹਨ। ਇਸ ਵਿਚ ਇਕ ਥਾਂ ਤੇ ਦਿੱਤੇ ਗਏ ਇਸ ਨੁਕਤੇ ਨੂੰ ਸਪਸ਼ਟ ਕਰਨ ਦੀ ਲੋੜ ਹੈ ਕਿ ਨੌਕਰੀਆਂ ਵਿਚ ਰਾਖਵੇਂਕਰਨ ਦੀ ਵਿਵਸਥਾ ਪਹਿਲਾਂ ਦਸ ਸਾਲਾਂ ਲਈ ਸੀ, ਬਾਅਦ ਵਿਚ ਹਕੀਕੀ ਹਾਲਾਤ ਨੂੰ ਵੇਖਦੇ ਹੋਏ ਅਨਿਸ਼ਚਿਤ ਸਮੇਂ ਲਈ ਕਰ ਦਿੱਤੀ ਗਈ।

ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਜਨਜਾਤੀਆਂ ਨੂੰ ਨੌਕਰੀਆਂ ਅਤੇ ਵਿੱਦਿਆ ਵਿਚ ਰਾਖਵਾਂਕਰਨ ਆਰਟੀਕਲ 330 ਅਨੁਸਾਰ ਦਿੱਤਾ ਗਿਆ ਹੈ, ਜਿਸਦੀ 10 ਸਾਲਾਂ ਲਈ ਕੋਈ ਸੀਮਾ ਨਿਸਚਿਤ ਨਹੀਂ ਸੀ ਕੀਤੀ ਗਈ। ਇਹ ਉਦੋਂ ਤੱਕ ਜਾਰੀ ਰਹਿਣਾ ਹੈ, ਜਦੋਂ ਤੱਕ ਕਿ ਅਨੁਸੂਚਿਤ ਜਾਤੀ, ਅਨੁਸੂਚਿਤ ਜਨਜਾਤੀ ਬਾਕੀਆਂ ਦੇ ਬਰਾਬਰ ਨਹੀਂ ਆ ਜਾਂਦੇ। ਇਹ ਤਾਂ ਸਰਕਾਰ 'ਤੇ ਨਿਰਭਰ ਕਰਦਾ ਹੈ ਕਿ ਕਦੋਂ ਉਸਨੇ ਇਹਨਾਂ ਨੂੰ ਬਰਾਬਰ ਲਿਆਉਣਾ ਹੈ। ਦਸ ਸਾਲਾਂ ਲਈ ਰਾਖਵਾਂਕਰਨ ਰਾਜਨੀਤਿਕ ਪ੍ਰਤੀਨਿਧਤਾ ਵਿਚ ਆਰਟੀਕਲ 332 ਰਾਹੀਂ ਦਿੱਤਾ ਗਿਆ ਸੀ। ਇਸ ਅਧੀਨ ਐਮ. ਪੀ., ਐਮ. ਐਲ. ਏ. ਅਤੇ ਹੋਰ ਪੰਚਾਇਤ, ਮਿਊਂਸਪੈਲਟੀ ਆਦਿ ਰਾਜਨੀਤਿਕ ਚੋਣ ਇਕਾਈਆਂ ਆਉਂਦੀਆਂ ਹਨ। ਇਸ ਰਾਖਵੇਂਕਰਨ ਨੂੰ ਹੀ ਹਰ ਦਸ ਸਾਲਾਂ ਬਾਅਦ ਵਧਾਇਆ ਜਾ ਰਿਹਾ ਹੈ।

**– ਫਤਿਹਜੰਗ ਸਿੰਘ**
**91-98726-70278**

# ਰਿਪਬਲਿਕਨ ਪਾਰਟੀ ਆਫ ਇੰਡੀਆ ਦੀ ਸਥਾਪਨਾ ਕਰਨ ਦਾ ਐਲਾਨ

ਡਾ. ਛੇਦੀ ਲਾਲ ਸਾਥੀ ਜੋ ਕਿ 70 ਦੇ ਦਹਾਕੇ ਵਿਚ ਰਿਪਬਲਿਕਨ ਪਾਰਟੀ ਆਫ ਇੰਡੀਆ, ਉਤਰ ਪ੍ਰਦੇਸ਼ ਦੇ ਪ੍ਰਧਾਨ ਸਨ, ਨੇ ਮੈਨੂੰ ਦੱਸਿਆ ਸੀ ਕਿ 1954 ਦੀ ਚੋਣ ਹਾਰਨ ਤੋਂ ਬਾਅਦ ਬਾਬਾ ਸਾਹਿਬ ਬਹੁਤ ਮਾਯੂਸ ਸਨ। ਉਸ ਵਕਤ ਪਿਛੜੇ ਵਰਗ ਦੇ ਨੇਤਾ ਚੰਦਾਪੁਰੀ ਜੀ, ਐਸ. ਡੀ. ਸਿੰਘ ਚੌਰਸੀਆ ਅਤੇ ਹੋਰ ਲੋਕਾਂ ਨੇ ਉਹਨਾਂ ਨੂੰ ਕਿਹਾ ਕਿ ਤੁਸੀਂ ਘਬਰਾਓ ਨਾ, ਅਸੀਂ ਸਭ ਤੁਹਾਡੇ ਨਾਲ ਹਾਂ।

ਇਸੇ ਟੀਚੇ ਨਾਲ ਉਹਨਾਂ ਨੇ ਪਟਨਾ ਵਿਚ ਪਿਛੜਾ ਵਰਗ ਦੀ ਉਕਤ ਰੈਲੀ ਦਾ ਆਯੋਜਨ ਕੀਤਾ ਸੀ, ਜਿਸ ਵਿਚ ਬਹੁਤ ਭਾਰੀ ਭੀੜ ਜੁਟੀ ਸੀ। ਇਸ ਨਾਲ ਬਾਬਾ ਸਾਹਿਬ ਬਹੁਤ ਪ੍ਰਭਾਵਿਤ ਹੋਇਆ ਸੀ ਅਤੇ ਉਹ ਫਿਰ ਦਲਿਤਾਂ ਅਤੇ ਪੱਛੜਿਆਂ ਦੀ ਰਾਜਨੀਤੀ ਵਿਚ ਸਰਗਰਮ ਹੋਏ।

ਇਸ ਸਬੰਧ ਵਿਚ ਡਾ. ਛੇਦੀ ਲਾਲ ਸਾਥੀ ਨੇ ਆਪਣੀ ਪੁਸਤਕ 'ਦਲਿਤਾਂ ਅਤੇ ਪੱਛੜੀਆਂ ਜਾਤੀਆਂ ਦੀ ਸਥਿਤੀ' ਦੇ ਪੰਨਾ 113 'ਤੇ ਲਿਖਿਆ ਹੈ, 'ਪਟਨਾ ਤੋਂ ਵਾਪਸ ਆਉਣ ਦੇ ਬਾਅਦ ਬਾਬਾ ਸਾਹਿਬ ਨੇ ਆਪਣੇ ਸਾਥੀਆਂ ਨਾਲ ਵਿਚਾਰ ਵਟਾਂਦਰਾ ਕਰਕੇ ਸ਼ਡਿਊਲਡ ਕਾਸਟਸ ਫੈਡਰੇਸ਼ਨ ਆਫ ਇੰਡੀਆ ਨੂੰ ਭੰਗ ਕਰਕੇ ਉਸਦੇ ਸਥਾਨ 'ਤੇ ਰਿਪਬਲਿਕਨ ਪਾਰਟੀ ਆਫ ਇੰਡੀਆ ਦੇ ਗਠਨ ਦਾ ਫੈਸਲਾ ਲਿਆ ਕਿਉਂਕਿ ਸੰਨ 1952 ਅਤੇ 1954 ਵਿਚ ਦੋ ਵਾਰ ਚੋਣਾਂ ਹਾਰਨ ਦੇ ਬਾਅਦ ਬਾਬਾ ਸਾਹਿਬ ਨੇ ਮਹਿਸੂਸ ਕੀਤਾ ਕਿ ਅਨੁਸੂਚਿਤ ਜਾਤੀਆਂ ਦੀ ਆ-ਬਾਦੀ ਤਾਂ ਕੇਵਲ 20 ਫੀਸਦੀ ਹੀ ਹੈ ਅਤੇ ਜਦੋਂ ਤੱਕ ਉਹਨਾਂ ਨੂੰ 52 ਫੀਸਦੀ ਪੱਛੜੇ ਵਰਗ ਦਾ ਸਮਰਥਨ ਨਹੀਂ ਮਿਲੇਗਾ, ਉਹ ਚੋਣਾਂ ਨਹੀਂ ਜਿੱਤ ਸਕਣਗੇ। ਅਖੀਰ ਬਾਬਾ ਸਾਹਿਬ ਨੇ ਪੱਛੜੇ ਵਰਗ ਦੇ ਨੇਤਾਵਾਂ, ਵਿਸ਼ੇਸ਼ ਕਰਕੇ ਸ਼ਿਵਦਿਆਲ ਸਿੰਘ ਚੌਰਸੀਆ ਆਦਿ ਨਾਲ ਸਲਾਹ ਕਰਕੇ ਰਿਪਬਲਿਕਨ ਪਾਰਟੀ ਆਫ ਇੰਡੀਆ ਵਿਚ 20 ਫੀਸਦੀ ਦਲਿਤ ਵਰਗ ਤੋਂ ਇਲਾਵਾ 52 ਫੀਸਦੀ ਪੱਛੜੇ ਵਰਗ ਦੇ ਲੋਕਾਂ ਅਤੇ 12 ਫੀਸਦੀ ਆਬਾਦੀ ਵਾਲੇ ਮੁਸਲਮਾਨ, ਇਸਾਈ ਅਤੇ ਸਿੱਖਾਂ ਨੂੰ ਵੀ ਸ਼ਾਮਲ ਕਰਨ ਦਾ ਫੈਸਲਾ ਲਿਆ। ਇਕ ਸਾਲ ਤੋਂ ਜ਼ਿਆਦਾ ਸਮਾਂ ਰਿਪਬਲਿਕਨ ਪਾਰਟੀ ਦਾ ਸੰਵਿਧਾਨ ਬਣਾਉਣ ਅਤੇ ਸਲਾਹ ਮਸ਼ਵਰੇ ਵਿਚ ਨਿਕਲ ਗਿਆ।



ਇਸ ਦ੍ਰਿਸ਼ਟੀ ਨਾਲ ਪਟਨਾ ਦੀ ਇਹ ਰੈਲੀ ਇਤਿਹਾਸਕ ਸੀ ਕਿਉਂਕਿ ਇਸ ਵਿਚ ਦਲਿਤਾਂ ਅਤੇ ਪੱਛੜਿਆਂ ਦੀ ਏਕਤਾ ਦੀ ਨੀਂਹ ਪਾਈ ਸੀ। ਬਾਬਾ ਸਾਹਿਬ ਨੇ ਨਾਗਪੁਰ ਵਿਚ 15 ਅਕਤੂਬਰ 1956 ਨੂੰ ਸ਼ਡਿਊਲਡ ਕਾਸਟਸ ਫੈਡਰੇਸ਼ਨ ਆਫ ਇੰਡੀਆ ਨੂੰ ਭੰਗ ਕਰਕੇ ਉਸਦੇ ਸਥਾਨ 'ਤੇ ਰਿਪਬਲਿਕਨ ਪਾਰਟੀ ਆਫ ਇੰਡੀਆ ਦੀ ਸਥਾਪਨਾ ਕਰਨ ਦਾ ਐਲਾਨ ਕੀਤਾ ਸੀ। 1967 ਤੋਂ 1967 ਤੱਕ ਇਹਨਾਂ ਵਰਗਾਂ ਦੀ ਏਕਤਾ 'ਤੇ ਆਧਾਰਿਤ ਰਿਪਬਲਿਕਨ ਪਾਰਟੀ ਆਫ ਇੰਡੀਆ ਇਕ ਵੱਡੀ ਰਾਜਨੀਤਿਕ ਤਾਕਤ ਦੇ ਰੂਪ ਵਿਚ ਉਭਰੀ ਸੀ ਪਰ ਬਾਅਦ ਵਿਚ ਕਾਂਗਰਸ ਜਿਸ ਦੇ ਲਈ ਇਹ ਪਾਰਟੀ ਸਭ ਤੋਂ ਵੱਡਾ ਖਤਰਾ ਬਣ ਗਈ ਸੀ, ਨੇ ਦਲਿਤ ਨੇਤਾਵਾਂ ਦੀਆਂ ਕਮਜ਼ੋਰੀਆਂ ਦਾ ਫਾਇਦਾ ਉਠਾ ਕੇ ਉਹਨਾਂ ਨੂੰ ਖਰੀਦ ਲਿਆ ਅਤੇ ਇਹ ਪਾਰਟੀ ਕਈ ਟੁਕੜਿਆਂ ਵਿਚ ਵੰਡੀ ਗਈ।

ਬਾਅਦ ਵਿਚ ਉਭਰੀ ਬਸਪਾ ਵਰਗੀ ਪਾਰਟੀ ਨੇ ਵੀ ਇਸ ਗੱਠਜੋੜ ਨੂੰ ਤਹਿਸ-ਨਹਿਸ ਕਰ ਦਿੱਤਾ। ਅਖੀਰ ਵਰਤਮਾਨ ਵਿਚ ਨਵੀਂ ਚੁਣੌਤੀਆਂ ਦੇ ਸੰਦਰਭ ਵਿਚ ਇਹਨਾਂ ਵਰਗਾਂ ਦੀ ਏਕਤਾ ਦੀ ਮੁੜ ਸਥਾਪਨਾ ਕਰਨ ਦੀ ਲੋੜ ਹੈ।

**– ਡਾ. ਐਸ. ਐਲ. ਧਾਨੀ**

# ਆਜ਼ਾਦੀ ਦੇ 72 ਵਰ੍ਹੇ ਪੂਰੇ, ਪਰ ਆਮ ਆਦਮੀ ਦੇ ਸੁਫ਼ਨੇ ਅਧੂਰੇ



ਗੁਰਮੀਤ ਪਲਾਹੀ
91-98158-02070

**ਇਤਨੇ ਵਰ੍ਹਿਆਂ ਦੀ ਆਜ਼ਾਦੀ ਯਾਤਰਾ ਵਿੱਚ ''ਆਮ ਆਦਮੀ'' ਅਲੋਪ ਹੁੰਦਾ ਜਾ ਰਿਹਾ ਹੈ, ਭਾਵੇਂ ਕਿ ਆਮ ਆਦਮੀ ਦੇ ਨਾਮ ਉਤੇ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਬਹੁਤ ਕੁਝ ਕਰਨ ਦਾ ਦਾਅਵਾ ਕੀਤਾ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ''ਸਭ ਲਈ ਭੋਜਨ'' ਕਾਨੂੰਨ ਪਾਸ ਹੋਣ ਦੇ ਬਾਵਜੂਦ ਵੀ 19 ਕਰੋੜ ਦੇਸ਼ ਵਾਸੀਆਂ ਨੂੰ ਦਿਨ 'ਚ ਇੱਕ ਡੰਗ ਦਾ ਭੋਜਨ ਕਿਉਂ ਨਹੀਂ ਨਸੀਬ ਹੁੰਦਾ ਹੈ? ਲਗਭਗ ਅੱਧੀ ਅਬਾਦੀ ਕੋਲ ਘਰਾਂ 'ਚ ਪੱਕੇ ਪਖਾਨੇ ਨਹੀਂ। ਦੇਸ਼ ਦੇ ਸਭਨਾਂ ਪਿੰਡਾਂ 'ਚ ਬਿਜਲੀ ਸਪਲਾਈ ਪਹੁੰਚਾਉਣ ਦੀ ਗੱਲ ਸਰਕਾਰਾਂ ਕਰਦੀਆਂ ਹਨ, ਪਰ ਪਿੰਡਾਂ ਦੀ 'ਇੱਕ ਭਾਰੀ ਗਿਣਤੀ' ਦੇ ਕੱਚੇ ਘਰਾਂ 'ਚ ਬਿਜਲੀ ਨਹੀਂ ਪਹੁੰਚੀ।**

1947 ਦੇ 15 ਅਗਸਤ ਨੂੰ ਦੇਸ਼ ਭਾਰਤ ਆਜ਼ਾਦ ਹੋਇਆ। 15 ਅਗਸਤ ਸਾਲ 2019 ਨੂੰ 'ਬਹੱਤਰ' ਵਰ੍ਹੇ ਆਜ਼ਾਦੀ ਦੇ ਪੂਰੇ ਹੋ ਗਏ ਹਨ। ਸਦੀ ਦਾ ਲਗਭਗ ਤਿੰਨ ਚੌਥਾਈ ਹਿੱਸਾ ਪੂਰਾ ਕਰ ਲਿਆ ਹੈ ਭਾਰਤ ਨੇ।

ਇਹਨਾ ਵਰ੍ਹਿਆਂ ਵਿੱਚ ਦੇਸ਼ ਦੇ ਬੁਨਿਆਦੀ ਢਾਂਚੇ ਵਿੱਚ ਤਬਦੀਲੀ ਵੇਖਣ ਨੂੰ ਮਿਲੀ ਹੈ। ਗਗਨ ਚੁੰਬੀ ਇਮਾਰਤਾਂ, ਵੱਡੇ-ਵੱਡੇ ਪੁਲ, ਸੜਕਾਂ, ਮਾਲਜ਼, ਸੁੰਦਰ ਰਿਹਾਇਸ਼ੀ ਕਲੋਨੀਆਂ ਭਾਰਤ ਦੇ ਇੱਕ ਰੰਗ ਦੀ ਤਸਵੀਰ ਪੇਸ਼ ਕਰ ਰਹੀਆਂ ਹਨ। ਸਰਕਾਰ ਵਲੋਂ ਦੁਨੀਆ ਦੀਆਂ ਵੱਡੀਆਂ ਅਰਥ-ਵਿਵਸਥਾ ਵਿੱਚ ਭਾਰਤ ਦਾ ਨਾਮ ਸ਼ਾਮਲ ਕਰਨ ਲਈ ਭਰਪੂਰ ਯਤਨ ਹੋ ਰਹੇ ਹਨ। ਦੇਸ਼ ਨੂੰ ਸੁਰੱਖਿਆ ਪੱਖੋਂ ਮਜ਼ਬੂਤ ਕਰਨ ਲਈ ਕਾਫੀ ਕੁਝ ਕੀਤਾ ਜਾ ਰਿਹਾ ਹੈ।

ਇਤਨੇ ਵਰ੍ਹਿਆਂ ਦੀ ਆਜ਼ਾਦੀ ਯਾਤਰਾ ਵਿੱਚ ''ਆਮ ਆਦਮੀ'' ਅਲੋਪ ਹੁੰਦਾ ਜਾ ਰਿਹਾ ਹੈ, ਭਾਵੇਂ ਕਿ ਆਮ ਆਦਮੀ ਦੇ ਨਾਮ ਉਤੇ ਸਮੇਂ ਸਮੇਂ ਦੀਆਂ ਸਰਕਾਰਾਂ ਨੇ ਬਹੁਤ ਕੁਝ ਕਰਨ ਦਾ ਦਾਅਵਾ ਕੀਤਾ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ''ਸਭ ਲਈ ਭੋਜਨ'' ਕਾਨੂੰਨ ਪਾਸ ਹੋਣ ਦੇ ਬਾਵਜੂਦ ਵੀ 19 ਕਰੋੜ ਦੇਸ਼ ਵਾਸੀਆਂ ਨੂੰ ਦਿਨ 'ਚ ਇੱਕ ਡੰਗ ਦਾ ਭੋਜਨ ਕਿਉਂ ਨਹੀਂ ਨਸੀਬ ਹੁੰਦਾ ਹੈ? ਲਗਭਗ ਅੱਧੀ ਅਬਾਦੀ ਕੋਲ ਘਰਾਂ 'ਚ ਪੱਕੇ ਪਖਾਨੇ ਨਹੀਂ। ਦੇਸ਼ ਦੇ ਸਭਨਾਂ ਪਿੰਡਾਂ 'ਚ ਬਿਜਲੀ ਸਪਲਾਈ ਪਹੁੰਚਾਉਣ ਦੀ ਗੱਲ ਸਰਕਾਰਾਂ ਕਰਦੀਆਂ ਹਨ, ਪਰ ਪਿੰਡਾਂ ਦੀ 'ਇੱਕ ਭਾਰੀ ਗਿਣਤੀ' ਦੇ ਕੱਚੇ ਘਰਾਂ 'ਚ ਬਿਜਲੀ ਨਹੀਂ ਪਹੁੰਚੀ। ਸਿੱਖਿਆ, ਸਿਹਤ ਸੇਵਾਵਾਂ ਪਹੁੰਚਾਉਣ ਦੀ ਗੱਲ ਤਾਂ ਦੂਰ ਦੀ ਗੱਲ ਹੈ। ਸਰਕਾਰਾਂ ਸਬਸਿਡੀਆਂ ਐਲਾਨ ਕੇ ਆਮ ਲੋਕਾਂ ਨੂੰ ਖੁਸ਼ ਕਰਦੀਆਂ ਹਨ, ਉਹਨਾ ਲਈ ਨਿੱਤ ਨਵੀਆਂ ਸਕੀਮ ਬਨਾਉਣ ਦਾ ਦਾਅਵਾ ਕਰਦੀਆਂ ਹਨ, ਪਰ ਇਹ ਸਕੀਮਾਂ ਉਹਨਾ ਤੱਕ ਪਹੁੰਚਦੀਆਂ ਕਿਥੇ ਹਨ? ਅਸਲ ਵਿੱਚ ਦੇਸ਼ ਕਰਜ਼ਾਈ ਹੋਇਆ ਪਿਆ ਹੈ, ਇਸਦੀ ਅਰਥ-ਵਿਵਸਥਾ ਚਰਮਰਾਈ ਹੋਈ ਹੈ, ਪ੍ਰਬੰਧਕੀ ਢਾਂਚਾ ਤੇ ਸਰਕਾਰੀ ਮਸ਼ੀਨਰੀ ਆਪਹੁਦਰੀ ਹੋ ਚੁੱਕੀ ਹੈ ਤੇ ਆਮ ਆਦਮੀ ਦੇਸ਼ 'ਚ ਨੁਕਰੇ ਲਗਾ ਦਿੱਤਾ ਗਿਆ ਹੈ।

ਜੂਨ ਦੇ ਮਹੀਨੇ ਕੋਲਾ, ਕੱਚਾ ਤੇਲ, ਕੁਦਰਤੀ ਗੈਸ, ਖਾਦ, ਲੋਹਾ, ਸੀਮਿੰਟ, ਬਿਜਲੀ ਅਤੇ ਰੀਫਾਈਨਰੀ ਉਤਪਾਦ ਜਿਹੇ ਅੱਠ ਬੁਨਿਆਦੀ ਉਦਯੋਗਾਂ ਦੀ ਵਿਕਾਸ ਦਰ ਸਿਰਫ 0.2 ਫੀਸਦੀ ਰਹੀ , ਜੋ ਪਿਛਲੇ ਚਾਰ ਸਾਲਾਂ ਵਿੱਚ ਸਭ ਤੋਂ ਹੇਠਲੇ ਪੱਧਰ 'ਤੇ ਹੈ। ਇਸ ਤੋਂ ਸਾਫ਼ ਪਤਾ ਲੱਗਦਾ ਹੈ ਕਿ ਸਾਡੀ ਅਰਥ-ਵਿਵਸਥਾ ਦੀ ਬੁਨਿਆਦੀ ਹਾਲਤ ਤਰਸਯੋਗ ਹੈ।

ਕੈਗ ਦੀ ਰਿਪੋਰਟ ਦੱਸਦੀ ਹੈ ਕਿ ਮੌਜੂਦਾ ਵਿੱਤ ਵਰ੍ਹੇ ਦੀ ਪਹਿਲੀ ਤਿਮਾਹੀ ਵਿੱਚ ਸਾਡੇ ਦੇਸ਼ ਦੇ ਖਜ਼ਾਨੇ 'ਚ ਸਿਰਫ਼ 1.4 ਫੀਸਦੀ ਵਾਧਾ ਹੀ ਵੇਖਣ ਨੂੰ ਮਿਲਿਆ, ਜਦਕਿ ਬਜ਼ਟ ਵਿੱਚ 18.3 ਫੀਸਦੀ ਵਾਧੇ ਦਾ ਨਿਸ਼ਾਨਾ ਮਿਥਿਆ ਗਿਆ ਸੀ। ਅੰਤਰ ਰਾਸ਼ਟਰੀ ਰੇਟਿੰਗ ਏਜੰਸੀ ਕਿਰਿਸਿਲ ਨੇ ਭਾਰਤ ਦੇ ਆਰਥਿਕ ਵਿਕਾਸ ਦੀ ਦਰ ਦਾ ਅਨੁਮਾਨ 7.1 ਫੀਸਦੀ ਤੋਂ ਘਟਾ ਕੇ 6.9 ਕਰ ਦਿੱਤਾ ਹੈ। ਸਿੱਟਾ ਦੇਸ਼ ਦੇ ਉਦਯੋਗਪਤੀ ਤੇ ਵਿਦੇਸ਼ੀ ਨਿਵੇਸ਼ਕ ਭਾਰਤ 'ਚ ਨਿਵੇਸ਼ ਕਰਨ ਤੋਂ ਮੂੰਹ ਮੋੜ ਰਹੇ ਹਨ ਅਤੇ ਨਵੇਂ ਨਿਵੇਸ਼ ਤੋਂ ਕੰਨੀ ਕਤਰਾ ਰਹੇ ਹਨ।

ਦੇਸ਼ ਵਿੱਚ ਆਟੋ-ਮੋਬਾਇਲ ਖੇਤਰ ਦੀ ਹਾਲਤ ਜੁਲਾਈ ਵਿੱਚ ਹੋਰ ਖਰਾਬ ਹੋ ਗਈ ਅਤੇ ਛੋਟੀਆਂ ਗੱਡੀਆਂ ਦੀ ਵਿਕਰੀ 'ਚ ਗਿਰਾਵਟ ਆਈ। ਇਸ ਸਾਲ ਰੋਜ਼ਗਾਰ ਵਿੱਚ ਭਾਰੀ ਕਟੌਤੀ ਆਇਗੀ। ਵਾਹਨਾਂ ਵਿੱਚ ਵਿਕਰੀ 'ਚ ਆਈ ਰੁਕਾਵਟ ਕਾਰਨ ਪਿਛਲੇ ਤਿੰਨ ਮਹੀਨਿਆਂ ਵਿੱਚ ਸਥਾਨਕ ਡੀਲਰਾਂ ਨੇ ਦੇਸ਼ ਭਰ ਵਿੱਚ ਲਗਭਗ ਦੋ ਲੱਖ ਕਰਮਚਾਰੀਆਂ ਨੂੰ ਨੌਕਰੀ ਤੋਂ ਹਟਾ ਦਿੱਤਾ ਹੈ। ਨੌਕਰੀਆਂ 'ਚ ਕੱਟ-ਵੱਢ ਦਾ ਇਹ ਦੌਰ ਜੂਨ-ਜੁਲਾਈ ਵਿੱਚ ਵੀ ਜਾਰੀ ਰਿਹਾ ਹੈ। ਦੇਸ਼ ਵਿੱਚ 15,000 ਡੀਲਰ ਹਨ, ਜਿਹੜੇ 26,000 ਸ਼ੋਅ- ਰੂਮ ਚਲਾਉਂਦੇ ਹਨ, ਜਿਹਨਾ 'ਚ 25 ਲੱਖ ਨੂੰ ਸਿੱਧੇ ਤੌਰ ਤੇ ਅਤੇ 25 ਲੱਖ ਨੂੰ ਅਸਿੱਧੇ ਤੌਰ 'ਤੇ ਰੁਜ਼ਗਾਰ ਮਿਲਿਆ ਹੋਇਆ ਹੈ। ਪਿਛਲੇ 18 ਮਹੀਨਿਆਂ 'ਚ 271 ਸ਼ਹਿਰਾਂ ਵਿੱਚ 286 ਸ਼ੋਅ-ਰੂਮ ਬੰਦ ਹੋ ਚੁੱਕੇ ਹਨ ਜਿਹਨਾ 'ਚ 32,000 ਲੋਕ ਬੇਰੁਜ਼ਗਾਰ ਹੋ ਗਏ ਹਨ। ਪਿਛਲੇ ਇੱਕ ਮਹੀਨੇ ਵਿੱਚ ਨਿਵੇਸ਼ਕਾਂ ਨੂੰ ਲਗਭਗ 15 ਲੱਖ ਕਰੋੜ ਰੁਪਏ ਦਾ ਨੁਕਸਾਨ ਹੋਇਆ ਹੈ। ਜੋ ਵਿਸ਼ਵ ਪੱਧਰ ਤੇ ਭਾਰਤੀ ਸ਼ੇਅਰ ਬਜ਼ਾਰ ਵਿੱਚ ਸਭ ਤੋਂ ਖਰਾਬ ਪ੍ਰਦਰਸ਼ਨ ਗਿਣਿਆ ਜਾ ਰਿਹਾ ਹੈ। ਇਹੋ ਜਿਹੇ ਹਾਲਤਾਂ ਵਿੱਚ ਨਿਵੇਸ਼ ਕਿਵੇਂ ਹੋਏਗਾ? ਦੇਸ਼ ਦੀ ਆਰਥਿਕ ਵਿਵਸਥਾ ਵਿੱਚ ਇਹ ਮੰਦੀ ਆਖ਼ਿਰ ਕਿਉਂ ਆ ਰਹੀ ਹੈ? ਅਰਥ-ਵਿਵਸਥਾ ਵਿੱਚ ਸੁਸਤੀ ਦਾ ਮੁੱਖ ਕਾਰਨ ਪ੍ਰਾਪਤ ਸਾਧਨਾਂ ਦੇ ਭੈੜੇ ਪ੍ਰਬੰਧ ਕਾਰਨ ਹੁੰਦਾ ਹੈ। ਕੇਂਦਰ ਸਰਕਾਰ ਦਾ ਖਰਚ 10.4 ਲੱਖ ਕਰੋੜ ਤੋਂ ਵੱਧਕੇ 24.5 ਲੱਖ ਕਰੋੜ ਹੋ ਗਿਆ ਹੈ। ਰਿਜ਼ਰਵ ਬੈਂਕ ਦੇ ਅਨੁਸਾਰ 2009 ਵਿੱਚ ਕੇਂਦਰ ਅਤੇ ਸੂਬਾ ਸਰਕਾਰਾਂ ਦਾ ਖ਼ਰਚ 18.5 ਲੱਖ ਕਰੋੜ ਸੀ ਜੋ ਕਿ 2019 'ਚ ਇਹ ਵਧਕੇ 53.6 ਲੱਖ ਕਰੋੜ ਹੋ ਗਿਆ ਹੈ। ਸਾਲ 2018-19 ਵਿੱਚ ਖਜ਼ਾਨੇ ਵਿੱਚ 22.71 ਲੱਖ ਕਰੋੜ ਰੁਪਏ ਆਉਣ ਦਾ ਅੰਦਾਜ਼ਾ ਸੀ ਜੋ ਆਮ ਤੋਂ 1.91 ਲੱਖ ਕਰੋੜ ਰੁਪਏ ਘੱਟ ਆਇਆ ਹੈ। ਇਹ ਸਥਿਤੀ ਸਰਕਾਰੀ ਪ੍ਰਬੰਧ, ਜਿਸ ਵਿੱਚ ਵੱਡੀ ਟੈਕਸ ਚੋਰੀ ਵੀ ਸ਼ਾਮਲ ਹੈ, ਕਾਰਨ ਵੀ ਹੋਈ ਅਤੇ ਦੇਸ਼ ਦੇ ਭੈੜੇ ਹਫੜਾ-ਤਫੜੀ ਵਾਲੇ ਮਾਹੌਲ ਕਾਰਨ ਵੀ। ਆਰਥਿਕ ਦਬਾਅ ਅਤੇ ਕਰਜ਼ਾ ਨਾ ਚੁਕਾਏ ਜਾਣ ਕਾਰਨ ਖੁਦਕੁਸ਼ੀਆਂ ਦਾ ਦਬਾਅ ਵੱਧ ਰਿਹਾ ਹੈ। ਇਹ ਖੁਦਕੁਸ਼ੀਆਂ ਖੇਤੀ ਸੰਕਟ ਕਾਰਨ, ਖੇਤੀ ਖੇਤਰ ਦੇ ਕਿਸਾਨ ਅਤੇ ਕਾਮੇ ਹੀ ਨਹੀਂ ਕਰ ਰਹੇ ਸਗੋਂ ਛੋਟੇ ਉਦਯੋਗਪਤੀ ਵੀ ਇਸ ਰਾਹੇ ਤੁਰਨ ਲਈ ਮਜ਼ਬੂਰ ਹੋਏ ਹਨ। ਕੈਫੇ ਕਾਫੀ ਡੇ ਦੀ ਕੰਪਨੀ ਦੇ ਮਾਲਕ ਜੇ ਬੀ ਸਿਧਾਰਥ ਦੀ ਖੁਦਕੁਸ਼ੀ ਦੀ ਖ਼ਬਰ ਨੇ ਇਸ ਕਠੋਰ ਸੱਚ ਨੂੰ ਸਾਹਮਣੇ ਲਿਆ ਦਿੱਤਾ ਹੈ ਕਿ ਛੋਟੇ ਉਦਯੋਗੀਆਂ ਨੂੰ ਆਪਣਾ ਕਾਰੋਬਾਰ ਆਪਣੇ ਬਲਬੂਤੇ ਤੇ ਕਰਨਾ ਪੈਂਦਾ ਹੈ ਅਤੇ ਜਦੋਂ ਉਹਨਾ ਦੀ ਕੋਈ ਬਾਂਹ ਨਹੀਂ ਫੜਦਾ, ਉਹ ਮੂਧੇ ਮੂੰਹ ਡਿੱਗਦੇ ਹਨ।

ਉਤਰ ਪ੍ਰਦੇਸ਼ ਦੇ 36 ਵਰ੍ਹਿਆਂ ਦੇ ਗੰਨਾ ਕਿਸਾਨ ਰਮਨ ਸਿੰਘ ਦੇ ਸਾਹਮਣੇ ਆਪਣਾ ਪੂਰਾ ਜੀਵਨ ਪਿਆ ਸੀ। ਉਸਦੇ ਦੋ ਬੱਚੇ ਸਨ। ਬੁੱਢੇ ਮਾਂ-ਪਿਉ ਸੀ, ਪਤਨੀ ਸੀ। ਪਰ ਦੋ ਸਾਲ ਉਸਦੀ ਫ਼ਸਲ ਖਰਾਬ ਹੋ ਗਈ। ਭਾਰੀ ਆਰਥਿਕ ਨੁਕਸਾਨ ਹੋਇਆ। ਫ਼ਸਲ ਦੀ ਕੀਮਤ ਘੱਟ ਮਿਲੀ, ਜੋ ਉਹਦੇ ਖਰਚੇ ਵੀ ਪੂਰੇ ਨਾ ਕਰ ਸਕੀ। ਉਸਨੇ ਆਪਣੇ ਆਪ ਨੂੰ ਹੀ ਨਹੀਂ, ਸਾਰੇ ਪਰਿਵਾਰ ਨੂੰ ਹੀ ਮਾਰ ਦਿੱਤਾ। ਉੱਤਰ ਪ੍ਰਦੇਸ਼ ਦਾ 'ਰਮਨ' ਇੱਕ ਨਹੀਂ, ਇਹ ਦੇਸ਼ ਦੇ ਹਿੱਸੇ-ਹਿੱਸੇ ਦੀ ਕਿਸਾਨ-ਕਹਾਣੀ ਬਣ ਚੁੱਕਾ ਹੈ। ਜਦ ਕਿਸਾਨ ਇਹੋ ਜਿਹਾ 'ਅੱਤਵਾਦੀ' ਕਦਮ ਚੁੱਕਣ ਲਈ ਮਜ਼ਬੂਰ ਹੋ ਬੈਠਦਾ ਹੈ ਤਾਂ ਸਮਝੋ ਉਹ ਆਰਥਿਕ ਪੱਖੋ ਟੁੱਟਿਆ ਹੋਇਆ ਹੈ, ਉਸਦੀ ਕੋਈ ਬਾਂਹ ਫੜਨ ਵਾਲਾ ਨਹੀਂ ਹੈ, ਨਾ ਸਮਾਜ , ਨਾ ਸਰਕਾਰ! ਛੋਟੇ ਉਦਮੀਆਂ, ਜਿਹਨਾ ਵਿੱਚ ਕਿਸਾਨ ਵੀ ਸ਼ਾਮਲ ਹਨ ਪ੍ਰਤੀ ਸਰਕਾਰਾਂ ਦਾ ਰਵੱਈਆ ਸਦਾ ਹੀ ਨਿਰਾਸ਼ਾਵਾਦੀ ਰਿਹਾ ਹੈ, ਸਰਕਾਰਾਂ ਅਤੇ ਮੁੱਖ ਧਾਰਾ ਦਾ ਮੀਡੀਆ ਤਾਂ ਕਿਸਾਨਾਂ ਨੂੰ ਉੱਦਮੀ ਜਾਂ ਕਾਰੋਬਾਰੀ ਹੀ ਨਹੀਂ ਮੰਨਦਾ। ਉਂਜ ਵੀ ਸਰਕਾਰਾਂ ਨੇ ਇਹਨਾ ਦੇ ਭਲੇ ਲਈ ਕਦੇ ਪਹਿਲਕਦਮੀ ਨਹੀਂ ਕੀਤੀ। ਡਾ: ਸਵਾਮੀਨਾਥਨ ਦੀ ਰਿਪੋਰਟ ਜੋ ਕਿਸਾਨਾਂ ਨੂੰ ਆਪਣੀ ਫ਼ਸਲ ਦਾ ਘੱਟੋ-ਘੱਟ ਸਮਰਥਨ ਮੁੱਲ ਅਤੇ ਕੁਝ ਕੁ ਵੱਧ ਮੁਨਾਫਾ ਦੇਣ ਦੀ ਗੱਲ ਕਰਦੀ ਹੈ, ਉਸਨੂੰ ਰੱਦੀ ਦੀ ਟੋਕਰੀ ਵਿੱਚ ਸੁੱਟ ਦਿੱਤਾ ਹੋਇਆ ਹੈ। ਸਰਕਾਰੀ ਫ਼ਸਲ ਬੀਮਾ ਯੋਜਨਾਵਾਂ ਇਹੋ ਜਿਹੀਆਂ ਨਕਾਰਾ ਹਨ, ਜੋ ਕਿਸਾਨਾਂ ਨਾਲੋਂ ਵੱਧ ਬੀਮਾ ਕੰਪਨੀਆਂ ਦਾ ਢਿੱਡ ਭਰਦੀਆਂ ਹਨ। ਕੀ ਇਹ ਸਾਡੀਆਂ ਸਰਕਾਰਾਂ ਦੀ ਆਰਥਿਕ ਵਿਵਸਥਾ ਦੀ ਅਸਫਲਤਾ ਹੀ ਨਹੀਂ ਹੈ ਕਿ ਨੌਜਵਾਨ ਉਦਮੀ ਅਤੇ ਕਿਸਾਨ ਉਦਮੀ ਖੁਦਕੁਸ਼ੀ ਕਰਨ ਜਿਹਾ ਅਣਹੋਣਾ ਕਦਮ ਉਠਾਉਣ ਲਈ ਮਜ਼ਬੂਰ ਹੋ ਰਹੇ ਹਨ। ਹੁਣ ਦੇ ਸਾਲਾਂ 'ਚ ਕਿਸਾਨ ਖੁਦਕੁਸ਼ੀਆਂ ਦਾ ਵਰਤਾਰਾ ਵਧਿਆ ਹੈ, ਖ਼ੁਦਕੁਸ਼ੀ ਘਟਨਾਵਾਂ ਵਧੀਆਂ ਹਨ, 2016 ਦੀ ਨੋਟਬੰਦੀ ਦੇ ਬਾਅਦ ਇੱਕ ਅਲੱਗ ਜਿਹਾ ਮੋੜ ਇਹਨਾ ਘਟਨਾਵਾਂ ਨੇ ਕੱਟਿਆ ਹੈ, ਜਦ ਨੋਟਬੰਦੀ ਦੇ ਕਾਰਨ ਫਸਲਾਂ ਦੀ ਕੀਮਤ ਬੁਰੀ ਤਰ੍ਹਾਂ ਪ੍ਰਭਾਵਤ ਹੋਈ। ਕੋਈ ਛੋਟੇ ਕਿਸਾਨਾਂ ਨੂੰ ਜਾਂ ਤਾਂ ਆਪਣੀ ਫ਼ਸਲ ਘੱਟ ਕੀਮਤ ਤੇ ਵੇਚਣੀ ਪਈ ਜਾਂ ਜਦੋਂ ਇਹ ਫ਼ਸਲ ਨਾ ਵਿਕੀ ਤਾਂ ਵਿਅਰਥ ਗਈ ਜਾਂ ਖਰਾਬ ਹੋ ਗਈ ਤਾਂ ਸਥਿਤੀ ਇਹੋ ਜਿਹੀ ਬਣੀ ਕਿ ਕਿਸਾਨ ਕੋਲ ਅਗਲੀ ਫ਼ਸਲ ਬੀਜਣ ਲਈ ਪੈਸੇ ਦੀ ਕਮੀ ਆਈ।

ਸਰਕਾਰ ਨੇ ਜੀ.ਐਸ.ਟੀ. ਅਧੀਨ ਇੱਕ ਦੇਸ਼ ਇੱਕ ਟੈਕਸ ਦੀ ਗੱਲ ਤਾਂ ਕਰ ਦਿੱਤੀ। ਇਸਦਾ ਬਹੁਤਾ ਅਸਰ ਛੋਟੇ ਕਾਰੋਬਾਰੀਆਂ ਉਤੇ ਪਿਆ। ਉਹਨਾ ਵਿੱਚੋਂ ਲੋਕਾਂ ਨੂੰ ਆਪਣਾ ਕਾਰੋਬਾਰ ਸਮੇਟਣਾ ਪਿਆ। ਕਈਆਂ ਨੂੰ ਹੋਰ ਥਾਵਾਂ ਉਤੇ ਨਿ-ਗੁਣੀਆਂ ਤਨਖਾਹਾਂ ਉਤੇ ਨੌਕਰੀਆਂ ਤੱਕ ਕਰਨੀਆਂ ਪਈਆਂ। ਕਈਆਂ ਨੇ ਖੁਦਕੁਸ਼ੀਆਂ ਦਾ ਰਾਹ ਅਪਨਾਇਆ। ਪਰ ਇਹੋ ਜਿਹੀਆਂ ਮੌਤਾਂ ਉਤੇ ਸਮਾਜ ਅਤੇ ਸਰਕਾਰ ਦੀ ਉਦਾਸੀਨਤਾ ਵੇਖੋ ਕਿ ਉਹਨਾ ਨੇ ਇਹਨਾ ਮੌਤਾਂ ਦੀ ਪਰਵਾਹ ਹੀ ਨਹੀਂ ਕੀਤੀ। ਕਿਸਾਨ ਅਤੇ ਛੋਟੇ ਕਾਰੋਬਾਰੀਏ ਇਸ ਸਮੇਂ ਕਠਿਨ ਅਤੇ ਤਣਾਅ ਭਰੀਆਂ ਹਾਲਤਾਂ ਵਿੱਚ ਜੀਊ ਰਹੇ ਹਨ। ਉਹਨਾ ਦੇ ਸਾਹਮਣੇ ਵੱਡੀਆਂ ਚਣੌਤੀਆਂ ਹਨ। ਬਦਲਦੇ ਕਾਰੋਬਾਰੀ ਮਾਹੌਲ ਅਤੇ ਵਿਕਾਸ ਦੇ ਦਬਾਅ ਕਾਰਨ ਉਹਨਾ ਦੀਆਂ ਮੁਸ਼ਕਲਾਂ ਵੱਧ ਰਹੀਆਂ ਹਨ। ਦੇਸ਼ ਦੀ ਆਰਥਿਕ ਵਿਵਸਥਾ ਦੀਆਂ ਭੈੜੀਆਂ ਨੀਤੀਆਂ ਦਾ ਹੀ ਸਿੱਟਾ ਹੈ ਕਿ ਵੱਡੇ ਉਦਯੋਗਪਤੀਆਂ ਦੇ ਵੱਡੇ ਕਰਜ਼ੇ ਵੱਟੇ-ਖਾਤੇ ਪਾ ਦਿੱਤੇ ਜਾਂਦੇ ਹਨ, ਉਹਨਾ ਨੂੰ ਖਰਾਬ ਕਰਜ਼ੇ ਗਰਦਾਨਕੇ ਮੁਆਫ਼ ਕਰ ਦਿੱਤਾ ਜਾਂਦਾ ਹੈ, ਪਰ ਛੋਟੇ ਕਾਰੋਬਾਰੀਆਂ ਅਤੇ ਕਿਸਾਨਾਂ ਦੇ ਹਜ਼ਾਰਾਂ ਦੇ ਕਰਜ਼ਿਆਂ ਨੂੰ ਮੁਆਫ਼ ਕਰਨ ਲੱਗਿਆ ਹੀਲ-ਹੁਜਤ ਕੀਤੀ ਜਾਂਦੀ ਹੈ ਅਤੇ ਬਹੁਤੀ ਵੇਰ ਇਹਨਾ ਕਰਜ਼ਿਆਂ ਕਾਰਨ ਉਹਨਾ ਨੂੰ ਜੇਲ੍ਹ ਦੀ ਯਾਤਰਾ ਤੱਕ ਕਰਵਾ ਦਿੱਤੀ ਜਾਂਦੀ ਹੈ। ਦੀਵਾਲੀਏਪਨ ਦੀ ਘੋਸ਼ਣਾ ਤੋਂ ਬਾਅਦ ਕਰਜ਼ ਨਾ ਵਾਪਿਸ ਕਰਨ ਦੀ ਵਧਦੀ ਪਰੰਪਰਾ ਕਾਰਨ ਭਾਰਤ 2017 ਵਿੱਚ ਦੁਨੀਆ ਭਰ 'ਚ 103ਵੇਂ ਥਾਂ ਤੇ ਸੀ, ਪਰ 2018 ਵਿੱਚ ਭਾਰਤ 108ਵੇਂ ਸਥਾਨ ਤੇ ਹੋ ਗਿਆ । ਅਸਲ ਵਿੱਚ ਗਲਤ ਅਤੇ ਮਨੋਂ ਨਾ ਕੀਤੇ ਜਾਣ ਵਾਲੇ ਸੁਧਾਰਾਂ ਕਾਰਨ ਦੇਸ਼ ਵਿੱਚ ਕਾਰੋਬਾਰੀ ਮਾਹੌਲ ਦਿਨ-ਪ੍ਰਤੀ ਵਿਗੜਦਾ ਜਾ ਰਿਹਾ ਹੈ। ਕੇਂਦਰ ਸਰਕਾਰ ਵਲੋਂ ਵੋਟਾਂ ਵਟੋਰਨ ਲਈ ਦਿੱਤੀ ਜਾ ਰਹੀ ਸਬਸਿਡੀ ਜਾਂ ਸਹੂਲਤਾਂ ਵੱਖ-ਵੱਖ ਖੇਤਰਾਂ ਨੂੰ ਘੁਣ ਵਾਂਗਰ ਖਾ ਰਹੀ ਹੈ।

ਦੇਸ਼ ਦੀ ਭੈੜੀ ਅਰਥ-ਵਿਵਸਥਾ, ਆਮ ਆਦਮੀ ਲਈ ਲਗਾਤਾਰ ਬੁਰੀ ਪੈ ਰਹੀ ਹੈ, ਜਿਹੜਾ ਇਸਦੇ ਸਿੱਟੇ ਵਜੋਂ ਰੁਜ਼ਗਾਰ ਤੋਂ ਬਾਂਝਾ ਹੋ ਰਿਹਾ, ਨਿੱਤ ਪ੍ਰਤੀ ਕਰਜ਼ਾਈ ਹੋ ਰਿਹਾ ਹੈ ਅਤੇ ਜਿਸਨੂੰ ਆਪਣੀਆਂ ਘੱਟੋ-ਘੱਟ ਜੀਊਣ ਦੀਆਂ ਲੋੜਾਂ ਪੂਰੀਆਂ ਕਰਨ ਲਈ ਅਤਿ ਦਾ ਸੰਘਰਸ਼ ਕਰਨਾ ਪੈ ਰਿਹਾ ਹੇ। ਦੇਸ਼ ਦਾ ਹਰ ਨਾਗਰਿਕ ਭੈੜੇ ਪ੍ਰਬੰਧ ਅਤੇ ਸਿਆਸਤਦਾਨਾਂ ਦੀ ਖ਼ਰਚੀਲੀ ਰਾਜਾ ਸ਼ਾਹੀ ਰਾਜ-ਪ੍ਰਣਾਲੀ ਕਾਰਨ 74000 ਰੁਪਏ ਪ੍ਰਤੀ ਵਿਅਕਤੀ ਦੇ ਕਰਜ਼ੇ ਹੇਠ ਡੁਬਿਆ ਹੈ। ਇਹ ਉਸ ਸਿਰ ਰਾਜ ਪ੍ਰਬੰਧ ਦਾ ਕਰਜ਼ਾ ਹੈ, ਉਸਦਾ ਜ਼ਿੰਦਗੀ ਜੀਊਣ ਲਈ ਲਿਆ ਨਿੱਜੀ ਕਰਜ਼ਾ ਉਸ ਤੋਂ ਵੱਖਰਾ ਹੈ। ਦੇਸ਼ ਦੀਆਂ ਸੂਬਾ ਸਰਕਾਰਾਂ ਅਤੇ ਕੇਂਦਰੀ ਸਰਕਾਰ 2019 ਤੱਕ 97 ਲੱਖ ਕਰੋੜ ਦੇ ਕਰਜ਼ੇ ਹੇਠ ਹੈ, ਇਹ ਕਰਜ਼ਾ ਪਿਛਲੇ 5 ਸਾਲਾਂ ਵਿੱਚ 49 ਫੀਸਦੀ ਵਧਿਆ ਹੈ। ਦੇਸ਼ ਸਿਰ ਚੜ੍ਹੇ ਕਰਜ਼ੇ ਦੇ ਇਸ ਹਿੱਸੇ ਵਜੋਂ ਆਮ ਆਦਮੀ ਨੂੰ ਕੀ ਮਿਲਦਾ ਹੈ? ਘਰ 'ਚ ਕੋਈ ਛੱਤ? ਘਰ 'ਚ ਕਿਸੇ ਜੀਅ ਨੂੰ ਨੌਕਰੀ? ਦੋ ਡੰਗ ਰੋਟੀ? ਸਿੱਖਿਆ ਦੀ ਕੋਈ ਸਹੂਲਤ? ਸਿਹਤ ਦੀ ਕੋਈ ਸਹੂਲਤ? ਸਮਾਜਿਕ ਸੁਰੱਖਿਆ ਲਈ ਕੋਈ ਰਕਮ? ਕੋਈ ਕੱਪੜਾ-ਲੱਤਾ? ਕੁਝ ਵੀ ਨਹੀਂ, ਜੇ ਕੁਝ ਆਮ ਆਦਮੀ ਨੂੰ ਮਿਲ ਰਿਹਾ ਹੈ ਤਾਂ ਭੁੱਖ, ਗਰੀਬੀ, ਗੰਦਾ ਵਾਤਾਵਰਨ, ਔਲਾਦ ਲਈ ਅਨਪੜ੍ਹਤਾ ਅਤੇ ਛੱਤ ਦੇ ਨਾਮ ਉਤੇ ਖੁਲ੍ਹਾ ਆਕਾਸ਼। ਕੀ ਮਿਲੀਅਨ, ਟ੍ਰਿਲਿਅਨ ਅਰਥ-ਵਿਵਸਥਾ ਬਨਣ ਜਾ ਰਹੇ ਦੇਸ਼ ਨੂੰ ਆਮ ਆਦਮੀ ਦੇ ਵੱਲ ਝਾਤੀ ਮਾਰਨ ਦੀ ਲੋੜ ਨਹੀਂ, ਘੱਟੋ-ਘੱਟ 15 ਅਗਸਤ 2019 ਨੂੰ ਜਦੋਂ ਦੇਸ਼ ਆਜ਼ਾਦੀ ਦਾ 73ਵਾਂ ਆਜ਼ਾਦੀ ਦਿਹਾੜਾ ਮਨਾ ਰਿਹਾ ਹੋਵੇਗਾ?

# ਅਜ਼ਾਦੀ ਅੰਦੋਲਨ 'ਚ ਈਸਾਈ ਮਿਸ਼ਨਰੀਆਂ ਦਾ ਯੋਗਦਾਨ



ਫਰੈਡੀ ਜੋਜ਼ਫ

ਭਾਰਤ ਦੀ ਅਜ਼ਾਦੀ ਦੀ ਮੰਗ ਸਭ ਤੋਂ ਪਹਿਲਾਂ ਇੰਗਲੈਂਡ ਦੀ ਪਾਰਲੀਮੈਂਟ ਵਿੱਚ ਈਸਾਈ ਜਨਤਾ ਨੇ 1864 ਵਿੱਚ ਲੇਬਰ ਪਾਰਟੀ ਰਾਹੀਂ ਉਠਾਈ। ਇਸਦੇ ਉੱਤਰ ਵਿੱਚ ਕਨਜ਼ਰਵੇਟਿਵ ਸਰਕਾਰ ਨੇ ਕਿਹਾ- ਭਾਰਤ ਦੇ ਲੋਕ ਹਾਲੇ ਆਪਣੇ ਮੁਲਕ ਨੂੰ ਆਪ ਚਲਾਉਣ ਦੇ ਯੋਗ ਨਹੀਂ ਹਨ, ਜਦ ਉਹ ਯੋਗ ਹੋ ਜਾਣਗੇ ਤਾਂ ਉਨ੍ਹਾਂ ਨੂੰ ਅਜ਼ਾਦ ਕਰ ਦਿੱਤਾ ਜਾਵੇਗਾ।

ਦੇਸ਼ ਪਿਤਾ ਮਹਾਤਮਾ ਗਾਂਧੀ ਨੇ ਅੰਗਰੇਜ਼ਾਂ ਵਿਰੁਧ ਅੰਦੋਲਨ ਦੱਖਣੀ ਅਫਰੀਕਾ ਵਿਚ ਸ਼ੁਰੂ ਕੀਤਾ ਸੀ। ਜਦ ਉਹ ਭਾਰਤ ਆਏ ਤਾਂ ਦੱਖਣੀ ਅਫਰੀਕਾ ਤੋਂ ਇੱਕ ਮਿਸ਼ਨਰੀ ਐਫ.ਸੀ. ਐਂਡਰੀਊ ਉਨ੍ਹਾਂ ਦੇ ਨਾਲ ਆਇਆ ਜੋ ਅਖੀਰ ਤੱਕ ਮਹਾਤਮਾ ਗਾਂਧੀ ਦੇ ਨਾਲ ਰਿਹਾ। ਇੰਡੀਆ ਗੇਟ ਦਿੱਲੀ ਵਿਖੇ ਮਹਾਤਮਾ ਗਾਂਧੀ ਦੇ ਜਥੇ ਦਾ ਇੱਕ ਬੁੱਤ ਹੈ ਜਿਸ ਵਿੱਚ ਇਹ ਮਿਸ਼ਨਰੀ ਵੀ ਸਾਫ ਦਿਖਾਈ ਦਿੰਦਾ ਹੈ। ਇਸ ਜਥੇ ਦੀ ਤਸਵੀਰ ਪਹਿਲਾਂ 500 ਰੁਪਏ ਦੇ ਨੋਟ ਦੇ ਪਿਛਲੇ ਪਾਸੇ ਵੀ ਛਪੀ ਹੋਈ ਸੀ। ਮੋਦੀ ਸਰਕਾਰ ਨੇ ਇਹ ਨੋਟ ਬੰਦ ਕਰ ਦਿੱਤਾ। ਜਿਸ ਸਮੇਂ ਬਸਪਾ ਸੁਪਰੀਮੋ ਕਾਂਸ਼ੀ ਰਾਮ ਜੀ ਲੋਕ ਸਭਾ ਦੀ ਸੀਟ ਜਿੱਤ ਕੇ ਪਾਰਲੀਮੈਂਟ ਵਿੱਚ ਗਏ ਤਾਂ ਉਨ੍ਹਾਂ ਨੇ ਆਪਣੇ ਪਹਿਲੇ ਸੰਬੋਧਨ ਵਿੱਚ ਕਿਹਾ ਸੀ - ਜੇਕਰ ਅੰਗਰੇਜ਼ ਨਾ ਆਉਂਦੇ ਤਾਂ ਸਾਡੀ ਹਾਲਤ ਅੱਜ ਵੀ ਉਹੋ ਹੋਣੀ ਸੀ ਜੋ ਅੰਗਰੇਜ਼ ਆਉਣ ਤੋਂ ਪਹਿਲਾਂ ਸੀ। ਇਥੇ ਵਰਣਨਯੋਗ ਹੈ ਕਿ ਅੰਗਰੇਜ਼ ਦੇ ਆਉਣ ਤੱਕ ਇਸ ਦੇਸ਼ ਨੂੰ ਪਹਿਲਾਂ ਮੁਗਲ ਅਤੇ ਹੋਰ ਮੁਸਲਿਸ ਸ਼ਾਸਕ ਅਤੇ ਫਿਰ ਈਸਟ ਇੰਡੀਆ ਕੰਪਨੀ ਮਨੂ ਸਿਮਰਤੀ ਅਨੁਸਾਰ ਹੀ ਚਲਾਉਂਦੀ ਰਹੀ। ਈਸਟ ਇੰਡੀਆ ਕੰਪਨੀ ਵਿਦੇਸ਼ੀ ਈਸਾਈ ਮਿਸ਼ਨਰੀਆਂ ਨੂੰ ਭਾਰਤ ਵਿੱਚ ਵੜਨ ਨਹੀਂ ਦਿੰਦੀ ਸੀ। ਉਸਦੀ ਦਲੀਲ ਸੀ ਕਿ ਇਸ ਨਾਲ ਹਿੰਦੂਆਂ ਨੂੰ ਸਾਡੇ ਵਿਰੁਧ ਲਾਮਬੰਦ ਹੋਣ ਲਈ ਮੁੱਦਾ ਮਿਲ ਜਾਵੇਗਾ ਕਿ ਕੰਪਨੀ ਹਿੰਦੂਆਂ ਦਾ ਧਰਮ ਬਦਲ ਰਹੀ ਹੈ। ਪਰ 1857 ਦੇ ਗਦਰ ਪਿਛੋਂ ਇੰਗਲੈਂਡ ਸਰਕਾਰ ਨੇ ਦੇਸ਼ ਦੀ ਵਾਗ ਡੋਰ ਸਿੱਧੀ ਆਪਣੇ ਹੱਥ ਵਿੱਚ ਲੈ ਲਈ ਤਾਂ ਅੰਗਰੇਜ਼ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਸ਼ੂਦਰ ਹਿੰਦੂ ਨਹੀਂ ਹੈ। ਮਨੂ ਸਿਮਰਤੀ ਅਨੁਸਾਰ ਬ੍ਰਾਹਮਣ ਤੋਂ ਲੈ ਕੇ ਸ਼ੂਦਰ ਤੱਕ ਇਸ ਦੇਸ਼ ਵਿੱਚ ਰਹਿਣ ਵਾਲੇ ਸਾਰੇ ਲੋਕ ਹਿੰਦੂ ਹੀ ਸਨ। ਅੰਗਰੇਜ਼ ਸਰਕਾਰ ਵਲੋਂ ਸ਼ੂਦਰ ਨੂੰ ਹਿੰਦੂ ਨਾ ਮੰਨਣ ਦਾ ਅਰਥ ਇਹ ਸੀ ਕਿ ਸਰਕਾਰ ਦੀ ਨਜ਼ਰ ਵਿੱਚ ਬ੍ਰਾਹਮਣ ਤੇ ਸ਼ੂਦਰ ਵਿੱਚ ਕੋਈ ਫਰਕ ਨਹੀਂ। ਉਸ ਤੋਂ ਪਹਿਲਾਂ ਬ੍ਰਾਹਮਣ ਤੇ ਖਤਰੀ ਹੀ ਫੌਜ ਵਿੱਚ, ਪੁਲਿਸ ਤੇ ਹੋਰ ਸਰਕਾਰੀ ਨੌਕਰੀਆਂ ਵਿੱਚ ਜਾ ਸਕਦੇ ਸਨ, ਸ਼ੂਦਰ ਨਹੀਂ ਪਰ ਹੁਣ ਸ਼ੂਦਰ ਵੀ ਬੰਦੂਕ ਫੜ ਕੇ ਫੌਜੀ ਬਣ ਗਿਆ,



ਪੁਲਿਸ ਅਫਸਰ ਤੇ ਹੋਰ ਸਿਵਲ ਸਰਵਸਿਜ਼ ਵਿਚ ਚਲਾ ਗਿਆ। ਇਸ ਨੂੰ ਭਾਰਤੀ ਲੀਡਰਸ਼ਿਪ ਨੇ ਕਿਹਾ ਕਿ ਅੰਗਰੇਜ਼ ਪਾੜੋ ਤੇ ਰਾਜ ਕਰੋ ਦੀ ਨੀਤੀ ਤੇ ਚਲ ਰਿਹਾ ਹੈ। ਇਸ ਨਾਲ ਭਾਰਤ ਦੀ ਸਮਾਜਿਕਤਾ ਤੇ ਜੋ ਅਸਰ ਪਿਆ ਉਹ ਇਸ ਪ੍ਰਕਾਰ ਸੀ (1) ਅੰਗਰੇਜ਼ ਨੇ ਇਹ ਪ੍ਰੰਪਰਾ ਰੱਦ ਕਰ ਦਿੱਤੀ ਕਿ ਸ਼ੂਦਰ ਦਾ ਪਹਿਲਾ ਮੇਲ ਬੱਚਾ ਗੰਗਾ ਵਿੱਚ ਬੁਰਦ ਕੀਤਾ ਜਾਵੇਗਾ (2) ਸ਼ੂਦਰ ਦੇ ਨਾਂ ਕੋਈ ਜ਼ਮੀਨ ਜਾਇਦਾਦ ਨਹੀਂ ਹੋ ਸਕਦੀ (3) ਸ਼ੂਦਰ ਪਿੰਡਾਂ ਅਤੇ ਸ਼ਹਿਰਾਂ ਦੇ ਅੰਦਰ ਨਹੀਂ ਰਹਿ ਸਕਦਾ। (4) ਸ਼ੂਦਰ ਅਛੂਤ ਹੋਵੇਗਾ। ਅੰਗਰੇਜ਼ ਸ਼ੂਦਰ ਨੂੰ ਬਾਕੀ ਭਾਰਤੀਆਂ ਵਾਂਗ ਆਪਣਾ ਗੁਲਾਮ ਸਮਝਦਾ ਸੀ ਪਰ ਉਸਨੂੰ ਅਛੂਤ ਨਹੀਂ ਸਮਝਦਾ ਸੀ। ਉਨ੍ਹਾਂ ਦੇ ਹੱਥੋਂ ਲੈ ਕੇ ਖੁਰਾਕੀ ਵਸਤਾਂ ਖਾ ਪੀ ਲੈਂਦਾ ਸੀ। (5) ਅੰਗਰੇਜ਼ ਤੋਂ ਪਹਿਲਾਂ ਸ਼ੂਦਰ ਨੂੰ ਕੁਰਸੀ ਤੇ ਬੈਠਣ ਦੀ ਮਨਾਹੀ ਸੀ। ਹੁਣ ਸ਼ੂਦਰ ਕੁਰਸੀ ਤੇ ਬੈਠ ਸਕਦਾ ਸੀ। ਫੌਜ ਤੇ ਪੁਲਿਸ ਵਿਚ ਜੋ ਉਸਦੇ ਅਧੀਨ ਸਨ ਉਨ੍ਹਾਂ ਨੂੰ ਉਸ ਨੂੰ ਸਲੂਟ ਮਾਰਨਾ ਪਵੇਗਾ (6) ਸ਼ੂਦਰ ਹੁਣ ਦੂਸਰਿਆਂ ਵਰਗੇ ਕਪੜੇ ਤੇ ਜੁੱਤੀ ਪਾ ਸਕਦਾ ਸੀ। (7) ਸ਼ੂਦਰ ਧਰਮ ਪਰਿਵਰਤਨ ਕਰਨ ਦਾ ਹੱਕ ਦਿੱਤਾ। ਉਸ ਨੂੰ ਕਿਹਾ ਕਿ ਉਹ ਆਪਣੇ ਦੇਵਤੇ ਤਹਿ ਕਰੇ, ਆਪਣੇ ਮੰਦਰ ਬਣਾਵੇ ਅਤੇ ਆਪਣੇ ਧਰਮ ਗ੍ਰੰਥ ਬਣਾਵੇ ਜਿਨ੍ਹਾਂ ਨੂੰ ਸਰਕਾਰ ਵਲੋਂ ਮਾਨਤਾ ਦਿੱਤੀ ਜਾਵੇਗੀ।

ਇਤਿਹਾਸਕਾਰ ਅਤੇ ਖਾਸ ਕਰਕੇ ਦਲਿਤਾਂ ਦਾ ਇਤਿਹਾਸ ਲਿਖਣ ਵਾਲੇ ਲੋਕ ਇਹ ਸਮਝਦੇ ਹਨ ਕਿ ਉਪਰ ਦੱਸੀਆਂ ਅਤੇ ਹੋਰ ਸਮਾਜਿਕ ਤਬਦੀਲੀਆਂ ਅੰਗਰੇਜ਼ ਸਰਕਾਰ ਨੇ ਕੀਤੀਆਂ ਸਨ। ਜਦਕਿ ਹਕੀਕਤ ਇਹ ਹੈ ਕਿ ਇਹ ਸਾਰੀਆਂ ਤਬਦੀਲੀਆਂ ਵਿਦੇਸ਼ੀ ਈਸਾਈ ਮਿਸ਼ਨਰੀਆਂ ਦੇ ਦਬਾਓ ਹੇਠ ਅੰਗਰੇਜ਼ ਸਰਕਾਰ ਨੇ ਕੀਤੀਆਂ ਕਿਉਂਕਿ ਅੰਗਰੇਜ਼ ਉੱਤੇ ਪਾਦਰੀਆਂ ਅਰਥਾਤ ਵਿਦੇਸ਼ੀ ਈਸਾਈਆਂ ਮਿਸ਼ਨਰੀਆਂ ਦਾ ਬਹੁਤ ਪ੍ਰਭਾਵ ਸੀ ਅਤੇ ਮਿਸ਼ਨਰੀ ਇਹ ਸਮਝਦੇ ਸਨ ਕਿ ਅਜ਼ਾਦ ਭਾਰਤ ਲਈ ਇਹ ਜ਼ਰੂਰੀ ਹੈ ਕਿ ਉਸ ਸਮੇਂ ਦੀਆਂ ਸਮਾਜਿਕ ਕੁਰਤੀਆਂ ਖਤਮ ਕੀਤੀਆਂ ਜਾਣ। ਈਸਾਈ ਮਿਸ਼ਨਰੀਆਂ ਦੇ ਦਬਾਅ ਹੇਠ ਹੀ ਅੰਗਰੇਜ਼ ਸਰਕਾਰ ਨੇ ਸਤੀ ਦੀ ਰਸਮ, ਆਮ ਸਮਾਜ ਦੇ ਲੋਕਾਂ ਨੂੰ ਅਤੇ ਖਾਸ ਕਰਕੇ ਇਸਤਰੀ ਨੂੰ ਅਨਪੜ੍ਹ ਰੱਖਣ, ਔਰਤ ਨੂੰ ਪੈਰ ਦੀ ਜੁੱਤੀ ਸਮਝਣ, ਕੁੜੀਆਂ ਨੂੰ ਜੰਮਦੀਆਂ ਮਾਰ ਦੇਣਾ, ਬ੍ਰਾਹਮਣ ਦਾ ਕਾਨੂੰਨ ਤੋਂ ਉਪਰ ਹੋਣਾ, ਲੋਕਾਂ ਨੂੰ ਇਲਾਜ ਦੀਆਂ ਪੁਰਾਤਨ ਵਿਧੀਆਂ ਤੋਂ ਮੁਕਤ ਕਰਾਉਣਾ, ਇਸ ਦੇਸ਼ ਵਿੱਚ ਅਖਬਾਰ ਚਲਾਉਣ ਅਤੇ ਭਾਰਤ ਦੀਆਂ ਭਾਸ਼ਾਵਾਂ ਵਿੱਚ ਕਵਿਤਾ ਦੇ ਰੂਪ ਤੋਂ ਇਲਾਵਾ ਵਾਰਤਕ ਸ਼ੁਰੂ ਕਰਨ ਅਤੇ ਭਾਰਤੀ ਭਾਸ਼ਾਵਾਂ ਵਿੱਚ ਸਾਹਿਤ ਦੇ ਅਧੁਨਿਕ ਰੂਪ ਅਰੰਭ ਕਰਨ ਦੀਆਂ ਪਰਕਿਰਿਆਵਾਂ ਜਾਂ ਵਿਦੇਸ਼ੀ ਈਸਾਈ ਮਿਸ਼ਨਰੀਆਂ ਨੇ ਸ਼ੁਰੂ ਕੀਤੀਆਂ ਜਾਂ ਫਿਰ ਉਨ੍ਹਾਂ ਦੇ ਦਬਾਅ ਹੇਠ ਅੰਗਰੇਜ਼ ਸਰਕਾਰ ਨੇ ਅਮਲ ਵਿੱਚ ਲਿਆਂਦੀਆਂ। ਸਾਡਾ ਅੰਦਾਜ਼ਾ ਹੈ ਕਿ ਵਿਦੇਸ਼ੀ ਈਸਾਈ ਮਿਸ਼ਨਰੀ ਨਾ ਹੁੰਦੇ ਤਾਂ ਇਹ ਮੁਲਕ ਜੇ ਅਜ਼ਾਦ ਵੀ ਹੋ ਜਾਂਦਾ ਤਾਂ ਇਸ ਨੂੰ ਅੱਜ ਦੀ ਸਥਿਤੀ ਵਿੱਚ ਪਹੁੰਚਣ ਲਈ ਘਟੋ ਘੱਟ 200 ਸਾਲ ਹੋਰ ਲੱਗ ਜਾਂਦੇ।

# ਬਕਰੀਦ/ ਈਦ-ਏ-ਕੁਰਬਾਨੀ/ ਈਦ-ਉਲ-ਅਜ਼ਹਾ ਕੁਰਬਾਨੀ ਦੇ ਪ੍ਰਤੀਕ ਦਾ ਤਿਉਹਾਰ ਹੈ



ਮੁਹੰਮਦ ਬਸ਼ੀਰ
91-94171-58300


ਇਸਲਾਮ ਧਰਮ ਨੂੰ ਮੰਨਣ ਵਾਲੇ ਭਾਵ ਮੁਸਲਿਮ ਭਾਈਚਾਰੇ ਦੇ ਲੋਕ ਦੋ ਤਿਉਹਾਰਾਂ ਨੂੰ ਬਹੁਤ ਉਤਸ਼ਾਹ ਅਤੇ ਸ਼ਰਧਾ ਨਾਲ ਮਨਾਉਂਦੇ ਹਨ। ਪਹਿਲਾ ਤਿਉਹਾਰ ਈਦ-ਉਲ-ਫਿਤਰ ਰਮਜ਼ਾਨ ਦੇ ਪਵਿੱਤਰ ਮਹੀਨੇ ਦੇ ਖਤਮ ਹੁੰਦੇ ਹੀ ਸ਼ਵਾਲ ਮਹੀਨੇ ਦੀ ਪਹਿਲੀ ਤਾਰੀਖ ਨੂੰ ਮਨਾਇਆ ਜਾਂਦਾ ਹੈ ਕਿਉਂਕਿ ਇੱਕ ਮੁਸਲਮਾਨ ਰਮਜਾਨ ਦੇ ਪਵਿੱਤਰ ਮਹੀਨੇ ਵਿੱਚ ਆਪਣੇ ਨਫਸ(ਇੱਛਾਵਾਂ), ਜਰੂਰਤਾਂ ਆਦਿ ਦੀ ਕੁਰਬਾਨੀ ਦਿੰਦੇ ਹੋਏ ਰੱਬ ਦੇ ਹੁਕਮ ਨੂੰ ਪੂਰਾ ਕਰਨ ਦੀ ਹਰ ਸੰਭਵ ਕੋਸ਼ਿਸ ਕਰਦਾ ਹੋਇਆ ਵੱਧ ਤੋਂ ਵੱਧ ਆਪਣੇ ਰੱਬ ਦੀ ਬੰਦਗੀ ਕਰਨ 'ਚ ਸਮਾਂ ਗੁਜਾਰਦਾ ਹੈ। ਬੰਦੇ ਦੀ ਭਗਤੀ ਅਤੇ ਪਰਹੇਜ਼ਗਾਰੀ ਤੋ ਖੁਸ਼ ਹੋ ਕਿ ਰੱਬ ਵੱਲੋਂ ਉਸਨੂੰ ਇਨਾਮ ਵਜੋਂ ਈਦ ਦੇ ਰੂਪ ਵਿੱਚ ਖੁਸ਼ੀ ਅਤੇ ਜਸ਼ਨ ਦਾ ਦਿਨ ਦਿੱਤਾ ਗਿਆ ਹੈ। ਈਦ-ਏ-ਕੁਰਬਾਨੀ ਜਾਂ ਈਦ-ਉਲ-ਜ਼ੁਹਾ ਮੁਸਲਮਾਨ ਭਾਈਚਾਰੇ ਦਾ ਈਦ-ਉਲ-ਫਿਤਰ ਤੋਂ ਬਾਅਦ ਦੂਜਾ ਵੱਡਾ ਤਿਉਹਾਰ ਹੈ।ਸਾਰੇ ਮੁਸਲਮਾਨਾਂ ਲਈ ਕੁਰਬਾਨੀ ਦਾ ਹੁਕਮ ਸਨ. 2 ਹਿਜ਼ਰੀ ਵਿੱਚ ਦਿੱਤਾ ਗਿਆ ਅਤੇ ਇਸੇ ਸਾਲ ਜ਼ਕਾਤ ਅਤੇ ਸਦਕਾ-ਏ-ਫਿਤਰ ਦਾ ਹੁਕਮ ਵੀ ਜਾਰੀ ਹੋਇਆ।। ਕੁਰਬਾਨੀ ਕਰਨਾ ਹਰ ਮਾਲਦਾਰ ਮੁਸਲਮਾਨ ਲਈ ਜ਼ਰੂਰੀ ਹੈ ਕਿਉਂਕਿ ਕੁਰਾਨ ਦੀ ਸੂਰਤ (ਚੈਪਟਰ) ਨੰ: 108 ਦੀ ਆਇਤ ਨੰ: 2 ਵਿੱਚ ਅਲੱਾਹ ਹੁਕਮ ਦਿੰਦਾ ਹੈ ਕਿ ਉਹੇ ਬੰਦੇ ਤੂੰ ਆਪਣੇ ਪਾਲਣਹਾਰ ਲਈ ਨਮਾਜ਼ ਪੜ੍ਹ ਅਤੇ ਕੁਰਬਾਨੀ ਕਰ"। ਇਸੇ ਪ੍ਰਕਾਰ ਹਜ਼ਰਤ ਅਨਸ ਰਜਿ: ਬਿਆਨ ਕਰਦੇ ਹਨ ਕਿ ਹਜ਼ਰਤ ਮੁਹੰਮਦ (ਸ) ਨੇ ਦੋ ਭੇਡੂ ਸਿੰਗਾਂ ਵਾਲ ਖਰੀਦੇ ਅਤੇ ਆਪਣੇ ਹੱਥੀਂ ਕੁਰਬਾਨੀ ਕੀਤੀ'। ਇਹ ਤਿਉਹਾਰ ਅੱਜ ਤੋਂ ਲਗਭਗ ਸਾਢੇ-ਪੰਜ ਹਜਾਰ ਸਾਲ ਪਹਿਲਾਂ ਮੈਸੋਪਟਾਮੀਆ (ਇਰਾਕ) ਦੀ ਧਰਤੀ ਤੇ ਜਨਮੇਂ ਪੈਗੰਬਰ ਹਜ਼ਰਤ ਇਬਰਾਹੀਮ (ਅਲਹੈ.) ਅਤੇ ਅਰਬ ਦੀ ਧਰਤੀ ਤੇ ਰਹਿੰਦੀ ਉਹਨਾਂ ਦੀ ਛੋਟੀ ਪਤਨੀ ਹਜਰਤ ਹਾਜਰਾਂ ਦੀ ਕੁੱਖੋਂ ਜਨਮੇ ਸਪੁੱਤਰ ਹਜ਼ਰਤ ਇਸਮਾਇਲ (ਅਲਹੈ.) ਦੇ ਦਰਮਿਆਨ ਵਾਪਰੀ ਉਸ ਘਟਨਾ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ ਜਿਸ ਵਿੱਚ ਹਜ਼ਰਤ ਇਬਰਾਹੀਮ (ਅਲਹੈ.) ਨੇ ਆਪਣੇ ਚਹੇਤੇ ਅਤੇ ਵੱਡੇ ਪੁੱਤਰ ਇਸਮਾਇਲ ਦੀ ਕੁਰਬਾਨੀ ਆਪਣੇ ਰੱਬ ਨੂੰ ਖੁਸ਼ ਕਰਨ ਲਈ ਕਰਨੀ ਕਬੂਲ ਕਰ ਲਈ ਸੀ। ਵਿਸਥਾਰ ਪੂਰਵਕ ਘਟਨਾ ਇਸ ਪ੍ਰਕਾਰ ਹੈ ਕਿ ਇਬਰਾਹੀਮ (ਅਲਹੈ.) ਇਰਾਕ ਤੋਂ ਹਿਜ਼ਰਤ ਕਰਕੇ ਮੌਜੂਦਾ ਸੀਰੀਆ ਵਿਖੇ ਆਪਣੀ ਰਿਹਾਇਸ਼ ਕਰ ਚੁੱਕੇ ਸਨ। ਜਿੱਥੇ ਉਹਨਾਂ ਦੀ ਤੀਜੀ ਅਤੇ ਛੋਟੀ ਪਤਨੀ ਹਾਜਰਾਂ ਜੀ ਦੀ ਕੁੱਖੋਂ ਉਹਨਾਂ ਦੇ ਵੱਡੇ ਪੁੱਤਰ ਇਸਮਾਇਲ ਦਾ ਜਨਮ ਹੋਇਆ। ਰੱਬ ਵੱਲੋਂ ਮਿਲੇ ਹੁਕਮ ਅਨੁਸਾਰ ਉਹਨਾਂ ਅਪਣੀ ਪਤਨੀ ਹਾਜਰਾਂ ਅਤੇ ਲਗਭਗ ਇੱਕ ਸਾਲ ਦੇ ਪੁੱਤਰ ਇਸਮਾਇਲ ਨੂੰ ਅਰਬ ਦੇ ਤਪਦੇ ਮਾਰਥੂਲ (ਅੱਜ ਦਾ ਮੱਕਾ) ਵਿੱਚ ਛੱਡ ਕੇ ਚਲੇ ਗਏ ਸਨ। ਬਾਅਦ ਵਿੱਚ ਉਹਨਾਂ ਦੀ ਵੱਡੀ ਪਤਨੀ ਸਾਇਰਾ ਜੀ ਦੀ ਕੁੱਖੋ ਉਹਨਾਂ ਦੇ ਦੂਜੇ ਪੁੱਤਰ ਇਸਹਾਕ ਦਾ ਜਨਮ ਹੋਇਆ। ਇਬਰਾਹੀਮ (ਅਲਹੈ.) ਨੂੰ ਆਪਣੇ ਵੱਡੇ ਪੁੱਤਰ ਨਾਲ ਇਸ ਕਰਕੇ ਜਿਆਦਾ ਮੋਹ ਸੀ ਕਿਉਂਕਿ ਉਹ ਅਰਬ ਦੇ ਤਪਦੇ ਮਾਰੂਥਲ ਵਿੱਚ ਇੱਕਲੀ ਮਾਂ ਕੋਲ ਪਰਵਰਿਸ਼ ਪਾ ਰਿਹਾ ਸੀ। ਉਹ ਸਾਲ-ਛੇ ਮਹੀਨਿਆਂ ਮਗਰੋਂ ਆਪਣੀ ਪਤਨੀ ਅਤੇ ਬੱਚੇ ਨੂੰ ਮਿਲਣ ਲਈ ਮੱਕੇ ਜਾਇਆ ਕਰਦੇ ਸਨ। ਇਸਮਾਇਲ ਦਸ ਸਾਲ ਦਾ ਹੋ ਚੁੱਕਾ ਸੀ। ਇੱਕ ਵਾਰ ਇਬਰਾਹੀਮ (ਅਲਹੈ.) ਮੱਕਾ ਵਿਖੇ ਆਏ ਹੋਏ ਸਨ। ਰਾਤੀ ਸੌਂਦੇ ਸਮੇਂ ਉਹਨਾਂ ਨੂੰ ਸੁਪਨੇ ਵਿੱਚ ਰੱਬ ਵੱਲੋਂ ਹੁਕਮ ਹੁੰਦਾਂ ਹੈ ਕਿ, ਉ ਐ ਇਬਰਾਹੀਮ .. ਆਪਣੀ ਸਭ ਤੋਂ ਪਿਆਰੀ ਚੀਜ ਮੇਰੇ ਲਈ ਕੁਰਬਾਨ ਕਰ ਦਿਓ" ਅਗਲੇ ਦਿਨ ਇਬਰਾਹੀਮ (ਅਲਹੈ.) 100 ਊਠ ਕੁਰਬਾਨ ਕਰ ਦਿੰਦੇ ਹਨ। ਦੂਸਰੀ ਰਾਤ ਸੌਂਦੇ ਸਮੇਂ ਉਹਨਾਂ ਨੂੰ ਉਹੀ ਸੁਪਨਾ ਫਿਰ ਆਉਂਦਾ ਹੈ। ਦਿਨ ਚੜ੍ਹਦਾ ਹੈ ਤਾਂ ਇਬਰਾਹੀਮ (ਅਲਹੈ.) 100 ਊਠ ਹੋਰ ਕੁਰਬਾਨ ਕਰ ਦਿੰਦੇ ਹਨ ਪਰ ਤੀਸਰੀ ਰਾਤ ਸੌਂਦੇ ਸਮੇਂ ਸੁਪਨੇ ਦਾ ਸਿਲਸਿਲਾ ਬੰਦ ਨਹੀਂ ਹੁੰਦਾਂ। ਸਵੇਰੇ ਉੱਠ ਕਿ ਇਬਰਾਹੀਮ (ਅਲਹੈ.) ਉਦਾਸ ਬੈਠੇ ਸੋਚ ਰਹੇ ਸਨ। ਇਸਮਾਇਲ ਆਪਣੇ ਬੁੱਢੇ ਬਾਪ ਦੀ ਪ੍ਰੇਸ਼ਾਨੀ ਜਾਨਣ ਦੀ ਜਿੱਦ ਕਰਦਾ ਹੈ ਤਾਂ ਇਬਰਾਹੀਮ (ਅਲਹੈ.) ਤਿਨੋਂ ਰਾਤਾਂ ਦੇ ਆਏ ਸੁਪਨੇ ਦਾ ਹਾਲ ਦੱਸਦੇ ਹਨ। ਉ ਮੇਰਾ ਰੱਬ ਮੇਰੀ ਸਭ ਤੋਂ ਪਿਆਰੀ ਚੀਜ ਦੀ ਕੁਰਬਾਨੀ ਮੰਗਦਾ ਹੈ" ਦੱਸਦਿਆਂ ਬਾਪ (ਇਬਰਾਹੀਮ) ਦੀਆਂ ਅੱਖਾਂ ਭਰ ਆਉਦੀਂਆਂ ਹਨ। ਹੋਣਹਾਰ ਪੁੱਤਰ ਆਪਣੇ ਬੁੱਢੇ ਬਾਪ ਦੀਆਂ ਅੱਖਾਂ ਸਾਫ ਕਰਦਾ ਹੋਇਆ ਕਹਿੰਦਾਂ ਹੈ। ਉ ਅੱਬਾ ਜੀ (ਬਾਪੂ ਜੀ) ਮੈਂ ਆਪਣੇ ਰੱਬ ਅਤੇ ਆਪਣੇ ਬਾਪ ਦੀ ਖੁਸ਼ੀ ਲਈ ਹਾਜਰ ਹਾਂ, ਮੈਨੂੰ ਲੈ ਚਲੋ ਅਤੇ ਮੇਰੀ ਕੁਰਬਾਨੀ ਕਰਕੇ ਆਪਣਾ ਫਰਜ਼ ਪੂਰਾ ਕਰੋ ਕਿਉਂਕਿ ਮੈਨੂੰ ਪਤਾ ਹੈ ਕਿ ਮੈ ਹੀ ਤੁਹਾਡੀ ਸਭ ਤੋਂ ਪਿਆਰੀ ਚੀਜ ਹਾਂ"। ਇਬਰਾਹੀਮ (ਅਲਹੈ.) 10 ਸਾਲਾਂ ਦੇ ਆਪਣੇ ਲਾਡਲੇ ਸਪੁੱਤਰ ਨੂੰ ਲੈ ਕੇ ਤੁਰਦੇ ਹਨ ਅਤੇ ਮੱਕੇ ਤੋਂ 5 ਮੀਲ ਦੂਰ ਮੀਨਾਹ ਨਾਮੀ ਜਗ੍ਹਾ ਤੇ ਇੱਕ ਪਹਾੜੀ ਦੇ ਉੱਪਰ ਚੜ੍ਹ ਕੇ ਇੱਕ ਸਖਤ ਚਟਾਨ ਤੇ ਇਸਮਾਇਲ ਨੂੰ ਲਿਟਾ ਲੈਂਦੇ ਹਨ ਤੇ ਤੇਜ਼ ਧਾਰ ਛੁਰੀ ਹੱਥ ਵਿੱਚ ਫੜ ਲੈਂਦੇ ਹਨ। ਇਸਮਾਇਲ ਕਹਿੰਦਾਂ ਹੈ ਕਿ ਪਿਤਾ ਜੀ , ਆਪਣੀਆਂ ਅੱਖਾਂ ਉੱਪਰ ਕੱਪੜਾ ਬੰਨ ਲਵੋ, ਕਿਤੇ ਅਜਿਹਾ ਨਾ ਹੋਵੇ ਕਿ ਮੇਰਾ ਚੇਹਰਾ ਦੇਖ ਕਿ ਤੁਹਾਡੇ ਹੱਥ ਕੰਬ ਜਾਣ ਅਤੇ ਖੁਦਾ ਦੇ ਹੁਕਮ ਦੀ ਨਾਫਰਮਾਨੀ ਹੋ ਜਾਵੇ। ਇਬਰਾਹੀਮ (ਅਲਹੈ.) ਦੁਆਰਾ ਅੱਖਾਂ ਤੇ ਕੱਪੜਾ ਬੰਨ ਕਿ ਆਪਣੇ ਬੇਟੇ ਦੀ ਗਰਦਨ ਤੇ ਛੁਰੀ ਚਲਾਈ ਗਈ ,ਪਰ ਰੱਬ ਦੇ ਹੁਕਮ ਦੇ ਨਾਲ ਫਰਿਸਤੇ ਨੇ ਛੁਰੀ ਹੇਠੋਂ ਇਸਮਾਈਲ ਨੂੰ ਹਟਾ ਕੇ ਦੁੰਬਾ ਲਿਟਾ ਦਿੱਤਾ ਅਤੇ ਰੱਬ ਵੱਲੋਂ ਹੁਕਮ ਹੁੰਦਾ ਹੈ ਕਿ ਐ ਇਬਰਾਹੀਮਤੇਰੀ ਅਤੇ ਤੇਰੇ ਪੁੱਤਰ ਦੀ ਕੁਰਬਾਨੀ ਕਬੂਲ ਕਰ ਲਈ ਗਈ ਹੈ। ਅੱਜ ਹਜ਼ਾਰਾਂ ਸਾਲ ਬਾਅਦ ਪੂਰੀ ਦੁਨੀਆਂ ਦੇ ਮੁਸਲਮਾਨ ਇਬਰਾਹੀਮ ਅਤੇ ਉਹਨਾਂ ਦੇ ਪੁੱਤਰ ਇਸਮਾਈਲ ਦੀ ਕੁਰਬਾਨੀ ਦੀ ਯਾਦ ਵਿੱਚ ਇਸਲਾਮੀ ਕੈਲੰਡਰ ਦੇ ਬਾਹਰਵੇਂ ਮਹੀਨੇ ਦੀ ਦਸਵੀਂ, ਗਿਆਰਵੀਂ ਅਤੇ ਬਾਰਵੀਂ ਤਾਰੀਖ ਨੂੰ ਚੋਪਈ ਜਾਨਵਰ ਦੀ ਕੁਰਬਾਨੀ ਕਰਦੇ ਹਨ। ਵਰਣਨ ਯੋਗ ਹੈ ਕਿ ਚੋਪਈ ਜਾਨਵਰ ਕੇਵਲ ਉਹ ਜਿਹੜੇ ਇਸਲਾਮੀ ਨਿਯਮਾਂ ਅਨੁਸਾਰ ਹਲਾਲ ਹਨ, ਭਾਵ ਭੇਡ, ਬੱਕਰਾ, ਦੁਮਬਾ, ਮੈਸ, ਊਠ ਆਦਿ। ਈਦ-ਉਲ-ਅਜਹਾ ਵਾਲੇ ਦਿਨ ਲੋਕ ਆਪਣੀ ਹੈਸੀਅਤ ਦੇ ਅਨੁਸਾਰ ਨਵੇਂ ਕੱਪੜੇ ਪਾ ਕੇ ਈਦ ਦੀ ਨਮਾਜ਼ ਪੜ੍ਹਦੇ ਹਨ। ਇਸ ਤੋਂ ਬਾਅਦ ਜਿਨ੍ਹਾਂ ਨੇ ਕੁਰਬਾਨੀ ਕਰਨੀ ਹੁੰਦੀ ਹੈ ਉਹ ਈਦ ਦੇ ਤਿੰਨੋਂ ਦਿਨਾਂ 'ਚ ਕਿਸੇ ਵੀ ਦਿਨ ਕੁਰਬਾਨੀ ਕਰ ਸਕਦੇ ਹਨ। ਕੁਰਬਾਨੀ ਦੇ ਗੋਸ਼ਤ ਦੇ ਤਿੰਨ ਬਰਾਬਰ ਹਿੱਸੇ ਕੀਤੇ ਜਾਂਦੇ ਹਨ ਇੱਕ ਹਿੱਸਾ ਕੁਰਬਾਨੀ ਕਰਨ ਵਾਲੇ ਲਈ, ਇੱਕ ਹਿੱਸਾ ਗਰੀਬਾਂ ਲਈ ਅਤੇ ਇੱਕ ਹਿੱਸਾ ਰਿਸ਼ਤੇਦਾਰਾਂ ਲਈ ਰੱਖਿਆ ਜਾਂਦਾ ਹੈ। ਕੁਰਬਾਨੀ ਕੀਤੇ ਜਾਨਵਰ ਦੀ ਖੱਲ੍ਹ ਜੇਕਰ ਘਰ ਵਿੱਚ ਨਹੀਂ ਵਰਤੀ ਜਾਂਦੀ ਤਾਂ ਉਸ ਨੂੰ ਵੇਚ ਕੇ ਉਸ ਦੀ ਪ੍ਰਾਪਤ ਕੀਤੀ ਕੀਮਤ ਕਿਸੇ ਵਿਧਵਾ, ਯਤੀਮ ਜਾਂ ਕਿਸੇ .ਗਰੀਬ ਨੂੰ ਦਿੱਤੀ ਜਾਂਦੀ ਹੈ। ਕੁਰਬਾਨੀ ਦੇ ਗੌਸ਼ਤ ਦਾ ਇੱਕ ਹਿੱਸਾ ਗਰੀਬਾਂ ਲਈ ਰਾਖਵਾਂ ਰੱਖ ਕਿ ਗਰੀਬਾਂ, ਯਤੀਮਾਂ, ਵਿਧਵਾਵਾਂ ਆਦਿ ਨੂੰ ਵੀ ਈਦ ਦੀ ਖੁਸ਼ੀ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇੱਥੇ ਇਹ ਗੱਲ ਧਿਆਨ ਵਾਲੀ ਹੈ ਕਿ ਰੱਬ ਕਹਿੰਦਾਂ ਹੈ ਕਿ ਮੇਰੇ ਤੱਕ ਨਾ ਤਾਂ ਕੁਰਬਾਨੀ ਦਾ ਗੋਸ਼ਤ ਪਹੁੰਚਦਾ ਹੈ, ਨਾ ਹੀ ਪਸ਼ੂ ਦਾ ਖੂਨ ਅਤੇ ਨਾ ਹੀ ਖੱਲ੍ਹ ਆਦਿ ਸਗੋਂ ਮੇਰੇ ਤੱਕ ਤਾਂ ਕੁਰਬਾਨੀ ਕਰਨ ਵਾਲੇ ਦੀ ਨਿਯਤ, ਤਕਬਾ (ਡਰ) ਪਹੁੰਚਦਾ ਹੈ ਇਸਦਾ ਭਾਵ ਇਹ ਹੈ ਕਿ ਕੁਰਬਾਨੀ ਆਪਣੇ ਰੱਬ ਨੂੰ ਖੁਸ਼ ਕਰਨ ਲਈ ਹੋਣੀ ਚਾਹੀਦੀ ਹੈ ਨਾ ਕਿ ਲੋਕ ਦਿਖਾਵੇ ਲਈ।



ਕਿੰਨਾ ਚੰਗਾ ਹੋਵੇ ਜੇ ਅੱਜ ਦਾ ਮੁਸਲਮਾਨ ਕੁਰਬਾਨੀ ਦੇ ਇਸ ਹੁਕਮ ਨੂੰ ਪੂਰਾ ਕਰਨ ਦੇ ਨਾਲ-ਨਾਲ ਆਪਣੇ ਝੂਠੇ ਹੰਕਾਰ, ਨਫਸ ਅਤੇ ਅਜਿਹੇ ਸੋੜ੍ਹੇ ਨਿੱਜੀ ਹਿੱਤਾਂ ਦੀ ਕੁਰਬਾਨੀ ਵੀ ਦੇਵੇ ਜਿਸ ਨਾਲ ਕੌਮ , ਦੇਸ਼ ਅਤੇ ਸਮਾਜ ਨੂੰ ਨੁਕਸਾਨ ਪੁੱਜਦਾ ਹੋਵੇ। ਗਰੀਬਾਂ, ਵਿਧਵਾਵਾਂ, ਯਤੀਮਾਂ ਅਤੇ ਹੋਰ ਲੋੜਮੰਦਾਂ ਲਈ ਆਪਣੀਆਂ ਜਰੂਰਤਾਂ ਦੀ ਕੁਰਬਾਨੀ ਦੇਣ ਲਈ ਹਰ ਵਕਤ ਤਿਆਰ ਰਹੇ। ਇਸ ਤਰ੍ਹਾਂ ਕਰਕੇ ਹੀ ਕੁਰਬਾਨੀ ਦੀ ਅਸਲ ਰੂਹ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਪਰ ਅੱਜ ਦਾ ਮਨੁੱਖ ਪਦਾਰਥਵਾਦ ਦੇ ਪ੍ਰਭਾਵ ਕਾਰਨ ਸਮੂਹਿਕ ਹਿੱਤਾਂ ਦੇ ਨਾਲੋਂ ਨਿੱਜੀ ਹਿੱਤਾਂ ਨੂੰ ਪ੍ਰਮੁੱਖਤਾ ਦੇਣ ਲੱਗਾ ਹੈ।

ਇਸੀ ਨਿੱਜਤਾ ਦੇ ਕਾਰਨ ਹੀ ਚਿੰਤਾਵਾਂ ਵਿੱਚ ਗ੍ਰਹਿਸਤ ਹੋ ਕਿ ਅਨੇਕਾਂ ਬੀਮਾਰੀਆਂ ਨੂੰ ਲਗਾ ਬੈਠਾ ਹੈ। ਮਨੁੱਖ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਅਸਲ ਖੁਸ਼ੀ ਦਾ ਅਹਿਸਾਸ ਤਿਉਹਾਰਾਂ ਨੂੰ ਰਲ-ਮਿਲਕੇ ਮਨਾਉਣ ਵਿੱਚ ਹੀ ਹੈ।ਇਸ ਲਈ ਸਾਨੂੰ ਚਾਹੀਦਾ ਹੈ ਕਿ ਅਸੀਂ ਤਿਉਹਾਰਾਂ ਨੂੰ ਮਨਾਉਂਦੇ ਸਮੇਂ ਫਜ਼ੂਲ ਖਰਚਿਆਂ ਨੂੰ ਛੱਡ ਕਿ ਉਹੀ ਪੈਸਾ ਦੀਨ-ਦੁਖੀਆਂ, ਬੇਸਹਾਰਾ ਲੋਕਾਂ ਤੇ ਲਗਾ ਕਿ ਸੱਚੀ ਖੁਸ਼ੀ ਨੂੰ ਮਹਿਸੂਸ ਕਰੀਏ। ਕਹਿੰਦੇ ਹਨ ਆਪਣੇ ਲਈ ਤਾਂ ਹਰ ਕੋਈ ਜਿਉਂਦਾ ਹੈ ਪਰ ਦੁਨੀਆ ਉਹਨਾਂ ਲੋਕਾਂ ਨੂੰ ਯਾਦ ਰੱਖਦੀ ਹੈ ਜਿਹੜੇ ਆਪਣਾ ਸਮੁੱਚਾ ਜੀਵਨ ਦੂਜਿਆਂ ਦੇ ਮਦੱਦ ਅਤੇ ਸੇਵਾ ਕਰਨ ਦੇ ਲੇਖੇ ਲਗਾ ਦਿੰਦੇ ਹਨ।



## 15 ਅਗਸਤ, 2019 ਲਈ ਅਜ਼ਾਦੀ ਦਿਵਸ ਸਬੰਧੀ ਵਿਸ਼ੇਸ਼

# ਦੇਸ਼ ਦੀ ਅਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਸ਼ਹੀਦਾਂ ਦੇ ਅਧੂਰੇ ਪਏ ਸੁਪਨੇ, ਬਹੁਤੇ ਲੋਕਾਂ ਤੱਕ ਨਹੀਂ ਪਹੁੰਚੀ ਅਜ਼ਾਦੀ ਦੀ ਰੋਸ਼ਨੀ


ਕੁਲਦੀਪ ਚੰਦ
91-94175-63054

ਅਸੀਂ ਪਿਛਲੇ 72 ਸਾਲਾਂ ਵਾਂਗ ਅੱਜ ਦੇਸ਼ ਦਾ ਅਜ਼ਾਦੀ ਦਿਹਾੜਾ ਮਨਾ ਰਹੇ ਹਾਂ ਅਤੇ ਦੇਸ਼ ਵਿੱਚ ਵੱਡੇ ਵੱਡੇ ਸਮਾਗਮ ਕੀਤੇ ਜਾ ਰਹੇ ਹਨ ਜਿਨ੍ਹਾਂ ਵਿੱਚ ਰਾਸਟਰੀ ਝੰਡਾ ਲਹਿਰਾਇਆ ਜਾਵੇਗਾ ਅਤੇ ਵੱਡੇ ਵੱਡੇ ਰਾਜਨੇਤਾ ਅਤੇ ਅਧਿਕਾਰੀ ਲੋਕਾਂ ਨੂੰ ਅਜ਼ਾਦੀ ਦੇ ਮਹੱਤਵ ਅਤੇ ਅਜ਼ਾਦੀ ਤੋਂ ਬਾਦ ਹੋਏ ਵਿਕਾਸ ਸਬੰਧੀ ਲੰਬੇ ਲੰਬੇ ਭਾਸਣ ਦੇਣਗੇ। ਸਾਡਾ ਦੇਸ਼ ਲੰਬਾ ਸਮਾਂ ਗੁਲਾਮ ਰਿਹਾ ਹੈ ਪਹਿਲਾਂ ਮੁਗਲਾਂ ਅਤੇ ਫਿਰ ਅੰਗਰੇਜਾਂ ਕੋਲ ਅਤੇ ਇਸਨੂੰ ਅਜ਼ਾਦ ਕਰਵਾਉਣ ਲਈ ਅਣਗਿਣਤ ਦੇਸ਼ਭਗਤਾਂ ਨੇ ਲੜਾਈਆਂ ਲੜੀਆਂ ਤੇ ਕੁਰਬਾਨੀਆਂ ਦਿਤੀਆਂ ਜਿਸਤੋਂ ਬਾਦ ਆਖਿਰ 15 ਅਗੱਸਤ 1947 ਨੂੰ ਸਾਨੂੰ ਅਜ਼ਾਦੀ ਹਾਸਲ ਹੋਈ ਪਰੰਤੂ ਦੁੱਖ ਦੀ ਗੱਲ ਹੈ ਕਿ ਇਸ ਅਜ਼ਾਦੀ ਦੀ ਰੋਸ਼ਨੀ ਅਜੇ ਤੱਕ ਵੀ ਬਹੁਤੇ ਦੇਸ਼ਵਾਸੀਆਂ ਤੱਕ ਨਹੀਂ ਪਹੁੰਚੀ ਹੈ ਅਤੇ ਉਹ ਅਜੇ ਵੀ ਗੁਲਾਮਾਂ ਵਰਗਾ ਜੀਵਨ ਜੀਅ ਰਹੇ ਹਨ। ਅਜ਼ਾਦੀ ਦੇ 72 ਸਾਲ ਬੀਤਣ ਦੇ ਬਾਬਜੂਦ ਬਹੁਤੇ ਲੋਕ ਮੁਢਲੀਆਂ ਸਹੂਲਤਾਂ ਲਈ ਤਰਸ ਰਹੇ ਹਨ ਅਤੇ ਇਸ ਅਜ਼ਾਦੀ ਲਈ ਕੁਰਬਾਨੀਆਂ ਦੇਣ ਵਾਲੇ ਦੇਸ਼ ਭਗਤਾਂ ਦੇ ਸੁਪਨੇ ਅਧੂਰੇ ਪਏ ਹਨ। ਦੇਸ਼ ਵਿੱਚ ਬਹੁਤੇ ਲੋਕ ਗਰੀਬੀ, ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਦੇ ਸ਼ਿਕਾਰ ਹਨ ਅਤੇ ਇਨ੍ਹਾਂ ਲੋਕਾਂ ਨੂੰ ਜੀਵਨ ਜਿਉਣ ਲਈ ਮੁਢਲੇ ਜ਼ਰੂਰੀ ਸਾਧਨ ਵੀ ਉਪਲਬੱਧ ਨਹੀਂ ਹੋਏ ਹਨ। ਆਰਥਿਕ ਵਿਕਾਸ ਦੇ ਵੱਡੇ ਵੱਡੇ ਦਾਅਵੇ ਕਰਨ ਵਾਲੀਆਂ ਸਰਕਾਰਾਂ ਨੂੰ ਇਹ ਸਭ ਨਜ਼ਰ ਨਹੀਂ ਆ ਰਿਹਾ ਅਤੇ ਸਿਰਫ ਵੱਡੀਆਂ-ਵੱਡੀਆਂ ਇਮਾਰਤਾਂ ਹੀ ਨਜਰ ਆਂਦੀਆਂ ਹਨ ਕਦੇ ਕਿਸੇ ਗਰੀਬ ਦੀ ਕੁਲੀ ਵੱਲ ਨਜਰ ਨਹੀਂ ਗਈ। ਦੇਸ਼ ਦੀ ਜ਼ਿਆਦਾ ਆਬਾਦੀ ਨੂੰ ਅੱਜ ਵੀ ਪੀਣ ਵਾਲਾ ਸਾਫ ਪਾਣੀ, ਵਿਦਿੱਅਕ ਅਤੇ ਸਿਹਤ ਸਹੂਲਤਾਂ ਪ੍ਰਾਪਤ ਨਹੀਂ ਹਨ, ਕਰੋੜਾਂ ਲੋਕਾਂ ਕੋਲ ਅੱਜ ਵੀ ਰਹਿਣ ਲਈ ਮਕਾਨ ਨਹੀਂ ਹਨ ਅਤੇ ਫੁੱਟਪਾਥਾਂ, ਰੇਲਵੇ ਸਟੇਸਨਾਂ ਆਦਿ ਤੇ ਰਾਤਾਂ ਕੱਟਦੇ ਹਨ, ਮਹਿਲਾਵਾਂ ਅਤੇ ਬੱਚੇ ਕੁਪੋਸ਼ਣ ਦਾ ਸ਼ਿਕਾਰ ਹਨ, ਕਈ ਮਹਿਲਾਵਾਂ ਨੂੰ ਪਰਿਵਾਰ ਦਾ ਪੇਟ ਪਾਲਣ ਲਈ ਜਿਸਮ ਤੱਕ ਵੇਚਣੇ ਪੈਂਦੇ ਹਨ। ਬਹੁਤੇ ਲੋਕ ਦਵਾਈਆਂ ਨਾਂ ਮਿਲਣ ਕਾਰਨ ਇਲਾਜ਼ ਬਿਨਾਂ ਮਰ ਜਾਂਦੇ ਹਨ ਜਦਕਿ ਸਾਡੇ ਬਹੁਤੇ ਮੰਤਰੀ ਸੰਤਰੀ ਛੋਟੀ-ਛੋਟੀ ਬਿਮਾਰੀ ਹੋਣ ਤੇ ਵੀ ਵਿਦੇਸ਼ਾਂ ਵਿੱਚ ਸਰਕਾਰੀ ਖਰਚੇ ਤੇ ਮਹਿੰਗੇ ਇਲਾਜ਼ ਕਰਵਾਂਦੇ ਹਨ। ਹਰ ਸਾਲ ਲੱਖਾਂ ਟਨ ਆਨਾਜ ਗੋਦਾਮਾਂ ਵਿੱਚ ਸੜ ਰਿਹਾ ਹੈ ਪਰ ਸਰਕਾਰੀ ਅਧਿਕਾਰੀ ਕਿਸੇ ਗਰੀਬ ਦੇ ਮੂੰਹ ਵਿੱਚ ਨਹੀਂ ਪੈਣ ਦਿੰਦੇ ਹਨ, ਉਲਟਾ ਆਨਾਜ ਦੀ ਥੁੜ੍ਹ ਦੱਸ ਕੇ ਬਾਹਰਲੇ ਦੇਸ਼ਾਂ ਤੋਂ ਆਨਾਜ ਮੰਗਵਾਂਦੇ ਹਨ ਅਤੇ ਕਮੀਸ਼ਨਾਂ ਨਾਲ ਆਪਣੀਆਂ ਤਿਜੋਰੀਆਂ ਭਰਦੇ ਹਨ। ਇੱਕ ਗਰੀਬ ਵਿਅਕਤੀ ਦਿਨ ਭਰ ਦੀ ਹੱਡ ਭੰਨਵੀ ਮਿਹਨਤ ਕਰਕੇ ਦੋ ਵਕਤ ਦੀ ਰੋਟੀ ਬੜੀ ਮੁਸ਼ਕਿਲ ਨਾਲ ਖਾਂਦਾ ਹੈ ਦੂਸਰੇ ਪਾਸੇ ਸਾਡੇ ਬਹੂਤੇ ਰਾਜਨੇਤਾ, ਮੰਤਰੀ ਅਤੇ ਸਰਕਾਰੀ ਅਧਿਕਾਰੀ ਸਰਕਾਰ ਤੋਂ ਤਨਖਾਹ ਵੀ ਲੈਂਦੇ ਹਨ ਅਤੇ ਲੋਕਾਂ ਦੇ ਕੰਮ ਕਰਨ ਦੇ ਬਦਲੇ ਰਿਸ਼ਵਤ ਵੀ ਲੈਂਦੇ ਹਨ। ਸਭਤੋਂ ਵੱਡੇ ਲੋਕਤੰਤਰਿਕ ਦੇਸ਼ ਵਿੱਚ ਕਾਨੂੰਨ ਇਸ ਤਰ੍ਹਾਂ ਲਾਗੂ ਕੀਤਾ ਜਾਂਦਾ




ਹੈ ਕਿ ਅਮੀਰ ਜੁਰਮ ਕਰਕੇ ਵੀ ਬਚ ਜਾਂਦਾ ਹੈ ਪਰ ਗਰੀਬ ਜੁਰਮ ਨਾ ਕਰਕੇ ਵੀ ਫਸ ਜਾਂਦਾ ਹੈ। ਹਜਾਰਾਂ ਰੁਪਏ ਦੇ ਕਰਜ਼ਦਾਰ ਗਰੀਬ ਨੂੰ ਤਾਂ ਬੈਂਕ ਅਤੇ ਪ੍ਰਸ਼ਾਸ਼ਨ ਇੰਨਾ ਤੰਗ ਪ੍ਰੇਸ਼ਾਨ ਕਰਦਾ ਹੈ ਕਿ ਉਹ ਆਤਮਹੱਤਿਆ ਤੱਕ ਕਰ ਲੈਂਦਾ ਹੈ ਪਰ ਦੂਜੇ ਪਾਸੇ ਵਿਜੇ ਮਾਲੀਆ, ਨੀਰਵ ਮੋਦੀ ਵਰਗੇ ਲੋਕ ਕਰੋੜ੍ਹਾਂ ਰੁਪਏ ਲੈਕੇ ਵਿਦੇਸ਼ਾਂ ਨੂੰ ਭੱਜ ਜਾਂਦੇ ਹਨ। ਬਹੁਤੇ ਮੰਤਰੀ ਅਤੇ ਅਧਿਕਾਰੀ ਕਾਨੂੰਨ ਤੋਂ ਵੀ ਉਪਰ ਹਨ ਅਤੇ ਅਪਰਾਧ ਕਰਕੇ ਵੀ ਆਜ਼ਾਦ ਘੁੰਮਦੇ ਹਨ ਅਤੇ ਕਾਨੂੰਨ ਦਾ ਮਜ਼ਾਕ ਉਡਾਉਂਦੇ ਹਨ। ਸਾਡੇ ਦੇਸ਼ ਦੇ ਬਹੁਤੇ ਬੱਚੇ ਸਕੂਲ ਜਾਣ ਦੀ ਉਮਰੇ ਵੀ ਸਿਰ ਤੇ ਮੈਲ ਢੋਕੇ ਆਪਣਾ ਢਿੱਡ ਭਰਦੇ ਹਨ ਕੂੜੇ ਦੇ ਢੇਰਾਂ ਤੇ ਕਾਗਜ ਇਕੱਠੇ ਕਰਦਿਆਂ ਬਚਪਨ ਗੁਜਾਰਦੇ ਹਨ। ਬਹੁਤੇ ਰਾਜਨੀਤਿਕ ਆਗੂ ਆਏ ਦਿਨ ਗਿਰਗਿਟ ਵਾਂਗ ਰੰਗ ਬਦਲਦੇ ਹਨ ਅਤੇ ਰਾਜਨੀਤਿਕ ਲਾਭ ਲੈਣ ਲਈ ਭੋਲੇ ਭਾਲੇ ਲੋਕਾਂ ਨੂੰ ਲੈਕੇ ਰੋਸ ਪ੍ਰਦਰਸ਼ਨ ਕਰਦੇ ਹਨ। ਇਹ ਆਗੂ ਅਕਸਰ ਰਾਜਨੀਤਿਕ ਪਾਰਟੀਆਂ ਵੀ ਬਦਲਦੇ ਹਨ ਅਤੇ ਰਾਤੋ ਰਾਤ ਇੱਕ ਨੰਬਰ ਦੀ ਦੁਸ਼ਮਣ ਅਤੇ ਦੇਸ਼ ਵਿਰੋਧੀ ਪਾਰਟੀ ਇਨ੍ਹਾਂ ਨੂੰ ਜਾਨ ਤੋਂ ਪਿਆਰੀ ਲੱਗਣ ਲੱਗ ਜਾਂਦੀ ਹੈ। ਬਹੁਤੇ ਪਰਿਵਾਰਾਂ ਵਿੱਚ ਤਾਂ ਵੱਖ-ਵੱਖ ਮੈਂਬਰ ਵੱਖ ਵੱਖ ਰਾਜਨੀਤਿਕ ਪਾਰਟੀਆਂ ਵਿੱਚ ਬੈਠੇ ਹੋਏ ਹਨ। ਸਾਡੇ ਦੇਸ ਵਿੱਚ ਫੈਲੀਆਂ ਸੈਕੜ੍ਹੇ ਸਮਾਜਿਕ ਕੁਰਿਤੀਆਂ ਨਸ਼ੇ, ਜਾਤਿ ਪ੍ਰਥਾ, ਦਾਜ ਪ੍ਰਥਾ, ਬਾਲ ਵਿਆਹ ਪ੍ਰਥਾ, ਸਤੀ ਪ੍ਰਥਾ, ਬਾਲ ਮਜਦੂਰੀ, ਧਰਮ, ਜਾਤਿ ਦੇ ਨਾਮ ਤੇ ਕੀਤੇ ਜਾ ਰਹੇ ਅਤਿਆਚਾਰ ਬਹੁਤੇ ਰਾਜਨੀਤਿਕ ਆਗੂਆਂ ਲਈ ਸਿਰਫ ਚੋਣ ਮੁੱਦਾ ਹੀ ਰਹਿੰਦੇ ਹਨ। ਵਿਧਾਨ ਸਭਾਵਾਂ, ਸੰਸਦ ਵਿੱਚ ਬੈਠੇ ਹਜਾਰਾਂ ਵਿਧਾਇਕ ਅਤੇ ਸਾਂਸਦ ਅਪਣੀਆਂ ਸਹੂਲਤਾਂ ਲਈ ਇੱਕਮੁੱਠ ਹੋ ਜਾਂਦੇ ਹਨ ਜਦਕਿ ਲੋਕਾਂ ਦੀਆਂ ਸਹੂਲਤਾਂ ਵਾਲੇ ਬਿੱਲ ਸਾਲਾਂ ਵੱਧੀ ਲਟਕਦੇ ਰਹਿੰਦੇ ਹਨ। ਸਾਡੇ ਦੇਸ ਵਿੱਚ ਆਮ ਵਿਅਕਤੀ ਦੀ ਜਿੰਦਗੀ ਦੀ ਅਹਮੀਅਤ ਜਾਨਵਰਾਂ ਨਾਲੋਂ ਵੀ ਘੱਟ ਹੈ। ਧਰਮ ਦੇ ਅਧਾਰ ਤੇ ਵਿਸ਼ੇਸ਼ ਜਾਨਵਰ ਮਰਨ ਤੇ ਬਹੁਤ ਵਾਰ ਬਬਾਲ ਮਚਦਾ ਹੈ ਪਰ ਕਈ ਵਿਅਕਤੀਆਂ ਦੇ ਮਰਨ ਤੇ ਕੋਈ ਅਫਸੋਸ ਵੀ ਪ੍ਰਗਟ ਨਹੀਂ ਕਰਦਾ ਹੈ। ਦੇਸ਼ ਵਿੱਚ ਮੰਤਰੀਆਂ ਨੂੰ ਘੋਟਾਲੇ ਕਰਨ ਦੀ ਆਜ਼ਾਦੀ, ਸਰਕਾਰੀ ਕਰਮਚਾਰੀਆਂ ਅਤੇ ਅਫਸਰਾਂ ਨੂੰ ਰਿਸ਼ਵਤ ਲੈਣ ਦੀ ਆਜ਼ਾਦੀ, ਮਿਲਾਵਟਖੋਰਾਂ ਨੂੰ ਮਿਲਾਵਟ ਕਰਨ ਦੀ ਆਜ਼ਾਦੀ, ਡਾਕਟਰਾਂ ਨੂੰ ਮਰੀਜ਼ਾਂ ਦੀ ਜਾਨ ਨਾਲ ਖੇਡਣ ਦੀ ਆਜ਼ਾਦੀ, ਪੁਲਿਸ ਨੂੰ ਜਨਤਾ ਤੇ ਅਤਿਆਚਾਰ ਕਰਨ ਦੀ ਆਜ਼ਾਦੀ, ਠੇਕੇਦਾਰਾਂ ਨੂੰ ਘਟੀਆਂ ਨਿਰਮਾਣ ਕਰਨ ਦੀ ਆਜ਼ਾਦੀ, ਸਰਕਾਰੀ ਅਧਿਆਪਕਾਂ ਨੂੰ ਵਿਦਿੱਅਕ ਅਦਾਰਿਆਂ ਵਿੱਚ ਨਾ ਪੜ੍ਹਾਉਣ ਦੀ ਆਜ਼ਾਦੀ ਮਿਲੀ ਹੋਈ ਹੈ। ਬਹੁਤੇ ਜਨਤਕ ਅਦਾਰੇ ਜਿਹੜੇ ਜਨਤਾ ਦੇ ਦਿੱਤੇ ਟੈਕਸਾਂ ਨਾਲ ਬਣਾਏ ਗਏ ਹਨ ਨੂੰ ਪ੍ਰਾਈਵੇਟ ਹੱਥਾਂ ਕੋਲ ਕੋਡੀਆਂ ਦੇ ਭਾਅ ਵੇਚਿਆ ਜਾ ਰਿਹਾ ਹੈ। ਇਨ੍ਹਾਂ ਨੂੰ ਖਰੀਦਣ ਵਾਲੇ ਵੀ ਮੰਤਰੀਆਂ ਦੇ ਰਿਸ਼ਤੇਦਾਰ ਅਤੇ ਸੰਗੀ ਸਾਥੀ ਹੀ ਹਨ। ਦੇਸ਼ ਦੇ ਵਿਕਾਸ ਵਿੱਚ ਵੱਡਾ ਹਿੱਸਾ ਪਾਣ ਵਾਲੇ ਕਿਸਾਨ ਅਤੇ ਮਜਦੂਰ ਸਰਕਾਰਾਂ ਦੀਆਂ ਬਦਨੀਤੀਆਂ ਕਾਰਨ ਆਤਮ ਹੱਤਿਆਵਾਂ ਕਰਨ ਲਈ ਮਜਬੂਰ ਹਨ ਅਤੇ ਸਰਕਾਰਾਂ ਫੋਕੇ ਵਿਕਾਸ ਦੇ ਦਾਅਵੇ ਕਰ ਰਹੀਆਂ ਹਨ। ਪਿਛਲੇ ਸਮੇਂ ਦੌਰਾਨ ਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਧਰਮ ਅਧਾਰਿਤ ਅਤੇ ਜਾਤ ਅਧਾਰਿਤ ਹੋਏ ਦੰਗਿਆ ਕਾਰਨ ਅਤੇ ਘੱਟ ਗਿਣਤੀਆਂ ਤੇ ਹੋ ਰਹੇ ਹਮਲਿਆਂ ਕਾਰਨ ਬਹੁਤੇ ਲੋਕ ਅਪਣੇ ਆਪ ਨੂੰ ਹੁਣ ਵੀ ਗੁਲਾਮ ਹੀ ਸਮਝਣ ਲੱਗ ਪਏ ਹਨ ਜੋ ਸਾਡੇ ਸਭ ਲਈ ਚਿੰਤਾ ਦਾ ਵਿਸ਼ਾ ਹੈ। ਵਿਕਾਸ ਦਾ ਅਧਾਰ ਮੰਨੇ ਜਾਂਦੇ ਵਿਦਿਅਕ ਅਤੇ ਸਿਹਤ ਅਦਾਰਿਆਂ ਨੂੰ ਵੀ ਸਰਕਾਰਾਂ ਨੇ ਨਿੱਜੀ ਹੱਥਾਂ ਵਿੱਚ ਦੇਕੇ ਲੋਕਾਂ ਦੀ ਲੁੱਟ ਕਰਨ ਦੀ ਖੁੱਲ ਦਿਤੀ ਹੋਈ ਹੈ। ਦੇਸ਼ ਆਜ਼ਾਦ ਹੋਣ ਤੋਂ ਬਾਅਦ ਸਾਰਿਆਂ ਨੂੰ ਬਰਾਬਰੀ ਦਾ ਹੱਕ ਮਿਲਣਾ ਚਾਹੀਦਾ ਸੀ ਪਰ ਅੱਜ ਅਮੀਰ ਹੋਰ ਅਮੀਰ ਹੁੰਦਾ ਜਾ ਰਿਹਾ ਹੈ ਅਤੇ ਗਰੀਬ ਹੋਰ ਗਰੀਬ। ਜਿੰਨੀ ਦੇਰ ਤੱਕ ਸਾਰੇ ਨਾਗਰਿਕਾਂ ਨੂੰ ਬਰਾਬਰੀ ਦਾ ਅਧਿਕਾਰ ਪ੍ਰਾਪਤ ਨਹੀਂ ਹੁੰਦਾ ਉਦੋ ਤੱਕ ਅਜਿਹੀ ਆਜ਼ਾਦੀ ਦਾ ਕੋਈ ਫਾਇਦਾ ਨਹੀਂ ਅਤੇ ਦੇਸ਼ ਲਈ ਕੁਰਬਾਨ ਹੋਣ ਵਾਲੇ ਸ਼ਹੀਦਾਂ ਦੇ ਸੁਪਨੇ ਅਧੁਰੇ ਰਹਿਣਗੇ ਅਤੇ ਇਹ ਉਦੋਂ ਹੀ ਪੂਰੇ ਹੋਣਗੇ ਜਦੋਂ ਦੇਸ ਦਾ ਆਮ ਵਿਅਕਤੀ ਸਮਾਜਿਕ, ਆਰਥਿਕ, ਰਾਜਨੀਤਿਕ ਤੋਰ ਤੇ ਅਜਾਦ ਹੋਵੇਗਾ। ਦੇਸ ਦਾ ਹਰ ਨਾਗਰਿਕ ਉਦੋਂ ਹੀ ਅਜ਼ਾਦੀ ਦੀ ਹਵਾ ਦਾ ਅਨੰਦ ਮਾਣ ਸਕੇਗਾ ਜਦੋਂ ਸਮਾਜਿਕ ਤੇ ਆਰਥਿਕ ਪਾੜਾ ਘੱਟ ਹੋਵੇਗਾ, ਆਮ ਲੋਕਾਂ ਦੀਆਂ ਸਮਸਿਆਵਾਂ ਦੇ ਹੱਲ ਅਤੇ ਵਿਕਾਸ ਲਈ ਸਰਕਾਰਾਂ ਤਨਦੇਹੀ ਨਾਲ ਕੰਮ ਕਰਨਗੀਆਂ, ਦੇਸ਼ ਵਿਚੋਂ ਭੁੱਖਮਰੀ ਖਤਮ ਹੋ ਜਾਵੇਗੀ, ਕੋਈ ਵੀ ਨਾਗਰਿਕ ਇਲਾਜ ਲਈ ਨਹੀਂ ਤਰਸੇਗਾ, ਜਾਤ ਅਤੇ ਧਰਮ ਦੇ ਅਧਾਰ ਤੇ ਹੋ ਰਿਹਾ ਵਿਤਕਰਾ ਖਤਮ ਹੋ ਜਾਵੇਗਾ।

ਅੱਜ ਅਜ਼ਾਦੀ ਦਿਵਸ ਤੇ ਸਾਨੂੰ ਸਭਨੂੰ ਇਹ ਨਿਸਚੈ ਕਰਨਾ ਹੋਵੇਗਾ ਕਿ ਇਸ ਅਜ਼ਾਦੀ ਦੀ ਹਵਾ ਦੇਸ਼ ਦੇ ਹਰ ਨਾਗਰਿਕ ਤੱਕ ਪਹੁੰਚਾਣ ਲਈ ਅਸੀਂ ਸਭ ਮਿਲਕੇ ਕੰਮ ਕਰਾਂਗੇ ਤਾਂ ਜੋ ਸਹੀ ਅਰਥਾਂ ਵਿੱਚ ਦੇਸ਼ ਵਿਕਸਿਤ ਹੋ ਸਕੇ ਅਤੇ ਭਾਰਤ ਅਸਲੀ ਅਰਥਾਂ ਵਿੱਚ ਮਹਾਨ ਬਣ ਸਕੇ।

# ਲੜਕੀਆਂ ਦੀ ਘੱਟ ਗਿਣਤੀ ਕਾਰਨ ਲੱਖਾਂ ਗੁੱਟ ਰਹਿਣਗੇ ਰੱਖੜੀ ਤੋਂ ਵਾਂਝੇ

**ਕੁਲਦੀਪ ਚੰਦ**

ਰੱਖੜੀ ਸਿਰਫ ਇੱਕ ਤਿਉਹਾਰ ਹੀ ਨਹੀਂ ਬਲਕਿ ਸਾਡੀਆਂ ਪਰੰਪਰਾਵਾਂ ਦਾ ਪ੍ਰਤੀਕ ਹੈ, ਜੋ ਅੱਜ ਵੀ ਸਾਨੂੰ ਆਪਣੇ ਪਰਿਵਾਰ ਅਤੇ ਸੰਸਕਾਰਾਂ ਨਾਲ ਜੋੜ ਕੇ ਰੱਖਦਾ ਹੈ। ਰੱਖੜੀ ਭੈਣ ਦੀ ਰੱਖਿਆ ਦੀ ਬਚਨਬੱਧਤਾ ਦਾ ਦਿਨ ਹੈ, ਜਿਸ ਵਿੱਚ ਭਰਾ ਹਰ ਦੁਖ-ਤਕਲੀਫ ਵਿੱਚ ਆਪਣੀ ਭੈਣ ਦਾ ਸਾਥ ਨਿਭਾਉਣ ਦਾ ਵਚਨ ਦਿੰਦਾ ਹੈ। ਰੱਖੜੀ ਦਾ ਤਿਉਹਾਰ ਸਮਾਜਿਕ, ਪੁਰਾਣਿਕ, ਧਾਰਮਿਕ ਅਤੇ ਇਤਿਹਾਸਕ ਭਾਵਨਾ ਦੇ ਧਾਗੇ ਨਾਲ ਬਣਿਆ ਇੱਕ ਅਜਿਹਾ ਪਵਿੱਤਰ ਬੰਧਨ ਹੈ ਜਿਸਨੂੰ ਸਮਾਜ ਵਿੱਚ ਰੱਖੜੀ ਦੇ ਨਾਮ ਨਾਲ ਸਾਵਨ ਮਹੀਨੇ ਦੀ ਪੂਰਨਿਮਾ ਨੂੰ ਸਿਰਫ ਭਾਰਤ ਵਿੱਚ ਹੀ ਨਹੀਂ ਸਗੋਂ ਕਈ ਹੋਰ ਦੇਸ਼ਾਂ ਵਿਸ਼ੇਸ ਤੋਰ ਤੇ ਜਿੱਥੇ ਜਿੱਥੇ ਹਿੰਦੂ ਵਸੋਂ ਹੈ ਵਿੱਚ ਵੀ ਬਹੁਤ ਉਤਸ਼ਾਹ ਅਤੇ ਧੂਮਧਾਮ ਨਾਲ ਮਨਾਇਆ ਜਾਂਦਾ ਹੈ। ਕਿਸੇ ਵੇਲੇ ਇਹ ਤਿਉਹਾਰ ਹਿੰਦੂ ਧਰਮ ਦੇ ਲੋਕਾਂ ਦੁਆਰਾ ਹੀ ਮਨਾਇਆ ਜਾਂਦਾ ਸੀ ਪ੍ਰੰਤੂ ਹੁਣ ਸਿੱਖ ਧਰਮ, ਜੈਨ ਧਰਮ ਆਦਿ ਦੇ ਲੋਕਾਂ ਦੁਆਰਾ ਵੀ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਰੱਖੜੀ ਅਰਥਾਤ ਰੱਖਿਆ ਦੀ ਕਾਮਨਾ ਵਾਲੇ ਬੰਧਨ ਦਾ ਹੀ ਪ੍ਰਤੀਕ ਹੈ। ਪ੍ਰਾਚੀਨ ਕਾਲ ਤੋਂ ਇਸ ਸਬੰਧੀ ਕਹਾਣੀਆਂ ਬੇਸ਼ੱਕ ਅਲੱਗ-ਅਲੱਗ ਹੋਣ ਪਰੰਤੂ ਹਰੇਕ ਵਿੱਚ ਰੱਖਿਆ ਹੀ ਮੁੱਖ ਹੈ। ਇੱਕ ਪੁਰਾਤਨ ਕਥਾ ਅਨੁਸਾਰ ਇੱਕ ਵਾਰ ਰਾਜਾ ਇੰਦਰ ਤੇ ਦਾਨਵਾਂ ਨੇ ਹਮਲਾ ਕਰ ਦਿੱਤਾ ਜਿਸ ਵਿੱਚ ਰਾਜਾ ਇੰਦਰ ਦੀ ਸ਼ਕਤੀ ਕਮਜ਼ੋਰ ਪੈਣ ਲੱਗੀ ਅਤੇ ਇੰਦਰ ਦੀ ਪਤਨੀ ਸ਼ਸ਼ੀਕਲਾ ਨੇ ਤਪੱਸਿਆ ਅਤੇ ਪ੍ਰਾਰਥਨਾ ਕੀਤੀ ਜਿਸਤੋਂ ਖੁਸ਼ ਹੋ ਕੇ ਭਗਵਾਨ ਨੇ ਸ਼ਸ਼ੀਕਲਾ ਨੂੰ ਇੱਕ ਰੱਖਿਆ ਸੂਤਰ ਦਿੱਤਾ ਜਿਸਨੂੰ ਇੰਦਰ ਦੇ ਸੱਜੇ ਹੱਥ ਵਿੱਚ ਬੰਨ ਦਿੱਤਾ ਅਤੇ ਮੰਨਿਆ ਜਾਂਦਾ ਹੈ ਕਿ ਇਸ ਪਵਿੱਤਰ ਰੱਖਿਆ ਸੂਤਰ ਕਾਰਨ ਇੰਦਰ ਨੂੰ ਜਿੱਤ ਪ੍ਰਾਪਤ ਹੋਈ ਸੀ। ਇਸ ਕਥਾ ਅਨੁਸਾਰ ਜਿਸ ਦਿਨ ਇਹ ਰੱਖਿਆ ਸੂਤਰ ਬੰਨਿਆ ਗਿਆ ਸੀ ਉਸ ਦਿਨ ਸਾਵਨ ਮਹੀਨੇ ਦੀ ਪੂਰਨਿਮਾ ਸੀ। ਇਸੇ ਕਾਰਨ ਰੱਖੜੀ ਦਾ ਤਿਓਹਾਰ ਅੱਜ ਤੱਕ ਸਾਵਨ ਮਹੀਨੇ ਦੀ ਪੂਰਨਿਮਾ ਨੂੰ ਹੀ ਮਨਾਇਆ ਜਾਂਦਾ ਹੈ। ਇੱਕ ਹੋਰ ਕਥਾ ਅਨੁਸਾਰ ਇੱਕ ਵਾਰ ਰਾਜਾ ਬਲੀ ਨੇ ਸਵਰਗ ਤੇ ਹਮਲਾ ਕਰਕੇ ਸਾਰਿਆਂ ਦੇਵਤਿਆਂ ਨੂੰ ਹਰਾ ਦਿਤਾ ਤਾਂ ਇੰਦਰ ਸਹਿਤ ਸਾਰੇ ਦੇਵਤਾ ਭਗਵਾਨ ਵਿਸ਼ਨੂੰ ਦੀ ਸ਼ਰਨ ਵਿੱਚ ਗਏ ਅਤੇ ਰਾਜਾ ਬਲੀ ਤੋਂ ਆਪਣੀ ਰੱਖਿਆ ਦੀ ਪ੍ਰਾਰਥਨਾ ਕੀਤੀ। ਇਸ ਕਥਾ ਅਨੁਸਾਰ ਵਿਸ਼ਨੂੰ ਨੇ ਇੱਕ ਬ੍ਰਾਹਮਣ ਦਾ ਰੂਪ ਧਾਰਿਆ ਅਤੇ ਰਾਜਾ ਬਲੀ ਤੋਂ ਭਿੱਖਿਆ ਮੰਗਣ ਚਲੇ ਗਏ ਜਿਸ ਵਿੱਚ ਤਿੰਨ ਕਦਮ ਭੂਮੀ ਦਾਨ ਵਿੱਚ ਮੰਗ ਲਈ ਜੋਕਿ ਰਾਜਾ ਬਲੀ ਨੇ ਖੁਸ਼ ਹੋਕੇ ਦੇ ਦਿੱਤੀ ਪ੍ਰੰਤੂ ਇਸਤੋਂ ਬਾਦ ਵਿਸ਼ਨੂੰ ਨੇ ਤਿੰਨ ਕਦਮਾਂ ਵਿੱਚ ਸਾਰਾ ਆਕਾਸ਼, ਪਾਤਾਲ ਅਤੇ ਧਰਤੀ ਨਾਪ ਕੇ ਰਾਜਾ ਬਲੀ ਨੂੰ ਰਸਾਤਲ ਵਿੱਚ ਭੇਜ ਦਿਤਾ ਅਤੇ ਰਸਾਤਲ ਵਿੱਚ ਰਾਜਾ ਬਲੀ ਨੇ ਆਪਣੀ ਭਗਤੀ ਨਾਲ ਵਿਸ਼ਨੂੰ ਨੂੰ ਪ੍ਰਸੰਨ ਕਰਕੇ ਇਹ ਬਚਨ ਲੈ ਲਿਆ ਕਿ ਵਿਸ਼ਨੂੰ ਦਿਨ-ਰਾਤ ਉਸਦੇ ਸਾਹਮਣੇ ਰਹਿਣਗੇ। ਵਿਸ਼ਨੂੰ ਦੇ ਵਾਪਸ ਨਾ ਆਉਣ ਤੇ ਪ੍ਰੇਸ਼ਾਨ ਲੱਛਮੀ ਨੂੰ ਨਾਰਦ ਨੇ ਸਲਾਹ ਦਿੱਤੀ ਕਿ ਰਾਜਾ ਬਲੀ ਨੂੰ ਭਰਾ ਬਣਾ ਕੇ ਉਸਨੂੰ ਰੱਖਿਆ ਸੂਤਰ ਬੰਨੋ। ਇਸ ਕਥਾ ਅਨੁਸਾਰ ਲੱਛਮੀ ਨੇ ਰਾਜਾ ਬਲੀ ਨੂੰ ਰੱਖਿਆ ਸੂਤਰ ਬੰਨਕੇ ਉਪਹਾਰ ਵਿੱਚ ਵਿਸ਼ਨੂੰ ਨੂੰ ਮੰਗਕੇ ਆਪਣੇ ਨਾਲ ਲੈ ਗਈ। ਰੱਖੜੀ ਦੀ ਪਰੰਪਰਾ ਮਹਾਭਾਰਤ ਵਿੱਚ ਵੀ ਪ੍ਰਚਲਿਤ ਸੀ, ਜਿੱਥੇ ਕ੍ਰਿਸ਼ਨ ਦੀ ਸਲਾਹ ਤੇ ਸੈਨਿਕਾਂ ਅਤੇ ਪਾਂਡਵਾ ਨੂੰ ਰੱਖਿਆ ਸੂਤਰ ਬੰਨਿਆ ਗਿਆ ਸੀ।




ਇਹੀ ਉਹ ਵਚਨ ਹੈ ਜਿਸਨੇ ਅੱਜ ਦੇ ਦੌਰ ਵਿੱਚ ਵੀ ਭਰਾ-ਭੈਣ ਨੂੰ ਵਿਸ਼ਵਾਸ਼ ਦੇ ਬੰਧਨ ਵਿੱਚ ਬੰਨਿਆ ਹੈ। ਰੱਖੜੀ ਦੇ ਤਿਉਹਾਰ ਦੇ ਦਿਨ ਭੈਣ ਜਿੰਨੀ ਬੇਸਬਰੀ ਨਾਲ ਆਪਣੇ ਭਰਾ ਦੇ ਆਉਣ ਦਾ ਇੰਤਜ਼ਾਰ ਕਰਦੀ ਹੈ ਉਨੇ ਹੀ ਉਤਸ਼ਾਹ ਨਾਲ ਭਰਾ ਵੀ ਆਪਣੀ ਭੈਣ ਨਾਲ ਮਿਲਕੇ ਉਸਦਾ ਹਾਲ ਚਾਲ ਜਾਣਨ ਲਈ ਉਸ ਕੋਲ ਅੰਦਾ ਹੈ। ਸਮੇਂ ਵਿੱਚ ਆ ਰਹੇ ਬਦਲਾਓ ਨੇ ਇਸ ਤਿਉਹਾਰ ਦਾ ਵੀ ਸਰੂਪ ਬਦਲ ਦਿਤਾ ਹੈ। ਹੁਣ ਦੇਸ ਵਿਦੇਸ਼ ਦੇ ਵੱਖ ਵੱਖ ਭਾਗਾਂ ਵਿੱਚ ਦੂਰ ਦੁਰਾਡੇ ਬੈਠੇ ਭਰਾਵਾਂ ਨੂੰ ਚਿੱਠੀਆਂ ਰਾਹੀਂ ਹੀ ਰੱਖੜੀਆਂ ਭੇਜਦੀਆਂ ਹਨ। ਇਸ ਦਿਨ ਕਈ ਮਹਿਲਾਵਾਂ ਸਰਹੱਦਾਂ ਤੇ ਰਾਖੀ ਕਰਨ ਵਾਲੇ ਫੋਜੀਆਂ ਨੂੰ ਵੀ ਰੱਖੜੀ ਬੰਨਦੀਆਂ ਹਨ। ਕੁੱਝ ਲੋਕ ਇਸ ਦਿਨ ਬੂੱਟਿਆਂ ਨੂੰ ਵੀ ਰੱਖੜੀ ਬੰਨਕੇ ਵਾਤਾਵਰਣ ਦੀ ਸੁਰੱਖਿਆ ਲਈ ਕੰਮ ਕਰਨ ਦਾ ਬਚਨ ਕਰਦੇ ਹਨ। ਇਸ ਤਿਉਹਾਰ ਦਾ ਸਿੱਧਾ ਸਬੰਧ ਭੈਣਾਂ ਨਾਲ ਹੈ ਭਾਵ ਲੜਕੀਆਂ ਨਾਲ ਹੈ ਅਤੇ ਸਾਡੇ ਦੇਸ ਵਿੱਚ ਪਿਛਲੇ ਕੁੱਝ ਦਹਾਕਿਆਂ ਤੋਂ ਲੜਕੀਆਂ ਦੀ ਕਈ ਸੂਬਿਆਂ ਵਿੱਚ ਘਟ ਰਹੀ ਗਿਣਤੀ ਇਸ ਤਿਉਹਾਰ ਨੂੰ ਵੀ ਪ੍ਰਭਾਵਿਤ ਕਰ ਰਹੀ ਹੈ। ਦੇਸ਼ ਦੀ ਆਬਾਦੀ ਵਿਚ ਲਗਾਤਾਰ ਵਾਧਾ ਦਰਜ ਕੀਤਾ ਜਾ ਰਿਹਾ ਹੇ ਅਤੇ 2011 ਦੀ ਜਨਗਣਨਾ ਅਨੁਸਾਰ ਦੇਸ਼ ਦੀ ਅਬਾਦੀ ਲੱਗਭੱਗ 1.21 ਅਰਬ ਹੋ ਗਈ ਹੈ ਪਰ ਜੇਕਰ ਕੁਝ ਘਟਿਆ ਹੈ ਤਾਂ ਉਹ ਹੈ ਬਾਲ ਲਿੰਗ ਅਨੁਪਾਤ। ਭਾਰਤ ਵਿਚ 1991 ਦੀ ਮਰਦਮਸ਼ੁਮਾਰੀ ਵਿਚ ਪ੍ਰਤੀ 1000 ਮੁੰਡਿਆਂ ਦੇ ਮੁਕਾਬਲੇ 945 ਕੁੜੀਆਂ ਸਨ ਜੋਕਿ 2011 ਵਿੱਚ ਘਟਕੇ 914 ਰਹਿ ਗਈਆਂ ਸਨ ਜੋਕਿ 2016 ਵਿੱਚ ਜਨਮ ਸਮੇਂ 877 ਹੋ ਗਈਆਂ ਹਨ। ਸਿਹਤ ਵਿਭਾਗ ਦੀਆਂ ਰਿਪੋਰਟਾਂ ਅਨੁਸਾਰ ਪੰਜਾਬ ਵਿੱਚ 1991 ਵਿੱਚ 1000 ਮੁੰਡਿਆਂ ਦੇ ਮੁਕਾਬਲੇ 875 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 900 ਹੋ ਗਈਆਂ ਹਨ। ਜੇਕਰ ਪੰਜਾਬ ਦੇ ਵੱਖ ਵੱਖ ਜਿਲ੍ਹਿਆਂ ਦੇ ਅੰਕੜੇ ਵੇਖੀਏ ਤਾਂ ਜ਼ਿਲ੍ਹਾ ਰੂਪਨਗਰ ਵਿੱਚ 1991 ਵਿੱਚ 1000 ਮੁੰਡਿਆਂ ਪਿੱਛੇ 884 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 902 ਹੋ ਗਈਆਂ ਹਨ। ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿੱਚ 1991 ਵਿੱਚ 874 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 928 ਹੋ ਗਈਆਂ ਹਨ। ਜ਼ਿਲ੍ਹਾ ਕਪੂਰਥਲਾ ਵਿੱਚ 1991 ਵਿੱਚ 879 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 931 ਹੋ ਗਈਆਂ ਹਨ। ਜ਼ਿਲ੍ਹਾ ਗੁਰਦਾਸਪੁਰ ਵਿੱਚ 1991 ਵਿੱਚ 878 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 889 ਹੋ ਗਈਆਂ ਹਨ। ਜ਼ਿਲ੍ਹਾ ਪਟਿਆਲਾ ਵਿੱਚ 1991 ਵਿੱਚ 871 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 942 ਹੋ ਗਈਆਂ ਹਨ। ਜ਼ਿਲ੍ਹਾ ਮਾਨਸਾ ਵਿੱਚ 1991 ਵਿੱਚ 873 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 918 ਹੋ ਗਈਆਂ ਹਨ। ਜ਼ਿਲਾ ਜਲੰਧਰ ਵਿੱਚ 1991 ਵਿੱਚ 886 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 882 ਹੋ ਗਈਆਂ ਹਨ। ਜ਼ਿਲ੍ਹਾ ਸੰਗਰੂਰ ਵਿੱਚ 1991 ਵਿੱਚ 873 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 905 ਹੋ ਗਈਆਂ ਹਨ। ਜ਼ਿਲ੍ਹਾ ਨਵਾਂਸ਼ਹਿਰ ਵਿੱਚ 1991 ਵਿੱਚ 900 ਸਨ ਜੋ ਕਿ ਸਾਲ 2018- 2019 ਵਿੱਚ ਜਨਮ ਸਮੇਂ 890 ਰਹਿ ਗਈਆਂ ਹਨ। ਜ਼ਿਲ੍ਹਾ ਬਠਿੰਡਾ ਵਿੱਚ 1991 ਵਿੱਚ 860 ਕੁੜੀਆਂ ਸਨ ਜੋ ਕਿ ਸਾਲ 2018- 2019 ਵਿੱਚ ਜਨਮ ਸਮੇਂ 922 ਹੋ ਗਈਆਂ ਹਨ। ਜ਼ਿਲ੍ਹਾ ਅੰਮ੍ਰਿਤਸਰ ਵਿੱਚ 1991 ਵਿੱਚ 861 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 873 ਹੋ ਗਈਆਂ ਹਨ। ਜ਼ਿਲ੍ਹਾ ਹੁਸ਼ਿਆਰਪੁਰ ਵਿੱਚ 1991 ਵਿੱਚ 884 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 869 ਰਹਿ ਗਈਆਂ ਹਨ। ਜ਼ਿਲ੍ਹਾ ਫਿਰੋਜ਼ਪੁਰ ਵਿੱਚ 1991 ਵਿੱਚ 887 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 917 ਹੋ ਗਈਆਂ ਹਨ। ਜ਼ਿਲ੍ਹਾ ਲੁਧਿਆਣਾ ਵਿੱਚ 1991 ਵਿੱਚ 877 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 907 ਹੋ ਗਈਆਂ ਹਨ। ਜ਼ਿਲ੍ਹਾ ਫਰੀਦਕੋਟ ਵਿੱਚ 1991 ਵਿੱਚ 865 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 900 ਹੋ ਗਈਆਂ ਹਨ। ਜ਼ਿਲ੍ਹਾ ਮੁਕਤਸਰ ਵਿੱਚ 1991 ਵਿੱਚ 858 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 893 ਹੋ ਗਈਆਂ ਹਨ। ਜ਼ਿਲ੍ਹਾ ਮੋਗਾ ਵਿੱਚ 1991 ਵਿੱਚ 867 ਕੁੜੀਆਂ ਸਨ ਜੋਕਿ ਸਾਲ 2018- 2019 ਵਿੱਚ ਜਨਮ ਸਮੇਂ 889 ਹੋ ਗਈਆਂ ਹਨ। ਪੰਜਾਬ ਵਿੱਚ ਨਵੇਂ ਬਣੇ ਜ਼ਿਲ੍ਹਿਆ ਵਿੱਚ ਸੰਨ 2011 ਵਿੱਚ ਤਰਨਤਾਰਨ ਵਿੱਚ 1000 ਮੁੰਡਿਆਂ ਦੇ ਮੁਕਾਬਲੇ 819 ਕੁੜੀਆਂ ਸਨ ਜੋ ਕਿ ਸਾਲ 2018- 2019 ਵਿੱਚ ਜਨਮ ਸਮੇਂ 906 ਹੋ ਗਈਆਂ ਹਨ, ਮੋਹਾਲੀ ਵਿੱਚ 1000 ਮੁੰਡਿਆਂ ਦੇ ਮੁਕਾਬਲੇ 842 ਕੁੜੀਆਂ ਸਨ ਜੋ ਕਿ ਸਾਲ 2018- 2019 ਵਿੱਚ ਜਨਮ ਸਮੇਂ 893 ਹੋ ਗਈਆਂ ਹਨ। ਬਰਨਾਲਾ ਵਿੱਚ 1000 ਮੁੰਡਿਆਂ ਦੇ ਮੁਕਾਬਲੇ 847 ਕੁੜੀਆਂ ਸਨ ਜੋ ਕਿ ਸਾਲ 2018- 2019 ਵਿੱਚ ਜਨਮ ਸਮੇਂ 934 ਹੋ ਗਈਆਂ ਹਨ। ਪਠਾਨਕੋਟ ਵਿੱਚ ਸਾਲ 2018- 2019 ਵਿੱਚ ਜਨਮ ਸਮੇਂ 1000 ਮੁੰਡਿਆਂ ਦੇ ਮੁਕਾਬਲੇ 852 ਕੁੜੀਆਂ ਗਈਆਂ ਹਨ। ਫਾਜਿਲਕਾ ਵਿੱਚ ਸਾਲ 2018- 2019 ਵਿੱਚ ਜਨਮ ਸਮੇਂ 1000 ਮੁੰਡਿਆਂ ਦੇ ਮੁਕਾਬਲੇ 933 ਹਨ। ਪੰਜਾਬ ਅਤੇ ਹਰਿਆਣਾ ਦੀ ਰਾਜਧਾਨੀ ਚੰਡੀਗੜ੍ਹ ਵਿੱਚ 1991 ਵਿੱਚ 1000 ਮੁੰਡਿਆਂ ਦੇ ਮੁਕਾਬਲੇ 899 ਕੁੜੀਆਂ ਸਨ ਜੋਕਿ 2016 ਵਿੱਚ ਜਨਮ ਸਮੇਂ 901 ਹਨ। ਪੰਜਾਬ ਦੇ ਗੁਆਂਢੀ ਸੂਬੇ ਹਰਿਆਣਾ ਵਿੱਚ 1991 ਵਿੱਚ 879 ਕੁੜੀਆਂ ਸਨ ਜੋਕਿ 2016 ਵਿੱਚ ਜਨਮ ਸਮੇਂ 865 ਹਨ। ਹਿਮਾਚਲ ਪ੍ਰਦੇਸ਼ ਵਿੱਚ 1991 ਵਿੱਚ 956 ਕੁੜੀਆਂ ਸਨ ਜੋਕਿ 2016 ਵਿੱਚ ਜਨਮ ਸਮੇਂ 910 ਕੁ-ੜੀਆਂ ਹਨ।

ਹੁਣ ਕੁੜੀਆਂ ਨੂੰ ਜਨਮ ਤੋਂ ਪਹਿਲਾਂ ਮਾਰਨ ਤੋਂ ਇਲਾਵਾ ਜਨਮ ਤੋਂ ਬਾਦ ਕੂੜੇ ਦੇ ਢੇਰ, ਰੇਲਵੇ ਟ੍ਰੈਕ ਆਦਿ ਤੇ ਸੁਟਣਾ ਸ਼ੁਰੂ ਹੋ ਗਿਆ ਹੈ ਜੋਕਿ ਇੱਕ ਖਤਰਨਾਕ ਰੁਝਾਨ ਹੈ। ਸਮਾਜ ਵਿੱਚ ਲਿੰਗ ਅਨੁਪਾਤ ਵਿੱਚ ਵੱਧ ਰਿਹਾ ਅੰਤਰ ਸਮਾਜ ਅਤੇ ਦੇਸ਼ ਦੇ ਵਿਕਾਸ ਲਈ ਖਤਰਨਾਕ ਹੈ। ਕੁੜੀਆਂ ਦੀ ਘੱਟ ਰਹੀ ਗਿਣਤੀ ਸਮਾਜ ਵਿਚੋਂ ਰੱਖੜੀ ਵਰਗੇ ਪਵਿੱਤਰ ਤਿਉਹਾਰ ਦੀ ਮਹੱਤਤਾ ਨੂੰ ਵੀ ਠੇਸ ਪਹੁੰਚਾ ਰਹੀ ਹੈ ਅਤੇ ਭਰਾਵਾਂ ਦੇ ਗੁੱਟ ਤੇ ਰੱਖੜੀ ਬੰਨਣ ਵਾਲੀਆਂ ਭੈਣਾਂ ਕਈ ਪਰਿਵਾਰਾਂ ਵਿੱਚੋਂ ਖਤਮ ਹੋ ਰਹੀਆਂ ਹਨ ਜਿਸ ਕਾਰਨ ਲੱਖਾਂ ਗੁੱਟ ਰੱਖੜੀ ਤੋਂ ਬਾਂਝੇ ਰਹਿਣਗੇ। ਅੱਜ ਰੱਖੜੀ ਦੇ ਦਿਨ ਤੇ ਸਾਨੂੰ ਇਸ ਸਮੱਸਿਆ ਸਬੰਧੀ ਗੰਭੀਰਤਾ ਨਾਲ ਸੋਚਣਾ ਪਵੇਗਾ।

# ਯੂ ਪੀ ਅੰਦਰ ਯੋਗੀ ਦੇ ਰਾਜ ਵਿੱਚ ਪੰਜਾਹ ਹਜ਼ਾਰ ਗੰਨਾ ਕਿਸਾਨਾਂ ਦੇ ਕੀ ਹਨ ਦੁੱਖੜੇ?

ਯੂਪੀ ਦੇ ਜ਼ਿਲ੍ਹਾ ਮਹਾਰਾਜਗੰਜ ਦੀ ਨਿਚਲੌਲ ਤਹਿਸੀਲ ਦੇ ਕਿਸ਼ਨਪੁਰ ਸਮੇਤ ਸੈਂਕੜੇ ਪਿੰਡਾਂ ਦੇ ਕਿਸਾਨਾਂ ਨੇ ਗੰਨੇ ਦੀ ਫ਼ਸਲ ਤੋਂ ਸੰਭਾਵਤ ਆਮਦਨ ਦੀ ਉਮੀਦ ਨਾਲ ਕਈ ਸਕੀਮਾਂ ਤਿਆਰ ਕਰ ਲਈਆਂ ਸਨ, ਕਿਸੇ ਨੇ ਧੀ ਦਾ ਵਿਆਹ ਤਹਿ ਕਰ ਲਿਆ ਤਾਂ ਕਿਸੇ ਨੇ ਕਿਰਾਏ ਤੇ ਖੇਤ ਅਤੇ ਕਰਜ਼ ਲੈ ਕੇ ਗੰਨਾਂ ਬੀਜ ਦਿੱਤਾ। ਹੁਣ ਜਦ ਕਿ ਜੇ ਐੱਚ ਵੀ ਸ਼ੂਗਰ ਲਿਮਟਿਡ ਗਡੌਰਾ ਦੇ ਚੱਲਣ ਦੀ ਉਮੀਦ ਖਤਮ ਹੋ ਚੁੱਕੀ ਹੈ ਤਾਂ ਉਨ੍ਹਾਂ ਦੀਆਂ ਅੱਖਾਂ ਦੀ ਨੀਂਦ ਗਾਇਬ ਹੋ ਗਈ ਹੈ। ਕਿਸਾਨਾਂ ਮੁਤਾਬਿਕ ਸਿਰਫ ਕਿਸ਼ਨਪੁਰ ਵਿੱਚ ਹੀ 750 ਏਕੜ ਚੋਂ ਪੰਜ ਸੌ ਏਕੜ ਗੰਨੇ ਦੀ ਫ਼ਸਲ ਹੈ। ਗੋਡਾਰਾ, ਸ਼ੁੱਕਰਹਰ, ਮੈਰੀ, ਸ਼ਿਤਲਾਪੁਰ, ਧਮੌਰਾ, ਮਟਰਾ, ਇੰਡਹਿਆ, ਰੰਗਹਿਆ, ਲਕਸ਼ਮੀਪੁਰ, ਕੜਜਾ, ਛਿਤੌਣਾ, ਸ਼ਰਕਲਿਆ, ਪਰਾਗਪੁਰ, ਹਰਗਾਵਾਂ, ਕਰਮਿਆ ਸਮੇਤ 99 ਪਿੰਡਾਂ ਦੇ ਗੰਨੇ ਦੀ ਫ਼ਸਲ ਸਿੱਧੀ ਮਿੱਲ ਤੇ ਲਹਿੰਦੀ ਹੈ। 33 ਥਾਵਾਂ ਤੇ ਹਰ ਸਾਲ ਮਿੱਲ ਵੱਲੋਂ ਸੈਂਟਰ ਲਾਇਆ ਜਾਂਦਾ ਹੈ, ਹਰੇਕ ਸੈਂਟਰ ਦਸ ਪਿੰਡਾਂ ਦੇ ਵਿੱਚ ਲਾਇਆ ਜਾਂਦਾ ਹੈ। ਜੇਐਚਵੀ ਮਿੱਲ ਨਾਲ 48 ਹਜ਼ਾਰ ਕਾਸ਼ਤਕਾਰ ਜੁੜੇ ਹੋਏ ਹਨ ਜੋ ਜ਼ਿਆਦਾਤਰ ਛੋਟੇ ਤੇ ਲਘੂ ਕਿਸਾਨ ਹਨ। ਕਿਸਾਨਾਂ ਦਾ ਮਿੱਲ ਸਿਰ 2014-15 ਦਾ 22.92 ਕਰੋੜ ਅਤੇ 2017-18 ਦੇ 23 ਕਰੋੜ ਸਮੇਤ ਕੁੱਲ ਮਿਲਾ ਕੇ 45.92 ਕਰੋੜ ਰੁਪਏ ਬਕਾਇਆ ਹੈ। ਫਿਰ ਵੀ ਕਿਸਾਨਾਂ ਦੀ ਤਰਜੀਹ ਵਿੱਚ ਖੇਤਾਂ ਚ ਖੜ੍ਹੇ ਗੰਨੇ ਨੂੰ ਮਿੱਲ ਤੱਕ ਪਹੁੰਚਾਉਣਾ ਹੈ। ਬਕਾਇਆ ਪੈਸੇ ਦੇ ਲਈ ਉਹ ਸਾਲਾਂ ਬੱਧੀ ਉਡੀਕ ਕਰਨ ਨੂੰ ਤਿਆਰ ਹਨ। ਫਸਲ ਕੱਟਣ ਚ ਹੋਈ ਦੇਰੀ ਦੇ ਕਾਰਨ ਗੰਨੇ ਦੀ ਗੁਣਵੱਤਾ ਵਿੱਚ ਚਾਲੀ ਫ਼ੀਸਦੀ ਗਿਰਾਵਟ ਆ ਚੁੱਕੀ ਹੈ। ਦਲਾਲਾਂ ਦਾ ਸਰਗਰਮ ਗਰੋਹ ਡੇਢ ਸੌ ਰੁਪਏ ਕੁਇੰਟਲ ਤੱਕ ਗੰਨਾ ਖਰੀਦ ਦੇ ਕੇ ਮੁਨਾਫ਼ਾ ਕਮਾ ਰਿਹਾ ਹੈ, ਜਦ ਕਿ ਗੰਨੇ ਦਾ ਘੱਟੋ ਘੱਟ ਸਹਾਇਕ ਮੁੱਲ 310 ਤੋਂ 325 ਰੁਪਏ ਪ੍ਰਤੀ ਕੁਇੰਟਲ ਹੈ। ਕਿਸਾਨਾਂ ਨੂੰ ਪਤਾ ਲਗਿਆ ਕਿ 22 ਜਨਵਰੀ ਤੋਂ ਮਿੱਲ ਚਾਲੂ ਹੋ ਜਾਏਗੀ ਪਰ ਅਜਿਹਾ ਹੋਇਆ ਨਹੀਂ। ਨਵੰਬਰ-ਦਸੰਬਰ 2017 ਵਿੱਚ ਗੰਨੇ ਦੀ ਫ਼ਸਲ ਬੀਜਣ ਲਈ ਜੇਐੱਚਵੀ ਸ਼ੂਗਰ ਮਿੱਲ ਲਿਮਟਿਡ ਗਡੌਰਾ ਨੇ ਕਿਸਾਨਾਂ ਨੂੰ ਬੀਜ ਦਿੱਤਾ, ਇੱਕ ਏਕੜ ਖੇਤੀ ਤੇ ਇੱਕ ਬੋਰੀ ਯੂਰੀਆ, ਇੱਕ ਟਰਾਲੀ ਫਾਸਫੇਟ ਦਿੱਤੀ। ਬੀਜ ਦਾ ਪੈਸਾ ਫ਼ਸਲ ਦੇ ਭੁਗਤਾਨ ਸਮੇਂ ਮਿੱਲ ਪ੍ਰਬੰਧਕ ਕੱਟ ਲੈਂਦਾ ਤੇ ਬਾਕੀ ਸਭ ਕੁਝ ਮੁਫਤ ਸੀ। ਅਕਤੂਬਰ 2018 ਤੋਂ ਮਿੱਲ ਵਿੱਚ ਮੁਰੰਮਤ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਗਿਆ ਸੀ। ਸਾਰੀਆਂ ਤਿਆਰੀਆਂ ਪੂਰੀਆਂ ਹੋ ਗਈਆਂ ਤਾਂ 2 ਦਸੰਬਰ 2018 ਨੂੰ ਜ਼ਿਲ੍ਹਾ ਗੰਨਾ ਅਧਿਕਾਰੀ ਦੀ ਮੌਜੂਦਗੀ ਵਿੱਚ ਮਸ਼ੀਨਾਂ ਦਾ ਪੜ੍ਹਾਈ ਤੋਂ ਪਹਿਲਾਂ ਸ਼ੁਰੂਆਤੀ ਪੂਜਨ ਕੀਤਾ ਗਿਆ। ਸੱਤ ਦਸੰਬਰ ਤੋਂ ਮਿੱਲ ਵਿੱਚ ਨਿਯਮਿਤ ਪੜ੍ਹਾਈ ਸ਼ੁਰੂ ਪੇਸ਼ੀ ਹੋਣੀ ਸੀ ਜੋ ਨਾ ਹੋਣ ਤੇ ਮੁਜ਼ਾਹਰੇ ਦੀ ਵਿਉਂਤ ਬਣਾਈ ਗਈ ਅਤੇ ਸਤਾਰਾਂ ਦਸੰਬਰ ਨੂੰ ਪਹਿਲਾਂ ਮੁਜ਼ਾਹਰਾ ਕੀਤਾ ਗਿਆ। ਹਜ਼ਾਰਾਂ ਮਿਲ ਮਜ਼ਦੂਰਾਂ ਨੇ ਮਿੱਲ ਗੇਟ ਤੇ ਇੱਕਠੇ ਹੋ ਕੇ ਸਰਕਾਰ ਤੇ ਮਿੱਲ ਪ੍ਰਬੰਧਕਾਂ ਖ਼ਿਲਾਫ਼ ਨਾਹਰੇ ਲਾਏ। ਮਿੱਲ ਦੇ ਜੀ ਐੱਮ ਰਣਬੀਰ ਸਿੰਘ ਨੇ ਪ੍ਰਸ਼ਾਸਨ ਨਾਲ ਗੱਲਬਾਤ ਦੇ ਆਧਾਰ ਤੇ 22 ਦਸੰਬਰ ਤੋਂ ਮਿੱਲ ਚਲਾਉਣ ਅਤੇ 60 ਫੀਸਦੀ ਮੌਜੂਦਾ ਤੇ 40 ਫੀਸਦੀ ਪਿਛਲੇ ਭੁਗਤਾਨ ਦਾ ਵਿਸ਼ਵਾਸ ਦਵਾਇਆ। ਕੋਈ ਵੀ ਹਿਲਜੁਲ ਨਾ ਹੁੰਦੀ ਦੇਖ 29 ਦਸੰਬਰ ਨੂੰ ਕਿਸਾਨਾਂ ਨੇ ਗੜੌਰਾ ਚੀਨੀ ਮਿੱਲ ਤੋਂ ਨਿਚਲੌਲ ਤਹਿਸੀਲ ਤੱਕ ਪੈਦਲ ਮਾਰਚ ਕੀਤਾ। ਕਰੀਬ ਪੰਜ ਹਜ਼ਾਰ ਕਿਸਾਨਾਂ ਨੇ ਮਾਰਚ ਦੌਰਾਨ ਸਥਾਨਕ ਵਿਧਾਇਕ, ਸੰਸਦ ਮਿੱਲ ਪ੍ਰਬੰਧਕ ,ਮੁੱਖ ਮੰਤਰੀ ਤੇ ਪ੍ਰਧਾਨ ਮੰਤਰੀ ਦੇ ਖਿਲਾਫ ਨਾਹਰੇ ਲਾਏ। ਏ ਡੀ ਐੱਮ ਨੇ ਇੱਕ ਹਫ਼ਤੇ ਦਾ ਸਮਾਂ ਮੰਗਿਆ, ਸਾਬਕਾ ਫ਼ੌਜੀ ਮਨੋਜ ਕੁਮਾਰ ਰਾਣਾ ਨੇ ਮੰਗਾਂ ਪੂਰੀਆਂ ਨਾ ਹੋਣ ਤੇ ਭੁੱਖ ਹੜਤਾਲ ਦੀ ਚੇਤਾਵਨੀ ਦਿੱਤੀ। ਸਮਾਂ ਸੀਮਾ ਬੀਤਣ ਪਿੱਛੋਂ ਅੱਠ ਜਨਵਰੀ ਤੋਂ ਰਾਣਾ ਦੋ ਸਮਰਥਕਾਂ ਸਮੇਤ ਭੁੱਖ ਹੜਤਾਲ ਤੇ ਬੈਠ ਗਏ। ਨੌਵੇਂ ਦਿਨ ਸਤਾਰਾਂ ਦਸੰਬਰ ਨੂੰ ਏਡੀਐਮ ਨੇ ਜੂਸ ਪਿਲਾ ਕੇ ਭੁੱਖ ਹੜਤਾਲ ਖਤਮ ਕਰਵਾਈ ਅਤੇ ਵਿਸ਼ਵਾਸ਼ ਦਿੱਤਾ ਕਿ 22 ਜਨਵਰੀ ਨੂੰ ਟਰਾਇਲ ਕਰਕੇ ਛੱਬੀ ਜਨਵਰੀ ਤੋਂ ਪੜ੍ਹਾਈ ਸ਼ੁਰੂ ਕਰ ਦਿੱਤੀ ਜਾਵੇ ਜੀ, ਪਰ ਇਹ ਵਾਅਦਾ ਵੀ ਵਫ਼ਾ ਨਹੀਂ ਹੋਇਆ। ਸਤਾਰਾਂ ਦਸੰਬਰ ਨੂੰ ਕਿਸਾਨਾਂ ਦੇ ਪਹਿਲੇ ਜਥੇਬੰਦਕ ਮੁਜ਼ਾਹਰੇ ਪਿੱਛੋਂ ਅਲੱਗ ਅਲੱਗ ਥਾਵਾਂ ਤੇ ਦਰਜਨ ਵਾਰੀ ਆਜ਼ਾਦ ਤੌਰ ਤੇ ਕਿਸਾਨਾਂ ਦੇ ਇੱਕਠਾਂ ਨੇ ਮੁਜ਼ਾਹਰਾ ਕਰਕੇ ਗੰਨਾ ਮੰਤਰੀ ਅਤੇ ਮੁੱਖ ਮੰਤਰੀ ਦੇ ਪੁਤਲੇ ਵੀ ਸਾੜੇ। ਲੱਖਾਂ ਲੋਕਾਂ ਦੇ ਪ੍ਰਭਾਵਿਤ ਹੋਣ ਦੇ ਬਾਅਦ ਵੀ ਕਿਸਾਨਾਂ ਕੋਲ ਕਿਸੇ ਪਾਰਟੀ ਦਾ ਨੇਤਾ ਨਹੀਂ ਪਹੁੰਚਿਆ। ਮੁਜ਼ਾਹਰਿਆਂ ਤੇ ਮੀਟਿੰਗਾਂ ਵਿੱਚ ਸਮਾਜਵਾਦੀ ਪਾਰਟੀ, ਬੀ ਐਸ ਪੀ ਤੇ ਭਾਜਪਾ ਸਭ ਦੇ ਨੇਤਾ ਆਉਂਦੇ ਰਹੇ ਅਤੇ ਰਾਜਸੀ ਬਿਆਨਬਾਜ਼ੀ ਕਰਕੇ ਚਲੇ ਜਾਂਦੇ। ਪਰ ਕਈ ਮਹੀਨੇ ਚਲੇ ਸੰਘਰਸ਼ ਪਿਛੋਂ ਵੀ ਕਿਸਾਨਾਂ ਦੇ ਹੱਥ ਖਾਲੀ ਹਨ। ਕਿਸ਼ਨਪੁਰ ਅਤੇ ਨੇੜੇ ਤੇੜੇ ਦੇ ਸੈਂਕੜੇ ਪਿੰਡਾਂ ਦੇ ਨੌਜਵਾਨ ਬਾਹਰ ਰਹਿ ਕੇ ਰੁਜ਼ਗਾਰ ਕਰਦੇ ਹਨ ਅਤੇ ਖੇਤੀ ਦੇ ਸਮੇਂ ਘਰ ਆ ਜਾਂਦੇ ਹਨ। ਉਨ੍ਹਾਂ ਨੂੰ ਹੁਣ ਦੂਹਰਾ ਨੁਕਸਾਨ ਹੋ ਰਿਹਾ ਹੈ ਫ਼ਸਲ ਖੇਤ ਵਿੱਚ ਖੜ੍ਹੀ ਹੈ ਤੇ ਉਧਰ ਮਜ਼ਦੂਰੀ ਦਾ ਨੁਕਸਾਨ ਹੋ ਰਿਹਾ ਹੈ। ਮੀਡੀਆ ਵਾਲੇ ਕਿਸਾਨਾਂ ਦੇ ਮੁਜ਼ਾਰਿਆਂ ਦੀਆਂ ਖ਼ਬਰਾਂ ਨਹੀਂ ਲਾਉਂਦੇ। ਜੋ ਵੀ ਖ਼ਬਰਾਂ ਵਿੱਚ ਛਪਦੀਆਂ ਹਨ ਉਨ੍ਹਾਂ ਵਿੱਚ ਮਿੱਲ ਪ੍ਰਬੰਧਕਾਂ ਤੇ ਸਰਕਾਰ ਦਾ ਪੱਖ ਵਿਸ਼ੇਸ਼ ਤੌਰ ਤੇ ਛਾਪਿਆ ਹੁੰਦਾ ਹੈ। ਅਖ਼ਬਾਰਾਂ ਵਾਲੇ ਤਾਂ ਬਕਾਏ ਦੇ ਭੁਗਤਾਨ ਦੀ ਹੀ ਗੱਲ ਕਰਦੇ ਹਨ, ਜਦ ਕਿ ਕਿਸਾਨਾਂ ਦੀ ਮੁੱਖ ਮੰਗ ਮਿੱਲ ਚਾਲੂ ਕਰਾਉਣਾ ਹੈ। 2017 ਦੀਆਂ ਵਿਧਾਨ ਸਭਾ ਚੋਣਾਂ ਮੌਕੇ ਭਾਜਪਾ ਦੇ ਮੈਨੀਫੈਸਟੋ ਵਿੱਚ ਵਾਇਦਾ ਕੀਤਾ ਗਿਆ ਸੀ ਕਿ ਗੰਨਾ ਕਿਸਾਨਾਂ ਨੂੰ ਫਸਲ ਵੇਚਣ ਦੇ 14 ਦਿਨਾਂ ਦੇ ਅੰਦਰ ਅੰਦਰ ਪੂਰਾ ਭੁਗਤਾਨ ਯਕੀਨੀ ਬਣਾਉਣ ਦੀ ਵਿਵਸਥਾ ਸਰਕਾਰ ਲਾਗੂ ਕਰੇਗੀ। ਸਰਕਾਰ ਬਣਨ ਦੇ 120 ਦਿਨਾਂ ਦੇ ਅੰਦਰ ਹੀ ਬੈਂਕਾਂ ਅਤੇ ਚੀਨੀ ਮਿੱਲ ਮਾਲਕਾਂ ਤੋਂ ਗੰਨਾ ਕਿਸਾਨਾਂ ਦੀ ਬਕਾਇਆ ਰਾਸ਼ੀ ਦਾ ਪੂਰਾ ਭੁਗਤਾਨ ਕਰਾਇਆ ਜਾਵੇਗਾ। ਸਰਕਾਰ ਬਣਨ ਦੇ ਦੋ ਸਾਲ ਪੂਰੇ ਹੋਣ ਜਾ ਰਹੇ ਹਨ,ਪਰ ਸਰਕਾਰ ਦੇ ਵਾਅਦੇ ਅਜੇ ਵੀ ਕਾਗਜ਼ਾਂ ਤੋਂ ਬਾਹਰ ਨਹੀਂ ਨਿਕਲ ਸਕੇ। ਮਿੱਲ ਮਜ਼ਦੂਰ ਵੀ ਬਰਬਾਦੀ ਦੇ ਕੰਢੇ ਪਹੁੰਚ ਗਏ ਹਨ, ਜੇਐੱਚਵੀ ਸ਼ੂਗਰ ਮਿੱਲ ਲਿਮਟਿਡ ਗੌਡਾਰਾ 1998-99 ਤੋਂ ਨਿਰੰਤਰ ਹਰੇਕ ਸੀਜ਼ਨ ਵਿੱਚ ਗੰਨੇ ਦੀ ਪੜ੍ਹਾਈ ਕਰਦੀ ਹੈ। ਮਿੱਲ ਖਾਤਰ ਦੋ ਸੌ ਕਿਸਾਨਾਂ ਦੀਆਂ ਜ਼ਮੀਨਾਂ ਹਥਿਆਈਆਂ ਗਈਆਂ ਸਨ। ਚਾਲੀ ਹਜ਼ਾਰ ਪ੍ਰਤੀ ਏਕੜ ਦੀ ਦਰ ਨਾਲ ਕਿਸਾਨਾਂ ਨੂੰ ਭੁਗਤਾਨ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਗੰਨਾ ਮਿੱਲਾਂ ਵਿੱਚ ਪੱਕੀ ਨੌਕਰੀ ਦਾ ਵਿਸ਼ਵਾਸ਼ ਦਿਵਾਇਆ ਗਿਆ ਸੀ। ਜਿੰਨ੍ਹਾਂ ਕਿਸਾਨਾਂ ਤੋਂ ਜ਼ਮੀਨ ਹਥਿਆਈ ਗਈ ਸੀ ਉਨ੍ਹਾਂ ਵਿੱਚੋਂ ਸਿਰਫ਼ ਇੱਕ ਚੌਥਾਈ ਨੂੰ ਹੀ ਨੌਕਰੀ ਦਿੱਤੀ ਗਈ। ਮਿੱਲ ਬੰਦ ਹਣ ਨਾਲ ਹੁਣ ਉਨ੍ਹਾਂ ਤੇ ਵੀ ਸੰਕਟ ਦੇ ਬੱਦਲ ਛਾਏ ਹੋਏ ਹਨ। ਮਿੱਲ ਵਿੱਚ 45 ਪੱਕੇ ਅਤੇ 565 ਕੱਚੇ ਮਜ਼ਦੂਰ ਕੰਮ ਕਰਦੇ ਹਨ। ਮੁਹਜ਼ਾਰੇ ਦੀ ਸ਼ੁਰੂਆਤ ਮਜ਼ਦੂਰਾਂ ਨੇ ਕੀਤੀ ਸੀ ਬਾਅਦ ਵਿੱਚ ਕਿਸਾਨ ਵੀ ਸ਼ਾਮਲ ਹੋ ਗਏ। ਪੂਰਵਾਂਚਲ ਚੀਨੀ ਮਿੱਲ ਮਜ਼ਦੂਰ ਯੂਨੀਅਨ ਗੋਰਖਪੁਰ ਸ਼ਾਖਾ ਜੇਐੱਚਵੀ ਸ਼ੂਗਰ ਲਿਮਟਿਡ ਦੇ ਪ੍ਰਧਾਨ ਨਵਲ ਕਿਸ਼ੋਰ ਮਿਸ਼ਰਾ ਦੱਸਦੇ ਹਨ ਕਿ ਮਿੱਲ ਮਜ਼ਦੂਰਾਂ ਨੂੰ ਭੁਗਤਾਨ ਨਾ ਹੋਣ ਕਾਰਨ ਮਜ਼ਦੂਰਾਂ ਦਾ 17.80 ਕਰੋੜ ਰੁਪਿਆ ਪ੍ਰਬੰਧਕਾਂ ਕੋਲ ਬਕਾਇਆ ਪਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮਿੱਲ ਮਾਲਕਾਂ ਨੇ ਹਮੇਸ਼ਾਂ ਕਿਰਤ ਕਨੂੰਨਾਂ ਦੀ ਉਲਘੰਣਾ ਕੀਤੀ ਹੈ। ਮਜ਼ਦੂਰਾਂ ਨੂੰ ਪੀਣ ਦੇ ਪਾਣੀ, ਗੁਸਲਖਾਨੇ, ਸੁਰੱਖਿਆ ਉਪਕਰਨ ਤੇ ਜ਼ਰੂਰੀ ਭੱਤੇ ਨਹੀਂ ਦਿੱਤੇ ਜਾਂਦੇ। ਓਵਰ ਟਾਇਮ ਦਾ ਵੀ ਭੁਗਤਾਨ ਸਿੰਗਲ ਰੇਟ ਨਾਲ ਕੀਤਾ ਜਾਂਦਾ ਸੀ। ਇਨ੍ਹਾਂ ਹੀ ਨਹੀਂ ਪ੍ਰਬੰਧਕਾਂ ਦੀ ਮਨਮਾਨੀ ਦੇ ਖਿਲਾਫ਼ ਮੁਜਾਹਰਾ ਕਰਨ ਵਾਲੇ 11 ਮਜ਼ਦੂਰਾਂ ਦੀ ਕੰਮ ਤੋਂ ਛੁੱਟੀ ਕਰ ਦਿੱਤੀ ਗਈ ਸੀ। ਕਿਸਾਨਾਂ ਦੀ ਕੋਈ ਜਥੇਬੰਦੀ ਨਾ ਹੋਣ ਕਰਕੇ ਸੰਘਰਸ਼ ਦੀ ਅਗਵਾਈ ਪੂਰਵਾਂਚਲ ਚੀਨੀ ਮਿੱਲ ਮਜ਼ਦੂਰ ਯੂਨੀਅਨ ਨੇ ਹੀ ਕੀਤੀ ਸੀ। ਕਿਸਾਨਾਂ ਦੀ ਹਾਲਤ ਬਾਰੇ ਉਹ ਕਹਿੰਦੇ ਹਨ ਕਿ ਜੇ ਐੱਚ ਵੀ ਸ਼ੂਗਰ ਲਿਮਟਡ ਗਡੌਰਾ ਨੂੰ ਪ੍ਰਸ਼ਾਸਨ ਨੇ 59.25 ਕੁਇੰਟਲ ਗੰਨਾ ਦਿੱਤਾ ਸੀ, ਜਿਸ ਨੂੰ ਰੱਦ ਕਰਕੇ ਆਸ ਪਾਸ ਦੀਆਂ ਛੇ ਗੰਨਾ ਮਿੱਲਾਂ ਨੂੰ ਵੰਡ ਦਿੱਤਾ ਗਿਆ ਹੈ। ਜਿਨ੍ਹਾਂ ਪਿੰਡਾਂ ਨੂੰ ਵੰਡਿਆ ਗਿਆ ਹੈ ਉਨ੍ਹਾਂ ਤੇ ਪਹਿਲਾਂ ਤੋਂ ਹੀ ਸਮਰੱਥਾ ਤੋਂ ਵੱਧ ਭਾਰ ਹੈ। ਦੂਸਰੇ ਇਲਾਕੇ ਦਾ ਗੰਨਾ ਉਹ ਪੀੜ ਨਹੀਂ ਸਕਣਗੀਆਂ। ਸਿੱਟੇ ਵਜੋਂ ਕਿਸਾਨਾਂ ਦੇ ਕੋਲ ਖੇਤ ਵਿੱਚ ਗੰਨਾ ਫੂਕਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ। ਸਰਕਾਰ ਜੇਐੱਚਵੀ ਸ਼ੂਗਰ ਲਿਮਟਿਡ ਗੜੌਰਾ ਨੂੰ ਆਪਣੇ ਕਬਜ਼ੇ ਵਿੱਚ ਲੈਣ ਦੀ ਸਕੀਮ ਬਣਾਈ ਬੈਠੀ ਹੈ, ਪਰ ਦੂਜੇ ਪਾਸੇ ਅਧਿਕਾਰੀ ਕਿਸਾਨਾਂ ਨੂੰ ਮਿੱਲ ਚਲਾਉਣ ਤੋਂ ਵਾਇਦਾ ਕਰਕੇ ਗੁੰਮਰਾਹ ਕਰੀ ਜਾਂਦੇ ਹਨ। ਕਿਸਾਨਾਂ ਨੂੰ 45.92 ਕਰੋੜ ਦਾ ਭੁਗਤਾਨ ਨਾ ਕਰਨ ਅਤੇ ਸਰਕਾਰ ਨੂੰ ਗੁੰਮਰਾਹ ਕਰਨ ਦੇ ਦੋਸ਼ ਵਿੱਚ ਮਿੱਲ ਮਾਲਕ ਤੇ ਸਾਬਕਾ ਸਪਾ ਸੰਸਦ ਜਵਾਹਰ ਜਾਇਸਵਾਲ ਦੇ ਖ਼ਿਲਾਫ਼ ਗੰਨਾ ਸਕੱਤਰ ਪ੍ਰੇਮ ਚੰਦ ਦੀ ਤਹਿਰੀਰ ਤੇ ਪੁਲਸ ਧਾਰਾ 408, 409, 417, 418, 420, 427, 465, 468 ਤੇ 120 ਬੀ ਦੇ ਤਹਿਤ ਕੇਸ ਦਰਜ ਕਰ ਲਿਆ ਗਿਆ ਹੈ। ਨਾਲ ਹੀ ਯੂ ਪੀ ਗੰਨਾ ਪੂਰਤੀ ਖਰੀਦ ਐਕਟ ਅਤੇ 37 ਈਸੀਏ ਵਰ-ਗੀਆਂ ਗੰਭੀਰ ਧਾਰਾਵਾਂ ਵੀ ਲਾਇਆਂ ਗਈਆਂ ਹਨ। ਸਿਰਵਾਂ ਵਿਧਾਇਕ ਪ੍ਰੇਮ ਸਾਗਰ ਪਟੇਲ ਨੇ ਦੱਸਿਆ ਕਿ "ਮਿੱਲ ਤੇ ਕਿਸਾਨਾਂ ਦਾ 46 ਕਰੋੜ ਰੁਪਏ ਬਕਾਇਆ ਸੀ। ਸਰਕਾਰ ਨੇ ਪ੍ਰਬੰਧਕਾਂ ਨੂੰ ਕਿਹਾ ਸੀ ਬਕਾਇਦਾ ਭੁਗਤਾਨ ਕਰਵਾਓ ਅਤੇ ਮਿੱਲ ਚਲਾਓ। ਸੱਤ ਮਿੱਲਾਂ ਨੂੰ ਗੰਨੇ ਦੀ ਵੰਡ ਕਰ ਦਿੱਤੀ ਗਈ ਹੈ। ਸੈਂਟਰ ਲੱਗ ਗਏ ਹਨ ਅਤੇ ਗੰਨਾ ਚੁੱਕਿਆ ਜਾਵੇਗਾ। ਕਿਸਾਨਾਂ ਨੂੰ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾਵੇਗੀ ਸੱਤ ਦਿਨਾਂ ਚ ਕਿਸਾਨਾਂ ਦਾ ਭੁਗਤਾਨ ਕੀਤਾ ਜਾਵੇਗਾ ਜਿਸ ਨਾਲ ਉਨ੍ਹਾਂ ਨੂੰ ਰਾਹਤ ਮਿਲੇਗੀ। ਸਰਕਾਰ ਮਿੱਲ ਦੀ ਜ਼ਮੀਨ ਇਕਵਾਇਰ ਕਰਨ ਦੀ ਵੀ ਕਾਰਵਾਈ ਕਰ ਰਹੀ ਹੈ। ਮਿੱਲਾਂ ਨੂੰ ਵੇਚ ਕੇ ਕਿਸਾਨਾਂ ਦੇ ਬਕਾਏ ਦਾ ਭੁਗਤਾਨ ਕੀਤਾ ਜਾਵੇਗਾ। ਹਰ ਵਿਧ-ਾਇਕ ਪ੍ਰੇਮ ਸ਼ੰਕਰ ਪਟੇਲ ਦੇ ਦਾਅਵੇ ਸ਼ੱਕੀ ਹਨ ਕਿਉਂਕਿ ਜਿੰਨਾਂ 6 ਚੀਨੀ ਮਿਲਾਂ ਨੂੰ ਗਡੌਰਾ ਚੀਨੀ ਮਿੱਲ ਦੇ ਗੰਨੇ ਦੀ ਵੰਡ ਕੀਤੀ ਗਈ ਉਨ੍ਹਾਂ ਨੂੰ ਸਮਰੱਥਾ ਤੋਂ ਦੁਗਣੀ ਵੰਡ ਹੋ ਗਈ ਹੈ। ਆਈਪ-ਐਲ ਚੀਨੀ ਮਿੱਲ ਸਿਸਵਾਂ ਦੀ ਪਿੜਾਈ ਸਮਰੱਥਾ ਪੱਧਰ ਵੱਧ ਤੋਂ ਵੱਧ 33.90 ਲੱਖ ਕੁਇੰਟਲ ਹੈ। ਮਿੱਲ ਨੂੰ 70.22 ਲੱਖ, ਆਈਪੀਐਲ ਚੀਨੀ ਮਿੱਲ ਖੱਡਾਂ ਦੀ ਸਮਰੱਥਾ 27.89 ਦੇ ਮੁਕਾਬਲੇ 63.35 ਲੱਖ ਕੁਇੰਟਲ, 66.69 ਲੱਖ ਕੁਇੰਟਲ ਦੀ ਸਮਰੱਥਾ ਵਾਲੇ ਦਾ ਕਨੋਡੀਆ ਕਪਤਾਨਗੰਜ, ਕੁਸ਼ੀਨਗਰ ਮਿੱਲ ਨੂੰ 106.69 ਲੱਖ, ਬਿਰਲਾ ਸ਼ੂਗਰ ਮਿੱਲ ਢਾਢਾ ਨੂੰ 105.60 ਦੇ ਮੁਕਾਬਲੇ 216.18 ਲੱਖ ਅਤੇ 58.17 ਲੱਖ ਕੁਇੰਟਲ ਦੀ ਸਮਰਥਾ ਵਾਲੇ ਤਿਵੈਣੀ ਇੰਜਨੀਅਰਿੰਗ ਰਾਮਕੋਲਾ, ਕੁਸ਼ੀਨਗਰ ਮਿੱਲ ਨੂੰ 205.65 ਲੱਖ ਕੁਇੰਟਲ ਗੰਨਾ ਵੰਡਿਆ ਗਿਆ ਸੀ। ਉਕਤ ਤਿੰਨੇ ਮਿੱਲਾਂ ਨੂੰ ਹੀ ਗੋਡੌਰਾ ਚੀਨੀ ਮਿੱਲ ਦਾ 59.12 ਲੱਖ ਕੁਇੰਟਲ ਗੰਨੇ ਦੀ ਵੰਡ ਕਰ ਦਿੱਤੀ ਗਈ ਹੈ। ਇਨ੍ਹਾਂ ਵਿੱਚੋਂ ਘੋਸੀ ਮਿੱਲ ਨੇ ਗੰਨਾ ਲੈਣ ਤੋਂ ਮਨ੍ਹਾ ਕਰ ਦਿੱਤਾ ਹੈ। ਹੋਰ ਮਿੱਲਾਂ ਨੇ ਹਕੂਮਤ ਦੇ ਦਬਾਅ ਚ ਗੰਨਾ ਲੈਣਾ ਤਾਂ ਸਵੀਕਾਰ ਕਰ ਲਿਆ ਪਰ ਗੰਡੌਰਾ ਚੀਨੀ ਮਿਲ ਦੇ ਖੇਤਰ ਵਿੱਚ ਕੋਈ ਸੈਂਟਰ ਨਹੀਂ ਲਾਇਆ ਹੈ, ਜਦ ਕਿ ਗਡੌਰਾ ਮਿੱਲ ਦਾ ਗੰਨਾ ਪੀੜਨ ਲਈ 54 ਹਜ਼ਾਰ ਕੁਇੰਟਲ ਗੰਨਾ ਪ੍ਰਤੀ ਦਿਨ ਚੀਨੀ ਮਿੱਲਾਂ ਨੂੰ ਚੁੱਕਣਾ ਪਵੇਗਾ। ਹਾਲਾਂਕਿ ਮਿਲ ਦੇ ਅੰਦਰ ਇੱਕ ਸੈਂਟਰ ਲਾ ਦਿੱਤਾ ਗਿਆ ਹੈ ਪਰ ਰੋਜ਼ਾਨਾ ਇਹ ਕੇਵਲ 400 ਕੁਇੰਟਲ ਗੰਨਾ ਹੀ ਚੁੱਕ ਰਿਹਾ ਹੈ। ਮਿੱਲਾਂ ਦੇ ਲਈ ਪਹਿਲਾਂ ਤੋਂ ਵੰਡਿਆ ਗੰਨਾਂ ਪੀੜਣਾ ਮੁਸ਼ਕਿਲ ਹੈ ਤਾਂ ਗੰਡੌਰਾ ਚੀਨੀ ਮਿਲ ਦੇ ਹਿੱਸੇ ਦੀ ਪੜ੍ਹ-ਾਈ ਕਿਵੇਂ ਕਰਨਗੀਆਂ, ਦੂਜਾ ਜੇ ਸਰਕਾਰ ਗੰਨਾ ਮਿੱਲ ਨੂੰ ਆਪਣੇ ਕਬਜ਼ੇ ਚ ਹੀ ਲੈਣਾ ਚਾਹੁੰਦੀ ਸੀ। ਪੜ੍ਹਾਈ ਦੇ ਸੀਜ਼ਨ ਵਿੱਚ ਕਰਨ ਦੀ ਬਜਾਏ ਹੁਣ ਕਿਉਂ ਕੀਤਾ ਜਾ ਰਿਹਾ ਹੈ? ਮਿੱਲ ਨੂੰ ਬੰਦ ਕਰਨ ਦਾ ਚਾਹੇ ਜੋ ਮਰਜ਼ੀ ਕਾਰਨ ਹੋਵੇ 46 ਕਰੋੜ ਬਕਾਏ ਦਾ ਤਰਕ ਹਜ਼ਮ ਨਹੀਂ ਹੋ ਰਿਹਾ। ਖੇਤਰ ਦੀ ਬਹੁਤੀਆਂ ਮਿੱਲਾਂ ਤੇ ਲੱਗਭਗ ਇੰਨਾ ਹੀ ਬਕਾਇਆ ਹੈ, ਫਿਰ ਵੀ ਸਰਕਾਰ ਜੇ ਮਿੱਲ ਨੂੰ ਆਪਣੇ ਹੱਥ ਲੈਣਾ ਚਾਹੁੰਦੀ ਹੈ ਤਾਂ ਲਵੇ ਪਰ ਮਿੱਲ ਚਲਾਈ ਜਰੂਰ ਜਾਵੇ। ਮਿੱਲ ਬੰਦ ਹੋਈ ਤਾਂ ਕਿਸਾਨ ਤੇ ਮਜ਼ਦੂਰ ਸੰਕਟ 'ਚ ਆ ਜਾਣਗੇ। ਗੋਡਾਰਾ ਚੀਨੀ ਮਿੱਲ ਦੇ ਮੁੱਖ ਪ੍ਰਬੰਧਕ ਰਾਕੇਸ਼ ਸ਼ਰਮਾ ਸਰਕਾਰ ਦੀ ਕਾਰਵਾਈ ਤੇ ਸ਼ੰਤੁਸ਼ਟ ਨਹੀਂ ਤੇ ਕਹਿੰਦੇ ਹਨ "48 ਹਜ਼ਾਰ ਕਾਸਤਕਾਰ, ਛੇ ਸੌ ਮਜ਼ਦੂਰ ਤੇ ਅਸਿੱਧੇ ਰੂਪ ਚ 50 ਹਜ਼ਾਰ ਲੋਕਾਂ ਦਾ ਰੁਜ਼ਗਾਰ ਅਤੇ ਰੋਟੀ ਰੋਜ਼ੀ ਮਿੱਲ ਨਾਲ ਜੁੜੀ ਹੋਈ ਹੈ। ਪਿਛਲੇ ਅਤੇ ਮੌਜੂਦਾ ਭੁਗਤਾਨ ਅਸੀਂ ਕਰਾਂਗੇ। ਮਿੱਲ ਚਲਾਉਣ ਨੂੰ ਅਸੀਂ ਪੂਰੀ ਤਰ੍ਹਾਂ ਤਿਆਰ ਹਾਂ। ਸਰਕਾਰ ਤੋਂ ਨਿਜਾਤ ਮਿਲ ਮਿਲਦੇ ਹੀ ਅੱਠਵੇਂ ਦਿਨ ਮਿੱਲ ਚਾਲੂ ਹੋ ਜਾਵੇਗੀ। ਮਿੱਲ ਜੇ ਚਲੂ ਨਹੀਂ ਹੁੰਦੀ ਤਾਂ ਲੱਖਾਂ ਲੋਕਾਂ ਤੇ ਬੁਰਾ ਅਸਰ ਪਵੇਗਾ। ਸੂਬੇ ਦੀਆਂ ਮਿੱਲਾਂ ਸਿਰ ਕਿਸਾਨਾਂ ਦਾ 9,453.65 ਕਰੋੜ ਬਕਾਇਆ ਹੈ। ਫਸਲ ਬਰਬਾਦ ਹੋਣ ਤੇ ਤਾਂ ਕਿਸਾਨ ਬਰਬਾਦ ਹੁੰਦੇ ਹੀ ਹਨ ਪਰ ਅੱਛੀ ਫਸਲ ਕਿਸਾਨਾਂ ਨੂੰ ਫਾਇਦਾ ਪਹੁੰਚਾਏਗੀ ਇਹ ਦਾਅਵਾ ਕਰਨਾ ਵੀ ਗਲਤ ਹੋਵੇਗਾ। ਗੰਨੇ ਦੀ ਫ਼ਸਲ ਦਾ ਮਿੱਲਾਂ ਸਿਰ ਬਕਾਇਆ ਸਾਲ ਦਰ ਸਾਲ ਚਲਦਾ ਰਹਿੰਦਾ ਹੈ, ਭੁਗਤਾਨ ਨਹੀਂ ਹੁੰਦਾ ਗੰਨਾ ਕਿਸਾਨਾਂ ਕਿਸਾਨਾਂ ਦਾ ਮਿੱਲਾਂ ਸਿਰ ਕਰੋੜਾਂ ਦਾ ਬਕਾਇਆ ਅਤੇ ਅੱਛੀ ਫਸਲ ਹੋਣ ਦੇ ਬਾਅਦ ਵੀ ਬਦਹਾਲੀ ਦੀ ਦਲਦਲ ਵਿੱਚ ਧਸੇ ਰਹਿਣਾ ਸਿਰਫ ਮਹਾਰਾਜਗੰਜ ਤੱਕ ਸੀਮਤ ਨਹੀਂ ਬਲਕਿ ਪੂਰੇ ਸੂਬੇ ਦੇ ਗੰਨਾ ਕਿਸਾਨਾਂ ਦਾ ਇਹੀ ਹਾਲ ਹੈ। ਉੱਤਰ ਪ੍ਰਦੇਸ਼ ਚ 2017-18 ਚ ਗੰਨੇ ਦੀ ਫਸਲ 22.99 ਲੱਖ ਹੈਕਟੇਅਰ ਸੀ, ਜੋ 2018 ਚ ਵਧ ਕੇ 27.94 ਲੱਖ ਹੈਕਟੇਆਰ ਹੋ ਗਈ ਹੈ। ਪਿਛਲੇ ਸਾਲ ਦੀ ਤੁਲਨਾ ਵਿੱਚ ਪੌਦਾ 19.57 ਫੀਸਦੀ,ਪੇਡੀ 23.93 ਫੀਸਦੀ ਸਮੇਤ ਗੰਨੇ ਦੀ ਫਸਲ ਵਿੱਚ 21.53 ਫੀ ਸਦੀ ਦਾ ਵਾਧਾ ਹੋਇਆ ਹੈ।





ਡਾ ਅਜੀਤਪਾਲ ਸਿੰਘ ਐਮ ਡੀ
ਸਾਬਕਾ ਡਿਪਟੀ ਮੈਡੀਕਲ ਕਮਿਸ਼ਨਰ
91-98156-29301

ਫ਼ਸਲ ਦੀ ਮਾਤਰਾ ਵਧਣ ਨਾਲ ਚੀਨੀ ਦੀ ਪੈਦਾਵਾਰ ਵਧੇਗੀ ਪਰ ਇਸ ਫਾਇਦਾ ਕਿਸਾਨਾਂ ਨੂੰ ਤੇ ਚੀਨੀ ਖਪਤਕਾਰਾਂ ਨੂੰ ਮਿਲੇ ਇਸ ਦੀ ਸੰਭਾਵਨਾ ਘੱਟ ਹੈ। ਉੱਤਰ ਪ੍ਰਦੇਸ਼ ਦੇ ਗੰਨਾ ਕਿਸਾਨਾਂ ਦਾ ਮਿੱਲਾਂ ਸਿਰਫ ਬਕਾਇਆ 9,453 .65 ਕਰੋੜ ਰੁਪਏ ਤਕ ਪਹੁੰਚ ਚੁੱਕਾ ਹੈ, ਇਸ ਵਿੱਚ ਮੌਜੂਦਾ ਪਿੜਾਈ ਸੀਜ਼ਨ 2018-19 ਦਾ 6621.42 ਕਰੋੜ, 2017-18 ਦਾ 2832.23 ਕਰੋੜ ਸ਼ਾਮਲ ਹੈ। ਕਿਸਾਨਾਂ ਨੂੰ ਇਸ ਬਕਾਏ ਦਾ ਭੁਗਤਾਨ ਮਿਲੇਗਾ ਜਾਂ ਸਾਲ ਦਰ ਸਾਲ ਇਹ ਅੱਗੇ ਹੀ ਵਧਦਾ ਜਾਵੇਗਾ ਇਹ ਸਵਾਲ ਹਮੇਸ਼ਾਂ ਦੀ ਤਰ੍ਹਾਂ ਬਣਿਆ ਹੋਇਆ ਹੈ। *(ਕੁਰਟਸੀ ਮੀਡੀਆ ਵਿਜਲ)*

# ਸਿਲੇਬਸ ਅਧਾਰਿਤ ਅਭਿਆਸ ਪੁਸਤਕਾਂ ਵਿਭਾਗ ਦਾ ਲਾਹੇਵੰਦ ਉਪਰਾਲਾ

ਸੂਬਾ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਨੂੰ ਗੁਣਾਤਮਕ ਅਤੇ ਗਿਆਨਤਮਕ ਸਿੱਖਿਆ ਦੇਣ ਲਈ ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ ਪ੍ਰਾਜੈਕਟ ਲਾਗੂ ਕੀਤਾ ਹੋਇਆ ਹੈ। ਜਿਸਦੇ ਤਹਿਤ ਅਧਿਆਪਕਾਂ ਨੂੰ ਸਿਲੇਬਸ ਪੜ੍ਹਾਉਣ ਦੇ ਲਈ ਵੱਖ ਵੱਖ ਖੇਡ ਵਿਧੀਆਂ, ਪਾਠ ਸਹਾਇਕ ਕਿਰਿਆਵਾਂ ਕਰਵਾਉਣ ਦੀ ਟਰੇਨਿੰਗ ਕਰਵਾਈ ਜਾਂਦੀ ਹੈ। ਅਧਿਆਪਕ ਵਰਗ ਵੀ ਆਪਣਾ ਕੰਮ ਤਨਦੇਹੀ ਨਾਲ ਕਰਕੇ ਵਿਭਾਗ ਨੂੰ ਵਧੀਆ ਨਤੀਜਿਆਂ ਰਾਹੀਂ ਆਪਣਾ ਸਹਿਯੋਗ ਦੇ ਰਿਹਾ ਹੈ ਜੋ ਕਿ ਸਿੱਖਿਆ ਖੇਤਰ ਲਈ ਇੱਕ ਚੰਗਾ ਸੰਕੇਤ ਹੈ। ਇਹ ਵੇਖਣ ਨੂੰ ਮਿਲ ਰਿਹਾ ਹੈ ਕਿ ਸਿੱਖਿਆ ਵਿਭਾਗ ਅਧਿਆਪਕਾਂ ਅਤੇ ਵਿਦਿਆਰਥੀਆਂ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਯਤਨਸ਼ੀਲ ਹੈ। ਇਸਦੀ ਤਾਜ਼ਾ ਮਿਸਾਲ ਸ਼ੈਸ਼ਨ ਦੌਰਾਨ ਵਿਭਾਗ ਦੁਆਰਾ ਛੇਵੀਂ ਤੋਂ ਦਸਵੀਂ ਜਮਾਤ ਤੱਕ ਅੰਗਰੇਜੀ ਅਤੇ ਸਮਾਜਿਕ ਸਿੱਖਿਆ ਵਿਸ਼ੇ ਲਈ ਸਿਲੇਬਸ ਅਧਾਰਿਤ ਅਭਿਆਸ ਪੁਸਤਕਾਂ ਜਾਰੀ ਕਰਨਾ ਹੈ। ਇਸ ਕਦਮ ਦੀ ਮਕਬੂਲੀਅਤ ਦਾ ਪਤਾ ਇਸ ਤੋਂ ਲੱਗਦਾ ਹੈ ਕਿ ਪ੍ਰਾਈਵੇਟ ਸਕੂਲਾਂ ਵੱਲੋਂ ਇਹਨਾਂ ਅਭਿਆਸ ਪੁਸਤਕਾਂ ਨੂੰ ਸਰਾਹਿਆ ਗਿਆ ਹੈ। ਸਿੱਖਣ ਅਤੇ ਸਿਖਾਉਣ ਦੀ ਪ੍ਰਕਿਰਿਆ ਵਿੱਚ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਲਈ ਵਰਕ ਬੁੱਕ ਬੜੀ ਲਾਹੇਵੰਦ ਸਿੱਧ ਹੋ ਰਹੀ ਹੈ।

ਅਭਿਆਸ ਪੁਸਤਕ ਵਿਦਿਆਰਥੀਆਂ ਦੇ ਵਿੱਚ ਪੜ੍ਹਨ ਸਬੰਧੀ ਔਕੜਾਂ, ਵਿਸ਼ੇ ਸਬੰਧੀ ਦਿਲਚਸਪੀ ਉਤਪੰਨ ਕਰਨ ਆਦਿ ਵਿੱਚ ਮਦਦਗਾਰ ਸਿੱਧ ਹੋ ਰਹੀ ਹੈ। ਵਿਸ਼ਾ ਮਾਹਿਰ ਅਧਿਆਪਕਾਂ ਦੁਆਰਾ ਤਿਆਰ ਅਭਿਆਸ ਪੁਸਤਕਾਂ ਨੂੰ ਬੱਚਿਆਂ ਦੇ ਪੱਧਰ ਮੁਤਾਬਿਕ ਬਣਾਇਆ ਗਿਆ ਹੈ। ਇਸ ਵਿੱਚ ਪਾਠ ਨਾਲ ਸਬੰਧਿਤ ਪ੍ਰਸ਼ਨ ਉੱਤਰਾਂ ਨੂੰ ਸੰਖੇਪ ਵਿੱਚ ਲਿਖਣਾ, ਠੀਕ ਗਲਤ, ਬਹੁ ਵਿਕਲਪੀ ਪ੍ਰਸ਼ਨ, ਵਧੀਆ ਛਪਾਈ, ਰੰਗਦਾਰ ਤਸਵੀਰਾਂ, ਆਪਸੀ ਮਿਲਾਨ, ਖਾਲੀ ਸਥਾਨ ਭਰਨਾ, ਜੰਬਲ ਵਰਡਜ਼, ਸਹੀ ਵਾਕ ਬਣਾਉਣਾ, ਸ਼ਪੈਲਿੰਗ ਨੂੰ ਦਰੁਸਤ ਕਰਨਾ, ਵਿਆਕਰਨ ਦਾ ਅਭਿਆਸ, ਮਾਈਂਡ ਮੈਪ, ਅਨੁਵਾਦ ਕਰਨਾ ਆਦਿ ਨੂੰ ਸਚੁੱਜੇ ਢੰਗ ਨਾਲ ਸਾਮਿਲ ਕੀਤਾ ਗਿਆ ਹੈ। ਇਸ ਦੀ ਪ੍ਰਿੰਟਿੰਗ, ਲੈਮੀਨੇਟਿਡ ਕਵਰ ਆਦਿ ਬਾ-ਕਮਾਲ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ ਕਿ ਇਹ ਸਿੱਖਿਆ ਵਿਭਾਗ ਦੂਰ-ਅੰਦੇਸ਼ੀ ਸੱਚ ਦਾ ਹੀ ਨਤੀਜਾ ਹੈ ਕਿਉਂ ਜੋ ਨੈਸ਼ਨਲ ਅਚੀਵਮੈਂਟ ਸਰਵੇ ਸਬੰਧੀ ਪੇਪਰ ਅੱਗੇ ਹੋਣਾ ਹੈ ਜਿਸਦੇ ਪ੍ਰਦਰਸ਼ਨ ਦੇ ਅਧਾਰ ਤੇ ਸੂਬੇ ਦੀ ਰੈਕਿੰਗ ਹੁੰਦੀ ਹੈ। ਅਜਿਹੇ ਵਿੱਚ ਸਮਾਜਿਕ ਵਿਗਿਆਨ ਦੀ ਅਭਿਆਸ ਪੁਸਤਿਕਾ ਵਿਦਿਆਰਥੀਆਂ ਨੂੰ ਪਾਠਾਂ ਦੇ ਲਰਨਿੰਗ ਆਊਟਕਮ ਸਿੱਖਣ ਵਿੱਚ ਮੱਦਦ ਕਰਨ ਦੇ ਨਾਲ ਹਰ ਪ੍ਰਤਿਯੋਗੀ ਪ੍ਰੀਖਿਆਵਾਂ ਨੂੰ ਪਾਸ ਕਰਨ ਵਿੱਚ ਮਹੱਤਵਪੂਰਣ ਭੂਮਿਕਾ ਅਦਾ ਕਰੇਗੀ। ਇਹ ਵਿਦਿਆਰਥੀਆਂ ਨੂੰ ਵਧੀਆਂ ਲਿਖਾਈ ਕਰਨ ਨੂੰ ਉਤਸ਼ਾਹਿਤ ਕਰ ਰਹੀ ਹੈ।




ਜਮਾਤ ਵਿੱਚ ਅਵਸਸਤ ਤੋਂ ਨੀਚੇ ਬੱਚੇ ਹਮੇਸ਼ਾ ਹੀ ਅਧਿਆਪਕ ਦੇ ਲਈ ਚੁਣੌਤੀ ਹੁੰਦੇ ਹਨ।ਅਧਿਆਪਕ ਆਪਣੇ ਪੱਧਰ ਤੇ ਬੜੀ ਕੋਸ਼ਿਸ਼ ਕਰਦੇ ਹਨ ਪਰ ਸਿਲੇਬਸ ਨੂੰ ਕਰਵਾਉਣ ਅਤੇ ਸਮੇਂ ਦੀ ਘਾਟ ਸਦਕਾ ਇਹਨਾਂ ਬੱਚਿਆਂ ਸਬੰਧੀ ਉਨੀ ਕਾਮਯਾਬੀ ਨਹੀਂ ਮਿਲਦੀ। ਅਭਿਆਸ ਪੁਸਤਿਕਾ ਵਿੱਚ ਦਰਜ਼ ਕੀਤੇ ਗਏ ਸੰਖੇਪ ਪ੍ਰਸ਼ਨ ਉੱਤਰ ਅਤੇ ਹਰ ਕਿਰਿਆਵਾਂ ਆਦਿ ਨਾਲ ਇਹ ਸਮੱਸਿਆ ਦਾ ਹੱਲ ਹੋਣਾ ਲਾਜ਼ਮੀ ਹੈ। ਪੜ੍ਹਾਈ ਵਿੱਚ ਕਮਜੋਰ ਵਿਦਿਆਰਥੀਆਂ ਅੰਦਰ ਪੜ੍ਹਨ ਦੀ ਰੁਚੀ ਉਤਪੰਨ ਹੋਣ ਨਾਲ ਡਰਾਪ ਆਊਟ ਦਾ ਖਾਤਮਾ ਹੋਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਸਰਕਾਰੀ ਸਕੂਲਾਂ ਵਿੱਚ ਪੜਨ ਵਾਲੇ ਬੱਚਿਆਂ ਦੇ ਆਰਥਿਕ ਹਾਲਾਤਾਂ ਬਾਰੇ ਆਪਾਂ ਸਾਰੇ ਹੀ ਵਾਕਿਫ਼ ਹਾਂ।ਜਿਸ ਕਰਕੇ ਉਹ ਮਹਿੰਗੀਆਂ ਕਾਪੀਆਂ, ਕਿਤਾਬਾਂ ਖਰੀਦਣ ਤੋਂ ਅਸਮਰੱਥ ਹੁੰਦੇ ਹਨ। ਇਹ ਅਭਿਆਸ ਪੁਸਤਕਾਂ ਬਿਲਕੁਲ ਮੁਫਤ ਵਿਦਿਆਰਥੀਆਂ ਨੂੰ ਦੇਣ ਲਈ ਵਿਭਾਗ ਦੀ ਜਿੰਨੀ ਪ੍ਰਸ਼ੰਸਾ ਕੀਤੀ ਜਾਵੇ ਉਹ ਘੱਟ ਹੈ। ਉਮੀਦ ਹੈ ਕਿ ਇਸ ਤਰ੍ਹਾਂ ਦੇ ਉਪਰਾਲੇ ਜਾਰੀ ਰਹਿਣਗੇ ਤਾਂ ਵਿਦਿਆਰਥੀਆਂ ਨੂੰ ਮਿਆਰੀ ਸਿੱਖਿਆ ਦੇਣ ਦਾ ਸੁਪਨਾ ਜੋ ਸਰਕਾਰ ਨੇ ਵੇਖਿਆ ਹੈ ਉਹ ਸਾਕਾਰ ਹੋ ਸਕੇ।



ਚਮਨਦੀਪ ਸ਼ਰਮਾ
91-95010 33005

## ਇਕਬਾਲ ਦੇ ਨਗ਼ਮੇ ਦੀ ਚੀਰ-ਫਾੜ!

ਥਾ ਸਾਰੇ ਜਹਾਂ ਸੇ ਅੱਛਾ ਹਿੰਦੁਸਤਾਂ ਹਮਾਰਾ
ਮੁਸ਼ਕਿਲ ਹੈ ਬਹੁਤ ਲੇਕਿਨ ਅਬ ਜੀਨਾਂ ਯਹਾਂ ਹਮਾਰਾ
ਸਭ ਬੁਲਬਲੇਂ ਯਿਹ ਕਹ ਕਰ ਖਾਮੋਸ਼ ਹੋ ਗਈ ਹੈਂ
ਕਊਓਂ ਕੇ ਸ਼ੋਰ ਮੇਂ ਅਬ ਨਗ਼ਮਾਂ ਨਹੀਂ ਹਮਾਰਾ
ਪ੍ਰਬਤ ਜੋ ਸਭ ਸੇ ਊਚਾ ਗ਼ਮ ਸੇ ਪਿਘਲ ਰਹਾ ਹੈ
ਮਾਲੂਮ ਹੈ ਉਸੇ ਭੀ ਦਰਦੇ-ਨਿਹਾਂ ਹਮਾਰਾ
ਸੰਘੀ ਸਿਖਾ ਰਹੇ ਹੈਂ ਆਪਸ ਮੇਂ ਵੈਰ ਰਖਨਾਂ
ਮਿਟਤਾ ਹੀ ਜਾ ਰਹਾ ਹੈ ਆਪਸ ਮੇਂ ਭਾਈਚਾਰਾ
ਹਰ ਪੇੜ ਪਰ ਹੈ ਉੱਲੂ ਕਬਜ਼ਾ ਜਮਾਏ ਬੈਠੇ
ਕਿਸ ਸ਼ਾਖ ਪਰ ਬਨੇਂ ਗਾ ਅਬ ਆਸ਼ੀਆਂ ਹਮਾਰਾ
ਨਫਰਤ ਜੋ ਕਰਤੇ ਆਏ ਸੌ ਬਾਰ ਲੇ ਚੁਕੇ ਹੈਂ
ਅਬ ਫਿਰ ਭੀ ਲੇ ਰਹੇ ਹੈਂ ਵੁਹ ਇਮਤਿਹਾਂ ਹਮਾਰਾ
ਹਰ ਤਰਫ ਹੈਂ ਘੁਟਾਲੇ ਦਹਸ਼ਤ ਹੈ ਹਰ ਜਗਹ ਹੀ
ਅਬ ਮੌਜੂ ਬਨਾ ਰਹਾ ਹੈ ਸਾਰਾ ਜਹਾਂ ਹਮਾਰਾ
ਜ਼ੰਨਤ-ਨੁਮਾਂ ਚਮਨ ਮੇਂ ਕੈਸੇ ਖਿਜ਼ਾਂ ਨਾ ਆਏ
ਕਾਤਿਲ ਹੈ ਬੁਲਬਲੋਂ ਕਾ ਅਬ ਬਾਗ਼ਬਾਂ ਹਮਾਰਾ
ਹਰ ਕੋਈ ਸੋਚਤਾ ਹੈ ਅਬ ਆਹੇਂ ਭਰਤੇ ਭਰਤੇ
ਕੈਸਾ ਬਦਲ ਗਯਾ ਹੈ ਯਹ ਹਿੰਦੁਸਤਾਂ ਹਮਾਰਾ
ਗੁਜ਼ਰੀ ਹੈ ਰੰਜੋ-ਗ਼ਮ ਮੇਂ ਅਬ ਤਕ ਜੋ ਜ਼ਿੰਦਗੀ ਭੀ
ਕਿਸ ਦਿਲ ਸੇ 'ਵਤਨ' ਕਹਿ ਦੇਂ ਕਿ ਹਿੰਦੁਸਤਾਂ ਹਮਾਰਾ !

**(ਸੋਸ਼ਲ ਮੀਡ੍ਰੀਏ ਤੋਂ ਧੰਨਵਾਦ ਸਹਿਤ**
**ਲਿੱਪੀਅੰਤਰ-ਤਰਲੋਚਨ ਸਿੰਘ ਦੁਪਾਲ ਪੁਰ)**

## ਜਿਹਦੀ ਲਾਠੀ ਉਹਦੀ ਮੱਝ !

ਪੌੜੀ ਵੋਟ-ਰਾਜ ਦੀ ਵਰਤ ਗਈ ਏ ਤਾਨਾ-ਸ਼ਾਹੀ
ਲੋਕ-ਰਾਜ ਢੰਗ ਤੇ ਬੇਵੱਸ ਹੋ ਕੇ ਬਹਿ ਗਿਆ ।
ਸਿਆਸਤੀ ਸਿਆਣੇ ਤੇ ਸਕਾਲਰਾਂ ਦੇ ਹੁੰਦੇ-ਸੁੰਦੇ
ਸੈਕੂਲਰ ਸੋਚ ਤਾਂਈਂ 'ਨਾਗ-ਵਲ਼' ਪੈ ਗਿਆ ।
ਵੱਜਦਾ ਨਗਾੜਾ ਐਸਾ 'ਰਾਸ਼ਟਰਵਾਦ' ਵਾਲ਼ਾ
ਕਰੇ ਜੇ ਸਵਾਲ ਕੋਈ 'ਤੂਤੀ' ਬਣ ਰਹਿ ਗਿਆ ।
ਦਿਸੇ ਛੁਟਕਾਰੇ ਦੀ ਸੰਭਾਵਨਾ ਨਾ ਹਾਲੇ ਕੋਈ
ਤਬਕਾ ਵਿਰੋਧੀ ਡਰ ਸਹੇ ਵਾਂਗੂੰ ਛਹਿ ਗਿਆ ।
ਦੇਖਿਆ ਹਸ਼ਰ ਮਾੜਾ ਵਾਅ੍ਹਦੇ ਸਮਝੌਤਿਆਂ ਦਾ
ਜਿਹਦੇ ਹੱਥ ਲਾਠੀ ਓਹੀਓ ਮੱਝ ਖੋਲ੍ਹ ਲੈ ਗਿਆ ।
ਤਕੜੇ ਦਾ ਸੱਤੀ ਵੀਹੀਂ ਸੌ ਹੀ ਨਹੀਂ ਹਜਾਰ ਹੁੰਦਾ
ਨਵਾਂ ਇਹ ਅਖਾਣ ਹੈ 'ਦੁਪਾਲ ਪੁਰੀ' ਕਹਿ ਗਿਆ!



**-ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

## ਨਜ਼ਮ — ਜਿਹੜੀ ਕੌਮ ਦੇ ਨਹੀਂ ਅਖਬਾਰ ਹੁੰਦੇ

ਉਹ ਕੌਮ ਨਾ ਕਦੇ ਗੁਲਾਮ ਹੁੰਦੀ, ਜਿਹਦੇ ਜਾਗਦੇ ਸਦਾ ਪਹਿਰੇਦਾਰ ਹੁੰਦੇ।
ਉਸ ਕੌਮ ਦਾ ਉੱਚਾ ਏ ਸਿਰ ਹੁੰਦਾ, ਸਿਰ ਦੇਣ ਲਈ ਜਿਹਦੇ ਸਿਰਦਾਰ ਹੁੰਦੇ।
ਉਹ ਕੌਮ ਸਦਾ ਹੀ ਰਹੇ ਜਿੰਦਾ, ਸਿਰ ਕੌਮ ਦੇ ਸੱਚੇ ਇਕਰਾਰ ਹੁੰਦੇ।
ਐਪਰ ਪੱਛੜਦੀ ਰਹਿੰਦੀ ਏ ਕੌਮੀ ਉਹੋ, ਜਿਹੜੀ ਕੌਮ ਦੇ ਨਹੀਂ ਅਖਬਾਰ ਹੁੰਦੇ।
ਜਿੰਦਾ ਰਹਿਣ ਲਈ ਮਰਨਾ ਪਊ ਪਹਿਲਾਂ, ਜ਼ਿੰਦਗੀ ਅਣਖ ਭਰੀ ਸੌਖੀ ਮਿਲਦੀ ਨਹੀਂ।
ਜਿਸ ਕੌਮ ਦੀ ਜੜ੍ਹ ਮਜ਼ਬੂਤ ਹੋਵੇ, ਝੱਖੜ ਜ਼ੁਲਮ ਝੂਲੇ ਜੜ੍ਹੋਂ ਹਿਲਦੀ ਨਹੀਂ।
ਜਿਹੜੀ ਕੌਮ ਸੂਰੇ ਜੰਮ ਸਕਦੀ ਨਾ, ਫੁੱਲਾਂ ਵਾਂਗ ਉਹ ਕਦੇ ਵੀ ਖਿਲਦੀ ਨਹੀਂ।
ਉਹ ਕੌਮ ਨਾਂ ਕਦੀ ਵੀ ਹੋਵੇ ਰੌਸ਼ਨ, ਸਾਗਰ ਜ਼ੁਲਮਾਂ ਵਾਲੇ ਜੋ ਠਿੱਲ੍ਹਦੀ ਨਹੀਂ।
ਸਦਾ ਜੰਮਣ ਸ਼ਹੀਦ ਉਸ ਕੌਮ ਵਿਚ, ਜਿਹਦੇ ਸੀਨੇ ਵਿਚੋਂ ਛੁਰੇ ਪਾਰ ਹੁੰਦੇ।
ਉਸ ਕੌਮ ਦੀ ਰਹੇ ਨਾ ਹੋਂਦ ਬਾਕੀ, ਜਿਹੜੀ ਕੌਮ ਦੇ ਨਹੀਂ ਅਖਬਾਰ ਹੁੰਦੇ।
ਉਹ ਕੌਮ ਅੰਬਰ ਦੀ ਛੂਹੇ ਟੀਸੀ, ਜਿਹੜੀ ਕੌਮ ਦੇ ਲੋਕ ਕਮਾਊ ਹੁੰਦੇ।
ਉਸ ਕੌਮ ਨੂੰ ਹੋਵੇ ਸਲਾਮ ਵੀਰਾ, ਬੰਦੇ ਕੌਮ ਜਿਹੜੀ ਵਿਚ ਸਾਊ ਹੁੰਦੇ।
ਉਸ ਕੌਮ ਨੂੰ ਕਹਿਣ ਮਰਜੀਵੜੀ ਸਭ, ਜਿਹਦੇ ਸ਼ਹੀਦ ਬੇ-ਸ਼ੁਮਾਰ ਹੁੰਦੇ।
ਉਹ ਕੌਮ ਨਾਂ ਕਰਦੀ ਸਿਰ ਉੱਚਾ, 'ਸੰਗੀ' ਜਿਸ ਦੇ ਨਹੀਂ ਅਖਬਾਰ ਹੁੰਦੇ।

**- ਕ੍ਰਿਤ ਸੰਗੀਤ ਸਿੰਘ ਸੰਗੀ, ਸੂਰ ਘੁਰੀ ਵਾਲਾ**

# ਦੁਵੱਲੇ ਮੱਤਭੇਦ ਵਿਵਾਦ ਵਿੱਚ ਤਬਦੀਲ ਨਹੀ ਹੋਣੇ ਚਾਹੀਦੇ: ਜੈਸ਼ੰਕਰ

**ਪੇਈਚਿੰਗ-** ਭਾਰਤ ਨੇ ਚੀਨ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਹੈ ਕਿ ਦੁਵੱਲੇ ਮੱਤਭੇਦ ਕਿਸੇ ਵਿਵਾਦ 'ਚ ਤਬਦੀਲ ਨਾ ਹੋਣ। ਲੱਦਾਖ਼ ਨੂੰ ਕੇਂਦਰ ਸ਼ਾਸਤ ਪ੍ਰਦੇਸ਼ ਬਣਾਏ ਜਾਣ 'ਤੇ ਚੀਨ ਦੇ ਇਤਰਾਜ਼ ਉਤੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਨੇ ਆਪਣੇ ਚੀਨੀ ਹਮਰੁਤਬਾ ਨੂੰ ਕਿਹਾ ਕਿ ਜੰਮੂ ਕਸ਼ਮੀਰ 'ਤੇ ਭਾਰਤ ਦਾ ਫੈਸਲਾ ਦੇਸ਼ ਦਾ 'ਅੰਦਰੂਨੀ' ਵਿਸ਼ਾ ਹੈ ਅਤੇ ਇਸ ਦਾ ਭਾਰਤ ਦੀ ਕੌਮਾਂਤਰੀ ਸਰਹੱਦ ਅਤੇ ਚੀਨ ਨਾਲ ਲੱਗਦੀ ਅਸਲ ਕੰਟਰੋਲ ਰੇਖਾ 'ਤੇ ਕੋਈ ਅਸਰ ਨਹੀਂ ਪਵੇਗਾ। ਭਾਰਤ ਨੇ ਇਹ ਟਿੱਪਣੀ ਉਸ ਸਮੇਂ ਕੀਤੀ ਜਦੋਂ ਪੇਈਚਿੰਗ ਨੇ ਕਿਹਾ ਕਿ ਕਸ਼ਮੀਰ ਮਸਲੇ 'ਤੇ ਉਹ ਭਾਰਤ-ਪਾਕਿ-ਸਤਾਨ 'ਚ ਪੈਦਾ ਹੋਏ ਤਣਾਅ ਉਪਰ ਨੇੜਿਉਂ ਨਜ਼ਰ ਰੱਖ ਰਿਹਾ ਹੈ। ਇਸ ਦੇ ਨਾਲ ਚੀਨ ਨੇ ਭਾਰਤ ਨੂੰ ਕਿਹਾ ਕਿ ਉਹ ਖੇਤਰੀ ਸ਼ਾਂਤੀ ਅਤੇ ਸਥਿਰਤਾ ਲਈ ਉਸਾਰੂ ਭੂਮਿਕਾ ਅਦਾ ਕਰੇ। ਚੀਨ ਦੇ ਤਿੰਨ ਦਿਨਾਂ ਦੌਰੇ 'ਤੇ ਗਏ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਚੀਨੀ ਉਪ ਰਾਸ਼ਟਰਪਤੀ ਵੈਂਗ ਕਿਸ਼ਾਨ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਨੂੰ ਰਾਸ਼ਟਰਪਤੀ ਸ਼ੀ ਜਿਨਪਿੰਗ ਦਾ ਨਜ਼ਦੀਕੀ ਮੰਨਿਆ ਜਾਂਦਾ ਹੈ। ਬਾਅਦ 'ਚ ਜੈਸ਼ੰਕਰ ਨੇ ਵਿਦੇਸ਼ ਮੰਤਰੀ ਵੈਂਗ ਯੀ ਨਾਲ ਵਫ਼ਦ ਪੱਧਰੀ ਗੱਲਬਾਤ ਕੀਤੀ। ਸ੍ਰੀ ਜੈਸ਼ੰਕਰ ਦਾ ਸਵਾਗਤ ਕਰਦਿਆਂ ਵਿਦੇਸ਼ ਮੰਤਰੀ ਵੈਂਗ ਨੇ ਭਾਰਤ ਅਤੇ ਪਾਕਿਸਤਾਨ ਵਿਚਕਾਰ ਤਣਾਅ ਦਾ ਜ਼ਿਕਰ ਕੀਤਾ ਪਰ ਉਨ੍ਹਾਂ ਸਿੱਧੇ ਤੌਰ 'ਤੇ ਜੰਮੂ ਕਸ਼ਮੀਰ 'ਚੋਂ ਹਟਾਈ ਗਈ ਧਾਰਾ 370 ਬਾਰੇ ਕੋਈ ਗੱਲ ਨਹੀਂ ਕੀਤੀ। ਉਨ੍ਹਾਂ ਕਿਹਾ ਕਿ ਸ਼ਾਂਤੀਪੂਰਵਕ ਸਹਿ-ਹੋਂਦ ਦੇ ਪੰਜ ਸਿਧਾਂਤਾਂ ਦੇ ਆਧਾਰ 'ਤੇ ਆਪਸੀ ਲਾਭਕਾਰੀ ਸਹਿਯੋਗ ਹੋ ਸਕਦਾ ਹੈ। 'ਇਹ ਸਾਡੇ ਲੋਕਾਂ ਦੇ ਹਿੱਤ 'ਚ ਹੈ ਅਤੇ ਇਹ ਆਲਮੀ ਸ਼ਾਂਤੀ ਅਤੇ ਮਨੁੱਖੀ ਤਰੱਕੀ 'ਚ ਯੋਗਦਾਨ ਪਾਏਗਾ।' ਉਨ੍ਹਾਂ ਕਿਹਾ,''ਚੀਨ ਅਤੇ ਭਾਰਤ ਦੋ ਵੱਡੇ ਮੁਲਕ ਹਨ ਜਿਸ ਕਾਰਨ ਸਾਡੇ 'ਤੇ ਖੇਤਰੀ ਸ਼ਾਂਤੀ ਅਤੇ ਸਥਿਰਤਾ ਬਣਾਈ ਰੱਖਣ ਦੀ ਅਹਿਮ ਜ਼ਿੰਮੇਵਾਰੀ ਹੈ।''

ਮੁਲਾਕਾਤ ਦੌਰਾਨ ਆਪਣੀ ਸ਼ੁਰਆਤੀ ਟਿੱਪਣੀ 'ਚ ਸ੍ਰੀ ਜੈਸ਼ੰਕਰ ਨੇ ਕਿਹਾ ਕਿ ਭਾਰਤ ਅਤੇ ਚੀਨ ਦੇ ਸਬੰਧਾਂ ਦਾ ਆਲਮੀ ਸਿਆਸਤ 'ਚ ਨਿਵੇਕਲਾ ਸਥਾਨ ਹੈ। ਦੋ ਸਾਲ ਪਹਿਲਾਂ ਸਾਡੇ ਆਗੂ ਅਸਤਾਨਾ 'ਚ ਆਮ ਸਹਿਮਤੀ 'ਤੇ ਪੁੱਜੇ ਸਨ ਕਿ ਜਦੋਂ ਦੁਨੀਆਂ 'ਚ ਪਹਿਲਾਂ ਨਾਲੋਂ ਵੱਧ ਬੇਯਕੀਨੀ ਦਾ ਮਾਹੌਲ ਹੈ ਤਾਂ ਭਾਰਤ ਅਤੇ ਚੀਨ ਦੇ ਰਿਸ਼ਤੇ ਸਥਿਰਤਾ ਦਾ ਕਾਰਕ ਬਣਨੇ ਚਾਹੀਦੇ ਹਨ। ਉਨ੍ਹਾਂ ਆਸ ਜਤਾਈ ਕਿ ਅੱਜ ਦੀ ਗੱਲਬਾਤ ਦੋਵੇਂ ਮੁਲਕਾਂ 'ਚ ਹੋਰ ਗੂੜੇ ਸਬੰਧ ਬਣਾਉਣ 'ਚ ਸਹਾਈ ਹੋਵੇਗੀ।

# ਛੋਟੀ ਉਮਰੇ ਲੰਮੀਆਂ ਪੁਲਾਘਾਂ: ਅਰਸ਼ਪ੍ਰੀਤ ਧਾਲੀਵਾਲ



**ਪ੍ਰੀਤਮ ਲੁਧਿਆਣਵੀ**
+91-9876428641

ਜ਼ਿੰਦਗੀ ਵਿੱਚ ਉਮਰ ਦਾ ਤਜਰਬਾ ਭਾਵੇਂ ਬਹੁਤ ਹੀ ਮਾਇਨਾ ਰੱਖਦਾ ਹੈ, ਪਰ ਇਹ ਜਰੂਰੀ ਨਹੀਂ ਕਿ ਹਰ ਖੇਤਰ ਵਿੱਚ ਵੱਡੀ ਉਮਰ ਵਾਲੇ ਹੀ ਵਧੀਆ ਮਾਅਰਕੇ ਦੀ ਗੱਲ ਕਰਦੇ ਹਨ। ਅਜੋਕੇ ਸਮੇਂ ਵਿੱਚ, ਨਵੀਂ ਪੀੜ੍ਹੀ ਦੇ ਤੇਜ-ਤਰਾਰ ਦਿਮਾਗ, ਛੋਟੀ ਉਮਰੇ ਵੀ ਉਸਾਰੂ ਸੋਚ ਭਰਪੂਰ ਵਲਵਲੇ ਨਾਲ, ਸਮਾਜ ਵਿੱਚ ਜੋ ਵਾਪਰ ਰਿਹਾ ਹੈ, ਉਸ ਨੂੰ ਆਪਣੀ ਕਲਮ ਰਾਹੀਂ ਮੋਤੀਆਂ ਵਾਂਗੂ ਪ੍ਰੋਣਾ ਜਾਣਦੇ ਹਨ, ਜੋ ਪੜ੍ਹਨ-ਸੁਣਨ ਵਾਲਿਆਂ ਨੂੰ ਮੱਲੋ-ਮੱਲੀ ਕੀਲ ਲੈਂਦਾ ਹੈ। ਮੇਰੀ ਮੁਰਾਦ ਹੈ, ਸ: ਗੁਰਪ੍ਰੀਤ ਧਾਲੀਵਾਲ ਦੇ ਗ੍ਰਹਿ ਵਿਖੇ 24 ਅਗਸਤ 2006 ਨੂੰ ਖਰੜ ਵਿੱਚ ਸ਼੍ਰੀਮਤੀ ਮਨਪ੍ਰੀਤ ਕੌਰ ਦੀ ਕੁੱਖੋਂ ਜਨਮੇ ਕਾਕਾ ਅਰਸ਼ਪ੍ਰੀਤ ਧਾਲੀਵਾਲ ਤੋ। ਅਰਸਦੀਪ ਇਕ ਐਸਾ ਖੁਸ਼-ਨਸੀਬ ਬੱਚਾ ਹੈ ਜਿਸ ਨੂੰ ਵੱਖ-ਵੱਖ ਕਲਾਵਾਂ ਵਿਰਸੇ ਵਿਚ ਹੀ ਮਿਲੀਆਂ ਹਨ, ਕਿਉਕਿ ਉਸ ਦੇ ਪਿਤਾ ਜੀ ਥੀਏਟਰ-ਕਲਾਕਾਰ, ਫ਼ਿਲਮੀ- ਕਲਾਕਾਰ ਹੋਣ ਦੇ ਨਾਲ-ਨਾਲ ਇੱਕ ਚੰਗੇ ਲਿਖਾਰੀ ਵਜੋਂ ਵੀ ਜਾਣੇ ਜਾਂਦੇ ਹਨ। ਪੇਸ਼ੇ ਵਜੋਂ ਜਿੱਥੇ ਉਹ ਖੁਦ (ਸ: ਗੁਰਪ੍ਰੀਤ ਧਾਲੀਵਾਲ) ਵੈਟਰਨਰੀ ਇੰਸਪੈਕਟਰ ਹਨ, ਉਥੇ ਉਨ੍ਹਾਂ ਦੀ ਧਰਮ-ਪਤਨੀ ਸਿਹਤ ਵਿਭਾਗ ਵਿੱਚ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ। 13 ਸਾਲ ਦੀ ਉਮਰ ਦਾ ਬਹੁਤ ਹੀ ਪਿਆਰਾ, ਚੰਚਲ, ਸੁਸ਼ੀਲ ਅਰਸ਼ਪ੍ਰੀਤ ਧਾਲੀਵਾਲ ਸੈਂਟ ਇਜ਼ਰਾ ਇੰਟਰਨੈਸ਼ਨਲ ਸੀਨੀਅਰ ਸੈਕੰਡਰੀ ਸਕੂਲ ਖਰੜ ਵਿਖੇ, ਅੱਠਵੀਂ ਕਲਾਸ ਦਾ ਵਿਦਿਆਰਥੀ ਹੈ। ਸਕੂਲ ਵਿੱਚ ਹੋਣ ਵਾਲੀਆਂ ਸਾਰੀਆਂ ਗਤੀਵਿਧੀਆਂ ਵਿੱਚ ਹਿੱਸਾ ਲੈਣਾ ਤੇ ਹਮੇਸ਼ਾਂ ਪਹਿਲੇ ਨੰਬਰ ਤੇ ਆ ਕੇ ਇਨਾਮ ਤੇ ਸਨਮਾਨ ਪੱਤਰ ਪ੍ਰਾਪਤ ਕਰ ਕੇ ਆਪਣੇ ਸਕੂਲ ਦਾ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰਦਾ ਆ ਰਿਹਾ ਹੈ। ਛੋਟੀ ਉਮਰੇ ਲੰਮੀਆਂ ਪੁਲਾਘਾਂ ਪੁੱਟਣ ਵਾਲੇ ਅਰਸਦੀਪ ਨੇ ਅਦਾਕਾਰੀ ਦਾ ਸ਼ੌਕ ਰੱਖਦੇ ਹੋਏ ਨਾਟਕ, 'ਕਫਨ', 'ਕਹਾਣੀ ਇੱਕ ਪਿੰਡ ਦੀ', ਦੇਸੀ, 'ਮਿੱਟੀ ਰੁਦਨ ਕਰੇ' ਆਦਿ ਵਿੱਚ ਬਹੁਤ ਵਧੀਆ ਰੋਲ ਕੀਤੇ ਜੋ ਕਿ ਬਹੁਤ ਹੀ ਸਲਾਹੁਣਯੋਗ ਰਹੇ। ਅਰਸਦੀਪ ਕਹਾਣੀ ਮੁਕਾਬਲੇ ਵਿਚ ਵੀ ਪਿੱਛੇ ਨਹੀਂ ਰਹਿੰਦਾ, ਸਗੋਂ ਹਰੇਕ ਮੁਕਾਬਲਿਆਂ ਵਿੱਚ ਸ਼ਿਰਕਤ ਕਰਕੇ ਪਹਿਲਾ ਸਥਾਨ ਪ੍ਰਾਪਤ ਕਰਦਾ ਹੈ। ਗਾਇਕੀ ਖੇਤਰ ਵਿਚ ਉਸ ਦੀ ਸੁਰੀਲੀ ਆਵਾਜ਼ ਸਰੋਤਿਆਂ ਨੂੰ ਮੱਲੋ-ਮੱਲੀ ਕੀਲ ਕੇ ਰੱਖ ਦਿੰਦੀ ਹੈ। ਉਸ ਦੀਆਂ ਕਲਾਵਾਂ ਦੀ ਇੱਥੇ ਹੀ ਬਸ ਨਹੀ, ਉਸ ਨੇ ਕਵਿਤਾ ਲਿਖਣ ਦਾ ਸ਼ੌਕ ਵੀ ਪਾਲ ਰੱਖਿਆ ਹੈ। ਅਰਸ਼ਪ੍ਰੀਤ ਦੀਆਂ ਕਵਿਤਾਵਾਂ, 'ਪਾਣੀ ਇੱਕ ਅਣਮੁੱਲੀ ਦਾਤ' ਤੇ 'ਅੱਜ ਦਾ ਪੰਜਾਬ' ਅਜੋਕੇ ਸਮੇਂ ਦੀ ਸਥਿਤੀ ਨੂੰ ਵਰਨਣ ਕਰਦੀਆਂ ਹਨ। ਇਹ ਕਹਿ ਸਕਦੇ ਹਾਂ ਕਿ ਏਨੀ ਛੋਟੀ ਉਮਰੇ, ਸਮਾਜ ਦੀ ਸਥਿਤੀ, ਇਸ ਦੇ ਮਨ ਤੇ ਏਨੀ ਡੂੰਘੀ ਛਾਪ ਛੱਡ ਜਾਂਦੀ ਹੈ ਕਿ ਉਹ, ਉਸ ਨੂੰ ਕਲਮਬੱਧ ਕਰ ਲੈਂਦਾ ਹੈ। ਮੈਨੂੰ ਇਹ ਲਿਖਣਚ ਫਖਰ ਮਹਿਸੂਸ ਹੁੰਦਾ ਹੈ ਕਿ ਅਰਸ਼ਪ੍ਰੀਤ, ਧਾਰਮਿਕ ਸਮਾਗਮਾਂ ਤੇ ਗੁਰਬਾਣੀ ਕੰਠ ਮੁਕਾਬਲਿਆਂ ਵਿੱਚ ਵੀ ਅੱਵਲ ਰਹਿ ਕੇ ਸਨਮਾਨ ਪੱਤਰ ਤੇ ਇਨਾਮ ਪ੍ਰਾਪਤ ਕਰਦਾ ਹੈ। ਜਿਕਰਯੋਗ ਹੈ ਕਿ 'ਕੌਣ ਬਣੇਗਾ ਪਿਆਰੇ ਦਾ ਪਿਆਰਾ' ਧਾਰਮਿਕ ਮੁਕਾਬਲਾ ਜੋ ਗੁਰੂਦੁਆਰਾ ਦੁੱਖ ਨਿਵਾਰਣ ਸਾਹਿਬ, ਰਣਜੀਤ ਨਗਰ ਖਰੜ ਵਿੱਚ ਕਰਵਾਇਆ ਗਿਆ, ਉਸ ਵਿੱਚੋਂ ਵੀ ਪਹਿਲਾਂ ਸਥਾਨ ਪ੍ਰਾਪਤ ਕੀਤਾ ਹੈ ਉਸ ਨੇ । ਇੱਥੇ ਹੀ ਨੈਸ਼ਨਲ ਲੈਵਲ ਦੇ ਪ੍ਰੋਗਰਾਮ ਵਿੱਚ ਵੀ ਭਾਗ ਲੈ ਕੇ ਉਸ ਨੇ ਵਧੀਆ ਪੁਜੀਸ਼ਨ ਹਾਸਿਲ ਕੀਤੀ । ਇੰਨਾਂ ਹੀ ਨਹੀਂ ਸਗੋਂ ਅਰਸ਼ਪ੍ਰੀਤ ਨੇ ਬਹੁਤ ਸਾਰੇ ਟੀ. ਵੀ. ਵਿਗਿਆਪਨਾਂ ਵਿੱਚ ਵੀ ਰੋਲ ਅਦਾ ਕੀਤਾ ਹੈ। ਜਿਵੇਂ ਕਿ 'ਪ੍ਰਧਾਨ ਮੰਤਰੀ ਯੂਰੀਆ ਪੋਲਿਸੀ' ਅਤੇ 'ਬਰਾਂਡ ਬੈਡ ਨੈੱਟ ਪਲਸ' ਵਿੱਚ। ਬਹੁਤ ਹੀ ਸ਼ਾਤਮਈ ਤੇ ਸਮਝਦਾਰੀ ਨਾਲ ਆਪਣੇ ਹਰ ਤਰ੍ਹਾਂ ਦੇ ਰੋਲ ਨੂੰ ਬਾਖ਼ੂਬੀ ਨਿਭਾ ਲੈਂਣ ਵਾਲਾ ਅਰਸ਼ਪ੍ਰੀਤ, ਪਿਤਾ ਗੁਰਪ੍ਰੀਤ ਧਾਲੀਵਾਲ ਉੱਘੇ ਅਦਾਕਾਰ ਦੀ ਅਗਵਾਈ ਅਤੇ ਪ੍ਰੇਣਾ ਸਦਕਾ ਜਿੱਥੇ 'ਪਿੰਡ', 'ੳ ਅ ੲ', 'ਕਾਲਾ ਸ਼ਾਹ ਕਾਲਾ', 'ਫਰੂਟੀ ਗੈਂਗ' ਤੇ ਦੰਗਲ ਆਦਿ ਫਿਲਮਾਂ ਵਿੱਚ ਬਹੁਤ ਵਧੀਆ ਕਿਰਦਾਰ ਕਰ ਚੁੱਕਾ ਹੈ, ਉਥੇ ਕਈ ਫਿਲਮਾਂ ਵਿੱਚ ਆਪਣੀ ਸੁਰੀਲੀ ਆਵਾਜ਼ ਵੀ ਦਿੱਤੀ ਹੈ, ਉਸ ਨੇ । ਆਉਣ ਵਾਲੀਆਂ ਬਹੁਤ ਸਾਰੀਆਂ ਫਿਲਮਾਂ ਵਿੱਚ ਵੀ ਜਲਦੀ ਹੀ ਦੇਖਣ ਨੂੰ ਮਿਲੇਗਾ ਅਰਸ਼ਪੀਤ ਧਾਲੀਵਾਲ। ਸ਼ਾਲਾ ! ਅਜੋਕੇ ਸਮੇਂ ਦੇ ਭੱਖਦੇ ਹੋਏ ਮੁੱਦਿਆਂ ਨੂੰ ਲਿਖਣ ਦਾ ਯਤਨ ਕਰਦੀ ਅਰਸ਼ਪ੍ਰੀਤ ਧਾਲੀਵਾਲ ਦੀ ਕਲਮ ਅਤੇ ਉਸ ਦੀ ਅਦਾਕਾਰੀ ਨੂੰ ਵਾਹਿਗੁਰੂ ਬਰਕਰਾਰ ਰੱਖੇ ਤਾਂ ਕਿ ਉਹ ਆਪਣੀ ਨਰੋਈ ਤੇ ਉਸਾਰੂ ਕਲਮ ਅਤੇ ਅਦਾਕਾਰੀ ਦੁਆਰਾ ਸਾਹਿਤ, ਸੱਭਿਆਚਾਰ ਤੇ ਸਮਾਜ ਨੂੰ ਨਵੀਂ ਰੌਸ਼ਨੀ ਦਿੰਦਾ ਇੱਕ ਤੋਂ ਬਾਅਦ ਇੱਕ ਸਫ਼ਲ ਪੁਲਾਂਘ ਪੁੱਟਦਾ ਠਾਠਾਂ ਮਾਰਦੇ ਦਰਿਆ ਵਾਂਗ, ਨਿਰੰਤਰ ਆਪਣੇ ਵੇਗ ਨੂੰ ਨਿਰਵਿਘਨ ਚੱਲਦਾ ਰੱਖੇ। ਮੇਰੀਆਂ ਢੇਰ ਸਾਰੀਆਂ ਦੁਆਵਾਂ, ਸ਼ੁੱਭ ਇੱਛਾਵਾਂ ਦੇ ਨਾਲ ਆਸ਼ੀਰਵਾਦ ਹੈ ਇਸ ਨੰਨੇ-ਮੁੰਨੇ ਬਾਲ ਕਲਾਕਾਰ ਲਈ !



**ਸੰਪਰਕ : ਅਰਸ਼ਪ੍ਰੀਤ ਧਾਲੀਵਾਲ, ਰਣਜੀਤ ਨਗਰ, ਖਰੜ।** (98151-22196)

# ਪੰਜਾਬੀ ਸਾਹਿਤ ਸਭਾ ਦੇ ਸੀਨੀਅਰ ਅਤੇ ਪ੍ਰੌੜ੍ਹ ਕਵੀ- ਕੁਲਵੰਤ ਸਿੰਘ



**ਇੰਜੀਨੀਅਰ ਸਤਨਾਮ ਸਿੰਘ ਮੱਟੂ**
91-97797-08257

ਲੰਬੀ ਉਮਰ ਜਿਊਣ ਦਾ ਸਬੱਬ ਅਤੇ ਸਿਹਤਯਾਬੀ ਕੁਦਰਤ ਤੋਂ ਕਿਸੇ ਵਿਰਲੇ ਦੇ ਹਿੱਸੇ ਆਉਂਦੀ ਹੈ।ਉਹ ਆਪਣੇ ਪਰਿਵਾਰ ਚ ਫੁੱਲਾਂ ਵਰਗੀ ਖੁਸ਼ਬੋਅ ਤਾਂ ਵੰਡਦੇ ਹੀ ਹਨ, ਪਰ ਜੇਕਰ ਉਹਨਾਂ ਅੰਦਰ ਕਵੀ ਦਿਲ ਧੜਕਦਾ ਹੋਵੇ ਤਾਂ ਸਾਹਤਿਕ ਹਲਕਿਆਂ ਲਈ ਇਹ ਹੋਰ ਵੀ ਸੋਨੇ ਤੇ ਸੁਹਾਗੇ ਵਾਲੀ ਗੱਲ ਹੋ ਨਿੱਬੜਦੀ ਹੈ। ਇਸ ਸਾਹਿਤਕਾਰ ਨੂੰ ਜੇਕਰ ਪੰਜਾਬੀ ਸਭਾ ਪਟਿਆਲਾ ਦਾ ਬਾਬਾ ਬੋਹੜ੍ਹ ਕਹਿ ਲਿਆ ਜਾਵੇ ਤਾਂ ਸ਼ਾਇਦ ਕੋਈ ਅਤਿਕਥਨੀ ਨਹੀਂ ਹੋਵੇਗੀ।ਉਸ ਮਹਾਨ ਸਤਿਕਾਰਤ ਅਤੇ ਸਾਹਿਤਕ ਹਸਤੀ ਨੂੰ ਸਾਰੇ ਪਿਆਰ ਨਾਲ ਬਾਪੂ ਕੁਲਵੰਤ ਸਿੰਘ ਕਹਿੰਦੇ ਹਨ।ਦੇਸ਼ ਦੇ ਅਣਵੰਡੇ ਪੰਜਾਬ ਦੇ ਚੱਕ ਨੰਬਰ 463, ਤਹਿਸੀਲ ਸਮੁੰਦਰੀ, ਜਿਲ੍ਹਾ ਲਾਇਲਪੁਰ ਫੈਸਲਬਾਦ (ਪਾਕਿਸਤਾਨ) ਵਿੱਚ 1 ਜਨਵਰੀ 1926 ਨੂੰ ਪਿਤਾ ਸ੍ਰ.ਭਗਤ ਸਿੰਘ ਅਤੇ ਮਾਤਾ ਸ੍ਰੀਮਤੀ ਵੀਰਾਂਵਾਲੀ ਦੇ ਘਰ ਜਨਮੇ ਕੁਲਵੰਤ ਸਿੰਘ ਗਰੈਜੂਏਸ਼ਨ ਅਤੇ ਗਿਆਨੀ ਪਾਸ ਕੀਤੀ ਹੋਈ ਹੈ।

ਆਪਣੇ ਜੀਵਨ ਦੀਆਂ 94 ਕੁ ਪੱਤਝੜ੍ਹਾਂ ਅਤੇ ਹੁਸੀਨ ਬਹਾਰਾਂ ਦਾ ਆਨੰਦ ਮਾਣ ਚੁੱਕੇ ਕੁਲਵੰਤ ਸਿੰਘ ਨੂੰ ਪੜਦਿਆਂ ਪਤਾ ਹੀ ਨਹੀਂ ਲੱਗਾ ਕਦੋਂ ਮਨ ਅੰਦਰ ਉੱਠਦੇ ਵਿਚਾਰਾਂ ਦੇ ਤੂਫਾਨੀ ਸ਼ਬਦਾਂ ਕਵਿਤਾ ਦੇ ਰੂਪ ਚ ਕਾਗਜ ਦੀ ਹਿੱਕ ਤੇ ਝਰੀਟ ਦਿੱਤਾ। ਸਾਥੀਆਂ ਦੀ ਹੱਲਾਸ਼ੇਰੀ ਅਤੇ ਸਹਿਯੋਗ ਨੇ ਮੁਸੱਲਸਲ ਲਿਖਣ ਲਈ ਉਤਸ਼ਾਹਿਤ ਕੀਤਾ। 1947 ਦੇ ਵੰਡ ਦਾ ਦੁਖਾਂਤ ਉਹਨਾਂ ਤਨ ਤੇ ਹੰਢਾਇਆ ਹੈ। ਅਜਿਹੀ ਕਲਮ ਚੁੱਕੀ ਕਵਿਤਾਵਾਂ ਦੇ ਇੱਕ ਨਹੀਂ, ਦੋ ਨਹੀ ਪੰਜ ਕਾਵਿ ਸੰਗ੍ਰਹਿ 1. ਸਤਿ ਕੁਸਤਿ, 2.ਪੱਟੀ ਜੀਵਨ ਜੁਗਤ ਦੀ, 3. ਪੈਂਡੇ ਅਗਮ ਅਗੋਚਰ, 4. ਕਾਇਆ ਕਪੜ ਅਤੇ 5. ਚੁੱਪ ਦਾ ਰੌਲਾ ਆਦਿ ਪੰਜਾਬੀ ਸਾਹਿਤ ਦੀ ਝੋਲੀ ਪਾਏ।ਉਹਨਾਂ ਦੀਆਂ ਕਵਿਤਾਵਾਂ 'ਚ ਉਰਦੂ ਦਾ ਪ੍ਰਭਾਵ ਸਪੱਸ਼ਟ ਨਜ਼ਰ ਆਉਂਦਾ ਹੈ।ਉਹਨਾਂ ਉਰਦੂ ਦੀ ਤਾਲੀਮ ਵੀ ਹਾਸਲ ਕੀਤੀ ਹੋਈ ਹੈ।ਉਹਨਾਂ ਦੀਆਂ ਕਵਿਤਾਵਾਂ 'ਚੋਂ ਵਿਛੋੜੇ ਦਾ ਦਰਦ,ਦੁੱਖਾਂ ਦੀ ਕੁਰਲਾਹਟ, ਯਾਦਾਂ ਦੀ ਖੁਸ਼ਬੋ, ਸਾਹਿਤਕ,ਸਮਾਜਿਕ ਪਰਿਵਾਰਕ ਨਸੀਹਤਾਂ ਆਦਿ ਝਲਕਾਰਾ ਪੈਂਦਾ ਹੈ।



"ਭੁੱਲੀਆਂ ਯਾਦਾਂ ਵਿਸਰੇ
ਕਿੱਸੇ ਸੀਨੇ ਵਿਚ ਅੜੇ ਫਟੇ ਪੁਰਾਣੇ
ਲੀੜੇ ਜੀਕਣ ਝਿੰਗਾਂ ਵਿੱਚ ਅੜੇ,
ਮੇਰਾ ਵੱਢਿਆ ਰੁੱਖ ਮੇਰੇ ਸੰਗ
ਮੜੀਆਂ ਵਿਚ ਸੜੇ, ਜਦ ਫਲ ਪੱਕੇ
ਟਾਹਣੀ ਨਾਲੋਂ ਆਪਣੇ ਆਪ ਝੜੇ।"

ਅਤੇ "ਭਾਵੇਂ ਕੁਝ ਵੀ ਨਹੀਂ ਪੱਲੇ ਫਿਰ ਵੀ ਫੁੱਲ ਤਾਂ ਹੈ ਰੁੰਡ ਮੁੰਡ ਰੁੱਖ ਦੀ ਥੋੜ੍ਹੀ ਜਿਨੀ ਛਾਇਆ ਹੈ ਬਾਸੀ ਜੂਠਾ ਬਚਿਆ ਹੋਇਆ ਟੁੱਕਰ ਹੈ ਭੁੱਖੇ ਲਈ ਛੱਤੀ ਪ੍ਰਕਾਰੀ ਮਾਇਆ ਹੈ" ਇੱਕ ਹੋਰ ਗਜ਼ਲ ਦਾ ਸ਼ੇਅਰ "ਨ੍ਹੇਰਾ ਸਾਰੇ ਪਸਰਿਐ, ਹੋ ਰਿਹੈ ਜੀਵਨ ਬੇਹਾਲ-ਦੀਵਾ ਬਾਲ ਨ੍ਹੇਰਾ ਕਾਲਾ ਸ਼ਾਹ-ਬਦੀਆਂ ਲਈ ਪਨਾਹ ਹੈ" ਅੱਜਕਲ੍ਹ ਪਰਿਵਾਰ ਸਮੇਤ ਸਾਹਿਤਕਾਰਾਂ ਦੇ ਸ਼ਹਿਰ ਪਟਿਆਲਾ 'ਚ ਵਸਦੇ ਕੁਲਵੰਤ ਸਿੰਘ ਨੂੰ ਹੋਰਨਾਂ ਸੰਸਥਾਵਾਂ ਤੋਂ ਇਲਾਵਾ ਪੰਜਾਬੀ ਸਾਹਿਤ ਸਭਾ ਪਟਿਆਲਾ ਨੇ 2013 ਚ ਵਿਸ਼ੇਸ਼ ਤੌਰ ਤੇ "ਰਾਜਿੰਦਰ ਕੌਰ ਵੰਤਾ ਯਾਦਗਾਰੀ ਪੁਰਸਕਾਰ" ਨਾਲ ਸਨਮਾਨਿਤ ਕੀਤਾ ਹੈ। ਪੰਜਾਬੀ ਸਾਹਿਤ ਦਾ ਇਹ ਕਾਵਿ ਵਗਦਾ ਦਰਿਆ ਨਿਰੰਤਰ ਜਾਰੀ ਹੈ। ਸਾਡੀਆਂ ਸ਼ੁਭ ਇਛਾਵਾਂ ਉਹਨਾਂ ਨਾਲ ਹਨ।




# Buying or Selling any Business? Call Now 916-271-5404

ਕੀ ਤੁਸੀਂ ਸੈਕਰਾਮੈਂਟੋ / ਬੇ-ਏਰੀਆ ਵਿਚ ਘਰ ਜਾਂ ਵਪਾਰਕ ਸੰਪਤੀ ਖਰੀਦਣ ਜਾਂ ਵੇਚਣ ਦੇ ਚਾਹਵਾਨ ਹੋ ਤਾਂ ਅੱਜ ਹੀ ਕਾਲ ਕਰੋ 916-271-5404




Indian Restaurant
For Sale In Stockton
All Equipment & Fixtures Included
Listing Price: $149,900




2 Bedroom, 2 Bathroom
Sqft: 1280*, Lot Size: 3920*
Listing Price: $295,000
Sacramento, CA




Smoke Shop for Sale in Sacramento
Monthly Gross Sales: $50K
Listing Price: $89,000




Gas Station, Liquor Store,
Deli, & Laundromat!
In Contra Costa County, CA
Listing Price: $1,200,000




Auto Repair & Lube Shop
Lot Size: 2000, Rent is ONLY $1500/mo.
Listing Price to $139,000
Sacramento, CA




Liquor Store for Sale in Santa Clara
Monthly Gross Sale: $90K
Listing Price: $649,000 plus Inventory




3 Bedroom, 3 Bathroom
Sqft: 1567*, Lot Size: 2448*
Listing Price: $325,000
Sacramento, CA




5 Bedroom, 4 Bathroom
Sqft: 3006, Lot Size: 8276*
Listing Price: $599,000
Sacramento, CA




Subway
for Sale in Sacramento
Listing Price: $224,900




Indian Restaurant
for Sale in Sacramento
Listing Price: $149,000




Liquor Store for Sale in Sacramento
Monthly Gross Sale: 80K
Down Payment: 350K (Seller will carry Rest)
Listing Price: $499,000 plus Inventory




Coffee Shop for Sale
Monthly Gross Sales: $25,000
Listing Price: $150,000




4 Bedroom, 3 Bathroom
Sqft: 2476*, Lot Size: 6617*
Listing Price: $549,900 Elk Grove, CA




5 Bedroom, 4 Bathroom
Sqft: 2725*, Lot Size: 5249*
Listing Price: $489,000 Elk Grove, CA




3 Bedroom, 2 Bathroom
Sqft: 1675*, Lot Size: 4792*
Listing Price: $398,000 Sacramento, CA




BERKSHIRE HATHAWAY
Home Services
Elite Real Estate

# OFFICE: 7412 ELSIE AVE., SACRAMENTO, CA 95828


ਘਰ ਅਤੇ ਦਫਤਰ ਨੂੰ ਫਰਨੀਚਰ ਨਾਲ ਸਜਾਉਣਾ ਹੋਇਆ ਹੁਣ ਹੋਰ ਸਸਤਾ
Todo disponible
Compre Hoy y Recoja el mismo dia
GRANDES ESPECIALES
TODO EL VERANO
SI MENCIONA ESTE ANUNCIO
Liquidation Outlet
www.thebargainoutlet.com
NO CREDIT CHECK
Mayoreo y Menudeo
LLEVATELO CON $40 DE ENGANCHE
Stockton 209-467-8650 Modesto 209-581-9606
Room Dividers - Black and Natural Wood $49.99
LIMITED TIME OFFER
5PC RECLINER SET 999.99 TAX
W/3PC COFFEE AND END TABLS 2LAMPS AND A RUG
Queen Bed Mattress Included $399.99
Liquidation Collection
FREE RUG!
QUEEN BED HEADBOARD - RAILS & FOOTBOARD 1 NIGHT STAND DRESSER - MIRROR
$599.99+tax
4pc Sectional FREE RUG! IN STOCK! $519.99+tax
5pc Pub Set Table - 4 Chairs $239.99
Heavy Duty with 2 Leaves
7pc Dining Set Table-6 Chairs $689.99+tax
Wood Kids Twin Full Bunk Bed Under Storage / Mattresses Included $559.99
Limited Time Special Order!
Large Futon - Heavy Duty $189.99+tax
IN STOCK!
Cherry Queen or Full Bed Night-Stand Dresser Mirror $499.99
IN STOCK!
FREE RUG!
7pc Dinette Set Table - 6 Chairs $529.99+tax
ALWAYS IN STOCK & the LOWEST PRICES!
DINING ROOM SET
SUPER SPECIAL Package Deal
www.TheBargainOutlet.com
$1199.99+tax
Pub Table 4 Chairs and Bench $429.99+TAX
IN STOCK!
DOUBLE FLIP PILLOW TOP
Box and Mattress
TWIN $169.99 QUEEN $249.99
FULL $209.99 KING $309.99
TAPETE GRATIS
CON VALOR DE $60
EN CUALQUIER COMPRA DE $500 O MAS
TAPETE DE 5X8
Stoves Starting at $199.99
Free Coat-Rack
Refrigerators Starting at $199.99
ESPECIAL DE LAS LAVADORAS
Washers & Dryers Starting at $399.99
IN STOCK!
WE MEET OR BEAT ANY PRICES
Twin Bunkie $65.99+tax
Twin box and Mattress $109.99+tax
Full box and Mattress $139.99+tax
Queen box and Mattress $169.99+tax
King box and Mattress $229.99+tax
IN STOCK!
SUPER Mattress SALE
3pc Coffee Table Set
5pc MINI SECTIONAL W/3PC GLASS Set $449.99
2301 Fairview Dr # A, Ceres, CA 95307 • 528 E. Weber Ave. Stockton CA 95202
Ceres (209)581-9606 Stockton (209) 467-8650